'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ. ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 22 ਪੁਸਤਕ ਲੜੀ : 89 ਅਕਤੂਬਰ-ਦਸੰਬਰ, 2022

**ਬਾਨੀ ਸੰਪਾਦਕ: ਡਾ. ਰਜਨੀਸ਼ ਬਹਾਦਰ ਸਿੰਘ**
**ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ**
124, CHHOTI BARADARI-II
Jalandhar-144001
Mob: 98722-44885
pravachanpunjabi@gmail.com
www.pravachan. org
**ਸੰਪਾਦਕ: ਡਾ. ਰਮਿੰਦਰ ਕੌਰ**
Mob: 94172-75147
**ਸਲਾਹਕਾਰ ਬੋਰਡ**
ਡਾ. ਰਵੀ ਰਵਿੰਦਰ (ਦਿੱਲੀ ਯੂਨੀਵਰਸਿਟੀ)
ਡਾ. ਜਸਵਿੰਦਰ ਸਿੰਘ (ਪਟਿਆਲਾ)
ਡਾ. ਮਹਿਲ ਸਿੰਘ (ਅੰਮ੍ਰਿਤਸਰ)
ਡਾ. ਜਨਮੀਤ, ਡਾ. ਜਸ ਮੰਡ
ਸੁਕੀਰਤ
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)
ਡਾ. ਪਰਮਜੀਤ ਕੌਰ ਸਿੱਧੂ (ਕੁਰੂਕਸ਼ੇਤਰ ਯੂਨੀਵਰਸਿਟੀ)
ਸੰਤੋਖ ਧਾਲੀਵਾਲ (ਯੂ. ਕੇ.)
ਬਲਬੀਰ ਪਰਵਾਨਾ
ਰਾਹੁਲ ਸਿੰਘ

**ਸਰਵਰਕ: ਜਸ ਮੰਡ**

**ਚੰਦਿਆਂ ਦਾ ਵੇਰਵਾ:**

| | |
|---|---|
| India | Rs. 75 Per Issue |
| | Rs.1500 Per 5 Years |
| U.K. | £20 Per Year |
| | £100 Per 5 Years |
| U.S.A./ | $40 Per Year |
| | $160 Per 5 Years. |
| Canada | $40 Per Year |
| | $200 Per 5 Years. |

## ਅੰਦਰ ਪੜ੍ਹੋ


- ਪੰਜਾਬੀ ਸਾਹਿਤ ਤੇ ਪ੍ਰਗਤੀਵਾਦੀ ਚਿੰਤਨ: ਪੁਨਰ ਮੁਲਾਂਕਣ ਦਾ ਮਸਲਾ -ਕੁਲਵੰਤ ਸਿੰਘ ਸੰਧੂ/2
- ਕਵਿਤਾਵਾਂ: ਮਨੋਜ ਸ਼ਰਮਾ, ਕੁਲਵਿੰਦਰ ਚਾਵਲਾ, ਡਾ. ਨਿਰੰਜਨ, ਜਸਪਾਲ ਘਈ, ਵਾਹਿਦ ਸੁਨਾਮ/4
- ਕਹਾਣੀ-ਕਲਬੂਤ/ਪ੍ਰੇਮ ਮਾਨ/24
- ਕਹਾਣੀ-ਸ਼ਾਮ ਸਿੰਘ ਦੀ ਰਾਤ -ਕੁਲਜੀਤ ਮਾਨ/51
- ਕਈ ਰੰਗਾਂ ਵਿੱਚ ਰੰਗਿਆ ਚਾਚਾ ਜਗੀਰਾ -ਅਵਤਾਰ ਸਿੰਘ ਬਿਲਿੰਗ/63
- ਮਨਮੋਹਨ ਬਾਵਾ ਦੀ ਸਵੈ ਜੀਵਨੀ -ਸੁਕੀਰਤ/69
- ਸਾਹਿਤ ਪਰਖ ਤੇ ਲੇਖਕ ਦੀ ਭੂਮਿਕਾ: ਇਕ ਵਿਸ਼ਲੇਸ਼ਣ/ਡਾ. ਸਰਬਜੀਤ ਕੌਰ/77
- ਨਾਰੀ ਵੇਦਨਾ, ਸੰਵੇਦਨਾ ਅਤੇ ਚੇਤਨਾ ਦੀਆਂ ਕਹਾਣੀ-ਸੀਤੇ ਬੁੱਲ੍ਹਾਂ ਦਾ ਸੁਨੇਹਾ -ਗੁਰਵਿੰਦਰ ਸਿੰਘ/86
- ਈ ਲੋਕ ਧਾਰਾ: ਸੁਹਾਗ ਲੋਕ ਗੀਤ -ਡ;. ਗੀਨਾ ਕੁਮਾਰੀ, ਮਿਸ ਸੀਮਾ ਕੁਮਾਰੀ/95
- ਮੇਰੇ ਪੁਸਤਕ ਰਖਨੇ ਤੋਂ: ਮਹਾਰਾਜੇ ਦਾ ਜਾਣਕਾਰੀ ਗੜ੍ਹੱਚ ਸਫਰਨਾਮਾ/ਜਸ ਮੰਡ/99
- ਸਮਕਾਲੀ ਸਾਹਿਤ ਨੂੰ ਵਾਚਦਿਆਂ -ਕੁਲਵੰਤ ਸਿੰਘ ਸੰਧੂ/104
- ਪਾਠਕ ਪ੍ਰਤੀਕਿਰਿਆ/108



- ☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
- ☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ KULWANT SINGH ਦੇ ਨਾਂ ਭੇਜੇ ਜਾਣ।
- ☛ ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
- ☛ ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

# ਪੰਜਾਬੀ ਸਾਹਿਤ ਤੇ ਪ੍ਰਗਤੀਵਾਦੀ ਚਿੰਤਨ: ਪੁਨਰ ਮੁਲਾਂਕਣ ਦਾ ਮਸਲਾ

ਪੰਜਾਬੀ ਸਾਹਿਤ ਅਧਿਐਨ ਦੀ ਸਭ ਤੋਂ ਪ੍ਰਚਲਿਤ ਅਤੇ ਮਹੱਤਵਪੂਰਨ ਵਿਧੀ ਦਾ ਸੰਬੰਧ ਪ੍ਰਗਤੀਵਾਦ ਨਾਲ ਹੈ। ਪੰਜਾਬੀ ਵਿਚ ਐਮ.ਏ. ਦੀ ਪੜ੍ਹਾਈ 1949-50 ਵਿਚ ਸ਼ੁਰੂ ਹੋਣ ਨਾਲ ਅਕਾਦਮਿਕ ਜ਼ਰੂਰਤਾਂ ਦੀ ਪੂਰਤੀ ਦਾ ਮਸਲਾ ਵੀ ਸਾਹਮਣੇ ਆਉਂਦਾ ਹੈ। ਇਸ ਸਮੇਂ ਪ੍ਰਗਤੀਵਾਦ ਲਹਿਰ ਆਪਣੇ ਸਿਖਰ 'ਤੇ ਸੀ ਤੇ ਅਧਿਆਪਨ ਦੀਆਂ ਜ਼ਰੂਰਤਾਂ ਦੀ ਪੂਰਤੀ ਦਾ ਮਸਲਾ ਹੱਲ ਕਰਨ ਦੀ ਜ਼ਿੰਮੇਵਾਰੀ ਵੀ ਸੁਭਾਵਿਕ ਹੀ ਪ੍ਰਗਤੀਵਾਦੀ ਚਿੰਤਕਾਂ ਨੂੰ ਹੀ ਨਿਭਾਉਣੀ ਪੈਣੀ ਸੀ ਤੇ ਉਨ੍ਹਾਂ ਨੇ ਨਿਭਾਈ ਵੀ। ਬਾਅਦ ਵਿਚ ਹੋਰ ਅਧਿਐਨ ਵਿਧੀਆਂ ਵੀ ਸਾਹਮਣੇ ਆਉਂਦੀਆਂ ਰਹੀਆਂ, ਪਰ ਉਹ ਸਿਰਫ਼ ਵਕਤੀ ਤੌਰ 'ਤੇ ਹੀ ਆਪਣਾ ਪ੍ਰਭਾਵ ਛੱਡ ਸਕੀਆਂ ਤੇ ਲੰਮਾ ਸਮਾਂ ਅਧਿਆਪਨ ਦੇ ਖੇਤਰ ਵਿਚ ਆਪਣੀ ਪਕੜ ਨਾ ਬਣਾ ਸਕੀਆਂ। ਇਹ ਵਿਧੀਆਂ ਕੁਝ ਇਕ ਸਾਹਿਤਕ ਵਿਧਾਵਾਂ ਦੀਆਂ ਗਿਣਵੀਆਂ-ਚੁਣਵੀਆਂ ਰਚਨਾਵਾਂ ਦੇ ਅਧਿਐਨ ਤੱਕ ਹੀ ਸੀਮਤ ਰਹੀਆਂ ਤੇ ਸਮੁੱਚੀ ਸਾਹਿਤਕ ਪਰੰਪਰਾ ਨੂੰ ਸਮਝ ਕੇ ਉਸ ਦੇ ਆਰਥਿਕ-ਸਮਾਜਕ ਤੇ ਰਾਜਨੀਤਕ ਸਰੋਕਾਰਾਂ ਨੂੰ ਉਜਾਗਰ ਕਰ ਸਕਣਾ, ਇਨ੍ਹਾਂ ਦੇ ਅਧਿਐਨ ਦੀ ਵਸਤੂ ਨਾ ਬਣ ਸਕਿਆ, ਜਦਕਿ ਪ੍ਰਗਤੀਵਾਦੀ ਮਾਰਕਸਵਾਦੀ ਸਾਹਿਤ ਦਾ ਅਧਿਐਨ ਸਮੁੱਚੇ ਵਰਤਾਰਿਆਂ ਨਾਲ ਜੋੜ ਕੇ ਕਰਨ 'ਤੇ ਜ਼ੋਰ ਦੇਂਦੇ ਹਨ। ਇਸ ਕਰਕੇ ਕਿਸੇ ਸਾਹਿਤਕ ਪਰੰਪਰਾ ਵਿਧਾ ਜਾਂ ਪਾਠ ਨੂੰ ਅਚਨਚੇਤ ਵਾਪਰਿਆ ਵਰਤਾਰਾ ਸਮਝ ਕੇ ਅਧਿਐਨ ਕਰਨ ਦੀ ਥਾਂ ਉਸ ਦੇ ਹੋਂਦ ਵਿਚ ਆਉਣ ਜਾਂ ਬਿਨਸ ਜਾਣ ਦੇ ਕਾਰਣਾਂ ਦੀ ਨਿਸ਼ਾਨਦੇਹੀ ਕਰ ਸਕਣੀ ਵੀ ਇਸ ਦੀ ਪ੍ਰਾਪਤੀ ਸੀ, ਜਿਸ ਨਾਲ ਪਾਠਕ ਦੀ ਸਮੁੱਚੀ ਸੂਝ/ਨੀਝ ਨਿੱਖਰਦੀ ਸੀ। ਪੰਜਾਬੀ ਸਾਹਿਤ ਅਧਿਐਨ ਦੇ ਖੇਤਰ ਵਿਚ ਹੁਣ ਤਕ ਇਸ ਚਿੰਤਨਧਾਰਾ ਦਾ ਬੋਲਬਾਲਾ ਕਾਇਮ ਰਿਹਾ ਹੈ ਤੇ ਇਸਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਵੀ ਹੁੰਦਾ ਰਿਹਾ ਹੈ, ਕਿਉਂਕਿ ਇਸਦਾ ਖੇਤਰ ਸਿਰਫ਼ ਸਾਹਿਤ ਜਾਂ ਕਲਾਵਾਂ ਦੇ ਅਧਿਐਨ ਤਕ ਸੀਮਤ ਨਹੀਂ, ਸਗੋਂ ਇਸ ਤੋਂ ਬਾਹਰ ਵੀ ਸਮਾਜਕ ਵਰਤਾਰਿਆਂ ਨੂੰ ਸਮਝਣ ਤੇ ਇਸ ਨੂੰ ਹੋਰ ਬੇਹਤਰ ਬਣਾਉਣ ਤੱਕ ਫੈਲਿਆ ਹੋਇਆ ਹੈ।

ਪਰ ਅੱਜ ਜਦੋਂ ਅਸੀਂ ਸਮੁੱਚੀ ਸਾਹਿਤ ਚਿੰਤਨ ਪਰੰਪਰਾ ਨੂੰ ਪੰਜਾਬੀ ਸਾਹਿਤ ਅਧਿਐਨ ਦੇ ਪ੍ਰਸੰਗ ਵਿਚ ਵੇਖਦੇ ਹਾਂ ਤਾਂ ਜੋ ਚਿੰਤਨ ਸਾਡੇ ਸਾਹਮਣੇ ਆਉਂਦਾ ਹੈ ਉਹ ਇਸ ਵਿਚਾਰਧਾਰਾ ਦੇ ਕੱਦ-ਬੁੱਤ ਦੇ ਮੁਕਾਬਲੇ ਬਹੁਤ ਘੱਟ ਪ੍ਰਾਪਤੀਆਂ ਵਾਲਾ ਤੇ ਊਣਤਾਈਆਂ ਭਰਪੂਰ ਹੈ ਤੇ ਪੰਜਾਬੀ ਚਿੰਤਕਾਂ ਦੀਆਂ ਸੀਮਾਵਾਂ ਵੀ ਸਾਡੇ ਸਾਹਮਣੇ ਉਜਾਗਰ ਤੋਂ ਜਾਂਦੀਆਂ ਹਨ। ਜਦੋਂ 1935-36 ਪ੍ਰਗਤੀਵਾਦੀ ਲਹਿਰ ਦਾ ਮੈਨੀਫ਼ੈਸਟੋ ਜਾਰੀ ਕੀਤਾ ਗਿਆ ਸੀ ਤਾਂ ਉਸ ਵਿਚ ਸਾਹਿਤ ਦਾ ਯਥਾਰਥਵਾਦੀ ਹੋਣਾ ਪਹਿਲੀ ਤੇ ਮੁੱਢਲੀ ਸ਼ਰਤ ਸੀ। ਪਰ ਜਿਸ ਢੰਗ ਨਾਲ ਪ੍ਰਗਤੀਵਾਦੀ ਚਿੰਤਨਧਾਰਾ ਦੇ ਪ੍ਰਸੰਗ ਵਿਚ ਪੰਜਾਬੀ ਸਾਹਿਤ ਦਾ ਅਧਿਐਨ ਸਾਡੇ ਚਿੰਤਕਾਂ ਨੇ ਕੀਤਾ ਉਹ ਬਿਲਕੁੱਲ ਵੱਖਰੀ ਭਾਤ ਦਾ ਸੀ। ਪੰਜਾਬੀ ਦੇ ਮੁੱਢਲੇ ਪ੍ਰਗਤੀਵਾਦੀ ਚਿੰਤਕਾਂ ਨੇ ਪ੍ਰਗਤੀਵਾਦੀ ਤੇ ਯਥਾਰਥਵਾਦੀ ਸਾਹਿਤ ਨੂੰ ਵੱਖੋ-ਵੱਖ ਵਰਗਾਂ ਵਿਚ ਵੰਡ ਕੇ ਅਧਿਐਨ ਕੀਤਾ। ਜਿਸ ਨਾਲ ਇਕ ਵੱਖਰੀ ਭਾਂਤ ਦਾ ਪ੍ਰਗਤੀਵਾਦ ਸਾਹਮਣੇ ਆਇਆ ਜੋ ਮੈਨੀਫ਼ੈਸਟੋ ਵਾਲੇ ਪ੍ਰਗਤੀਵਾਦ ਨਾਲੋਂ ਮੂਲੋਂ ਹੀ ਵੱਖਰਾ ਸੀ। ਇਸ ਨੇ ਯਥਾਰਥਵਾਦੀ ਸਾਹਿਤਕਾਰਾਂ ਨੂੰ

ਪ੍ਰਗਤੀਵਾਦ ਮੰਨਣ ਤੋਂ ਪੂਰੀ ਤਰ੍ਹਾਂ ਗੁਰੇਜ਼ ਕੀਤਾ।

ਪ੍ਰਗਤੀਵਾਦ, ਵਿਚਾਰਧਾਰਕ ਆਧਾਰ ਮਾਕਸਵਾਦ ਤੋਂ ਗ੍ਰਹਿਣ ਕਰਦਾ ਸੀ, ਜੋ ਸਿਰਫ਼ ਸਾਹਿਤ ਜਾਂ ਕਲਾ ਨੂੰ ਹੀ ਨਹੀਂ, ਸਗੋਂ ਸੰਸਾਰ ਨੂੰ ਵੀ ਵੇਖਣ-ਪਰਖਣ ਦਾ ਇਕ ਨਿਵੇਕਲਾ ਨਜ਼ਰੀਆ ਪ੍ਰਦਾਨ ਕਰਦਾ ਸੀ, ਜੋ ਸੰਸਾਰ ਨੂੰ ਕਿਸੇ ਦੈਵੀ ਸ਼ਕਤੀ ਦੀ ਮਹਿਮਾ ਦੇ ਰੂਪ ਵਿਚ ਨਹੀਂ, ਸਗੋਂ ਇਸ ਦੀ ਤਹਿ ਹੇਠ ਕਾਰਜਸ਼ੀਲ ਵਰਤਾਰਿਆਂ ਦੇ ਵਿਗਿਆਨਕ ਤਰਕ ਨੂੰ ਭਾਲਣ/ਸਮਝਣ ਤੇ ਜ਼ੋਰ ਦੇਂਦਾ ਸੀ। ਦੁਨੀਆ ਦੀ ਨਾਸ਼ਮਾਨਤਾ ਵਾਲੀਆਂ ਅਧਿਆਤਮਕ ਸਥਾਪਨਾਵਾਂ ਨੂੰ ਰੱਦ ਕਰਕੇ ਇਸੇ ਹੀ ਦੁਨੀਆਂ ਨੂੰ ਮਨੁੱਖ ਤੇ ਮਨੁੱਖਤਾ ਦਾ ਅੰਤਿਮ ਘਰ ਸਮਝ ਕੇ ਇਸ ਨੂੰ ਹੋਰ ਬੇਹਤਰ ਤੇ ਰਹਿਣਯੋਗ ਬਣਾਉਣ ਦੇ ਯਤਨਾਂ ਨਾਲ ਜੋੜਨ ਵਾਲੇ ਫ਼ਲਸਫੇ ਨੂੰ ਕੇਂਦਰ ਵਿਚ ਰੱਖਦਾ ਸੀ। ਇਸ ਫ਼ਲਸਫੇ ਨੇ ਦੁਨੀਆ ਨੂੰ ਵੇਖਣ ਵਾਲੀਆਂ ਸਥਾਪਿਤ ਮਾਨਤਾਵਾਂ ਨੂੰ ਮੂਲੋਂ ਹੀ ਬਦਲ ਕੇ ਰੱਖ ਦਿੱਤਾ।

ਪਰ ਜਦੋਂ ਅਸੀਂ ਸਾਹਿਤ ਅਧਿਐਨ ਦੀ ਪ੍ਰਗਤੀਵਾਦੀ ਪਰੰਪਰਾ ਦੁਆਰਾ ਸਥਾਪਿਤ ਧਾਰਨਾਵਾਂ ਵੱਲ ਵੇਖਦੇ ਹਾਂ ਤਾਂ ਵੱਖਰੀ ਭਾਂਤ ਦੇ ਨਤੀਜੇ ਸਾਹਮਣੇ ਆਉਂਦੇ ਹਨ। ਸਾਡੇ ਚਿੰਤਕ ਜਿਸ ਸਾਹਿਤ ਨੂੰ ਪ੍ਰਗਤੀਵਾਦੀ ਸਾਹਿਤ ਦੇ ਤੌਰ 'ਤੇ ਸਾਹਮਣੇ ਲਿਆਉਂਦੇ ਹਨ ਨਾ ਤਾਂ ਉਹ ਯਥਾਰਥਵਾਦੀ ਸੀ ਤੇ ਨਾਂ ਹੀ ਉਪਰੋਕਤ ਅਗਾਂਹਵਧੂ ਨਜ਼ਰੀਏ ਦਾ ਧਾਰਨੀ ਸਗੋਂ ਉਹ ਸਾਹਿਤ ਜੋ ਸਮਾਜਕ/ਆਰਥਿਕ ਧਰਾਤਲ ਨਾਲੋਂ ਟੁੱਟ ਕੇ ਸਿਰਫ ਨਾਹਰੇ ਦੀ ਪੱਧਰ ਤੇ ਸਮਾਜਕ/ਰਾਜਨੀਤਿਕ ਤਬਦੀਲੀ ਦੀ ਗੱਲ ਕਰਦਾ ਸੀ, ਉਸ ਨੂੰ ਪ੍ਰਗਤੀਵਾਦੀ ਸਾਹਿਤ ਦੇ ਤੌਰ 'ਤੇ ਪਾਠਕਾਂ ਸਾਹਮਣੇ ਪੇਸ਼ ਕੀਤਾ ਗਿਆ, ਜਿਸ ਵਿਚ ਸਾਹਿਤਕ ਕਿਰਤ ਦੇ ਨਾਇਕ ਰਾਜਨੀਤਿਕ ਜਾਂ ਸਮਾਜਕ ਤਬਦੀਲੀ ਲਈ ਸੰਘਰਸ਼ ਕਰਦੇ ਹਨ ਤੇ ਪ੍ਰਤੀਕਾਤਮਕ ਰੂਪ ਵਿਚ ਆਪਣੇ ਮਨੋਰਥ ਨੂੰ ਹਾਸਲ ਕਰਦੇ ਵਿਖਾਏ ਜਾਂਦੇ ਹਨ, ਪਰ ਵਿਹਾਰਕ ਪੱਧਰ ਤੇ ਸਮਾਜ ਵਿਚ ਅਜੇਹੀ ਕੋਈ ਤਬਦੀਲੀ ਜਾਂ ਵਰਤਾਰਾ ਨਜ਼ਰ ਨਹੀਂ ਆਉਂਦਾ। ਜਿਸ ਨਾਲ ਸਾਹਿਤ ਤੇ ਸਮਾਜ ਦੇ ਆਪਸੀ ਸੰਬੰਧਾਂ ਦੀ ਦਵੰਦਾਤਮਿਕਤਾ ਵੀ ਭੰਗ ਹੁੰਦੀ ਹੈ।

ਇਸ ਤੋਂ ਇਲਾਵਾ ਪ੍ਰਗਤੀਵਾਦੀ ਚਿੰਤਕਾਂ ਨੇ ਵੀ ਕੁਝ ਇਕ ਵਿਧਾਵਾਂ ਨੂੰ ਹੀ ਆਪਣੇ ਅਧਿਐਨ ਲਈ ਚੁਣਿਆ, ਕਿਉਂਕਿ ਇਹ ਵਿਧਾਵਾਂ ਆਪਣੀ ਵਿਧਾਗਤ ਵਿਸ਼ੇਸ਼ਤਾਵਾਂ ਸਦਕਾ ਸਮਾਜਕ ਮਸਲਿਆਂ ਨੂੰ ਵਿਸਥਾਰ ਸਹਿਤ ਪੇਸ਼ ਕਰ ਸਕਣ ਦੇ ਸਮਰੱਥ ਸਨ ਅਤੇ ਉਹ ਸਾਹਿਤਕ ਵਿਧਾਵਾਂ ਜੋ ਪ੍ਰਗਤੀਵਾਦ ਚਿੰਤਨ ਦੇ ਬਣੇ-ਬਣਾਏ ਸਿਧਾਂਤ ਚੌਖਦੇ 'ਚ ਫਿੱਟ ਨਹੀਂ ਸਨ ਬੈਠਦੀਆਂ ਉਨ੍ਹਾਂ ਨੂੰ ਅਧਿਐਨ ਤੋਂ ਲਾਂਭੇ ਛੱਡ ਦਿੱਤਾ ਗਿਆ। ਸਾਡਾ ਪ੍ਰਗਤੀਵਾਦੀ ਸਾਹਿਤ ਚਿੰਤਨ ਅਕਾਦਮਿਕ ਲੋੜਾਂ ਦੀ ਪੂਰਤੀ 'ਚੋਂ ਹੀ ਆਪਣੀ ਹੋਂਦ ਗ੍ਰਹਿਣ ਕਰਦਾ ਹੈ ਤੇ ਇਹ ਅਧਿਐਨ ਕੁਝ ਇਕ ਚੋਣਵੀਆਂ ਵਿਧਾਵਾਂ ਤੇ ਹੀ ਕੇਂਦ੍ਰਿਤ ਰਿਹਾ। ਇਸ ਕਰਕੇ ਸਾਡਾ ਇਸ ਅਧਿਐਨ ਖੇਤਰ ਤੋਂ ਬਾਹਰ ਰਹਿ ਗਈਆਂ ਸਾਹਿਤਕ ਵਿਧਾਵਾਂ ਨੂੰ ਪੜ੍ਹਨ-ਪੜ੍ਹਾਉਣ ਲਈ ਵੀ ਸਾਡੇ ਕੋਲ ਕੋਈ ਵੱਖਰੀ ਵਿਧੀ ਨਹੀਂ ਅਸੀਂ ਗਲਪ ਤੋਂ ਲੈ ਕੇ ਕਵਿਤਾ, ਨਾਟਕ, ਵਾਰਤਕ ਸਭ ਵਿਧਾਵਾਂ ਨੂੰ ਇਕੋ ਹੀ ਤਰੀਕੇ ਨਾਲ ਪੜ੍ਹ ਤੇ ਪੜ੍ਹਾ ਰਹੇ ਹਾਂ, ਜਦਕਿ ਹਰ ਵਿਧਾ ਆਪਣੀ ਵੱਖਰਤਾ ਦੀ ਪਛਾਣ ਦੇ ਆਧਾਰ ਤੇ ਅਧਿਐਨ ਤੇ ਅਧਿਆਪਨ ਦੀ ਵਸਤੂ ਬਣਾਏ ਜਾਣ ਦੀ ਜ਼ਰੂਰਤ ਸੀ।

ਸਾਡੇ ਪ੍ਰਗਤੀਵਾਦੀ ਚਿੰਤਕ ਰਚਨਾ ਦੀ ਪੜ੍ਹਤ ਸਮੇਂ ਕੇਵਲ ਉਸ ਰਚਨਾ ਦੀ ਵਸਤੂ

ਜਾਂ ਮਨੋਰਥ ਉੱਪਰ ਹੀ ਕੇਂਦ੍ਰਿਤ ਕਰਦੇ ਰਹੇ। ਹਾਲਾਂਕਿ ਸਿਧਾਂਤਕ ਪੱਧਰ 'ਤੇ ਵਸਤੂ ਦੀ ਅਦਵੈਤਤਾ ਜਾਂ ਇਕਰੂਪਤਾ ਨੂੰ ਪ੍ਰਵਾਨ ਕਰਦੇ ਹਨ ਪਰ ਉਨ੍ਹਾਂ ਦੇ ਵਿਹਾਰਕ ਅਧਿਐਨ ਵਿਚੋਂ ਇਹ ਪੂਰੀ ਤਰ੍ਹਾਂ ਗਾਇਬ ਨਜ਼ਰ ਆਉਂਦੀ ਹੈ ਤੇ ਬਾਕੀ ਅਧਿਐਨ ਵਿਧੀਆਂ ਨੇ ਇਸ ਵਿਧੀ ਉੱਪਰ ਸਭ ਤੋਂ ਵੱਧ ਇਤਰਾਜ਼ ਵੀ ਇਸ ਕਰਕੇ ਹੀ ਉਠਾਏ।

ਇਸ ਅਧਿਐਨ ਵਿਧੀ ਨੇ ਜਿੱਥੇ ਪ੍ਰਗਤੀਵਾਦੀ ਸਾਹਿਤ ਨੂੰ ਸਭ ਤੋਂ ਵਧੀਆਂ ਸਾਹਿਤ ਦੀ ਸ਼੍ਰੇਣੀ ਵਿੱਚ ਰੱਖ ਕੇ ਪ੍ਰਚਾਰਿਆ, ਪ੍ਰਸਾਰਿਆ ਉਥੇ ਇਸ ਦਾ ਸਭ ਤੋਂ ਵੱਧ ਨੁਕਸਾਨ ਵੀ ਇਸ ਸ਼੍ਰੇਣੀ ਦੇ ਸਾਹਿਤਕਾਰਾਂ ਨੂੰ ਹੀ ਹੋਇਆ ਇਸ ਸ਼੍ਰੇਣੀ ਦੇ ਲੇਖਕਾਂ ਨੇ ਪ੍ਰਾਪਤ ਸਮਾਜਕ ਯਥਾਰਥ ਨੂੰ ਉਸਦੀ ਸਮੁੱਚਤਾ ਵਿਚ ਪੇਸ਼ ਕਰਨ ਦੀ ਥਾਂ ਸਿਰਫ ਉਨ੍ਹਾਂ ਹੀ ਚੋਣਵੇਂ ਪੱਖਾਂ ਨੂੰ ਪੇਸ਼ ਕਰਨ ਲਈ ਚੁਣਿਆ ਜੋ ਉਨ੍ਹਾਂ ਦੀਆਂ ਪੂਰਵ-ਮਿੱਥਿਤ ਧਾਰਨਾਵਾਂ ਦੀ ਪੁਸ਼ਟੀ ਕਰ ਸਕਣ ਦੇ ਯੋਗ ਸਨ ਤੇ ਇਸ ਤਰ੍ਹਾਂ ਦੀ ਪੇਸ਼ਕਾਰੀ ਦਾ ਮੰਤਵ ਨਾਇਕ ਜਾਂ ਕੇਂਦਰੀ ਪਾਤਰ ਤੇ ਵਿਰੋਧੀ ਧਿਰਾਂ ਵਿਚ ਟਕਰਾਅ ਨੂੰ ਰਚਨਾ ਦੀ ਵਸਤੂ ਬਣਾ ਕੇ ਨਾਇਕ ਦੇ ਨਾਇਕਤਵ ਨੂੰ ਉਜਾਗਰ ਕਰਨਾ ਸੀ, ਜਿਸ ਨਾਲ ਯਥਾਰਥ ਦਾ ਕਲਾਤਮਕ ਤੇ ਸਮੁੱਚਾ ਚਿਤਰ ਰਚਨਾ ਵਿਚ ਪੇਸ਼ ਹੀ ਨਾ ਹੋ ਸਕਿਆ। ਇਸ ਤੋਂ ਅਗਾਂਹ ਸਾਡੇ ਪ੍ਰਗਤੀਵਾਦੀ ਚਿੰਤਕਾਂ ਨੇ ਆਪਣੀ ਵਿਚਾਰਧਾਰਾ ਨੂੰ ਕਲਾਤਮਕ ਜੁਗਤ ਤਕ ਘਟਾ ਲਿਆ, ਜਿਸ ਕਰਕੇ ਪ੍ਰਗਤੀਵਾਦੀ ਰਚਨਾਵਾਂ ਦਾ ਕਲਾਤਮਕ ਪੱਖ ਵੀ ਅਣਗੌਲਿਆ ਰਿਹਾ ਤੇ ਰਚਨਾ ਦਾ ਮਨੋਰਥ ਜਾਂ ਸੁਨੇਹਾ ਹੀ ਰਚਨਾ ਦਾ ਧੁਰਾ ਬਣਿਆ ਰਿਹਾ।

ਇਨ੍ਹਾਂ ਊਣਤਾਈਆਂ ਦਾ ਅਹਿਸਾਸ ਪੰਜਾਬੀ ਸਾਹਿਤ ਵਿਚ ਛੇਵੇਂ ਦਹਾਕੇ ਤੋਂ ਬਾਅਦ ਵਧੇਰੇ ਸ਼ਿੱਦਤ ਨਾਲ ਹੋਣਾ ਸ਼ੁਰੂ ਹੋਇਆ, ਜਦੋਂ ਪ੍ਰਗਤੀਵਾਦ ਦਾ ਜ਼ੋਰ ਘਟਣਾ ਸ਼ੁਰੂ ਹੋਇਆ ਤਾਂ ਫਿਰ ਪੰਜਾਬੀ ਵਿਚ ਲੇਖਕਾ ਦਾ ਅਜੇਹਾ ਪੂਰ ਸਾਹਮਣੇ ਆਇਆ ਜੋ ਸਮਾਜਕ ਵਰਤਾਰਿਆਂ ਨੂੰ ਇਕ ਨਿਵੇਕਲੇ ਦ੍ਰਿਸ਼ਟੀਕੋਣ ਤੋਂ ਚਿਤਰਣ ਲੱਗਾ ਜਿਸ ਵਿਚ ਉਨ੍ਹਾਂ ਦੀ ਸਮੁੱਚਤਾ ਦੇ ਨਾਲ-ਨਾਲ ਇਨ੍ਹਾਂ ਦੀ ਤਹਿ ਹੇਠ ਕਾਰਜਸ਼ੀਲ ਕਾਰਣ ਵੀ ਸਾਹਿਤ ਦੀ ਵਸਤੂ ਬਣਨ ਲੱਗੇ, ਜਿਸ ਨੂੰ ਚਿੰਤਕਾਂ ਨੇ ਆਲੋਚਨਾਤਮਕ ਯਥਾਰਥਵਾਦ ਕਿਹਾ ਤੇ ਕੁਝ ਇਕ ਨੇ ਇਸ ਨੂੰ ਮੁੱਢਲੇ ਪ੍ਰਗਤੀਵਾਦ ਨਾਲੋਂ ਨਿਖੇੜਨ ਲਈ 'ਵਿਗਿਆਨਕ ਪ੍ਰਗਤੀਵਾਦ' ਦਾ ਨਾਂ ਦਿੱਤਾ।

ਇਸੇ ਹੀ ਸਮੇਂ ਬਾਕੀ ਆਲੋਚਨਾ ਵਿਧੀਆਂ ਨੇ ਮਾਰਕਸਵਾਦ/ਪ੍ਰਗਤੀਵਾਦ 'ਤੇ ਸਾਹਿਤ ਦੇ ਕਲਾ ਪੱਖ ਨੂੰ ਮੂਲੋਂ ਹੀ ਨਜ਼ਰ ਅੰਦਾਜ਼ ਕਰਨ ਦੇ ਮਸਲੇ ਨੂੰ ਉਭਾਰਿਆ ਜਿਸ ਕਰਕੇ ਪ੍ਰਗਤੀਵਾਦੀ ਚਿੰਤਕਾਂ ਨੂੰ ਵੀ ਇਸ ਪ੍ਰਤੀ ਸੁਚੇਤ ਹੋਣਾ ਪਿਆ ਤੇ ਮੁੱਢਲੇ ਚਿੰਤਕਾਂ ਨਾਲੋਂ ਵਿੱਥ ਸਥਾਪਿਤ ਕਰਦਿਆਂ ਨਵੇਂ ਚਿੰਤਕ ਸਾਹਿਤਕ ਰਚਨਾਵਾਂ ਦੇ ਕਲਾਤਮਿਕ ਪੱਖ ਨੂੰ ਵੀ ਉਸੇ ਤਰ੍ਹਾਂ ਦਾ ਮਹੱਤਵ ਦੇਣ ਲੱਗੇ ਜੋ ਹੁਣ ਤੱਕ ਸਿਰਫ਼ ਸਾਹਿਤਕ ਵਸਤੂ ਨੂੰ ਹੀ ਦਿੱਤਾ ਜਾ ਰਿਹਾ ਸੀ। ਇਨ੍ਹਾਂ ਚਿੰਤਕਾਂ ਵਿਚ ਡਾ. ਜੋਗਿੰਦਰ ਸਿੰਘ ਰਾਹੀ, ਡਾ. ਰਵਿੰਦਰ ਸਿੰਘ ਰਵੀ, ਡਾ. ਰਜਨੀਸ਼ ਬਹਾਦਰ ਸਿੰਘ ਤੇ ਡਾ. ਸੁਰਜੀਤ ਦਾ ਨਾਮ ਲਿਆ ਜਾ ਸਕਦਾ ਹੈ।

ਸਮੁੱਚੇ ਰੂਪ ਵਿਚ ਅੱਜ ਸਾਹਿਤ ਦੇ ਪੁਨਰ ਮੁਲਾਂਕਣ ਤੇ ਸਥਾਪਿਤ ਧਾਰਨਾਵਾਂ ਨੂੰ ਨਵੇਂ ਸਿਰਿਓਂ ਵੇਖਣ ਤੇ ਨਵਿਆਉਣ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਕਿਉਂਕਿ ਇਹ ਸਿਰਫ਼ ਇਕ ਸਾਹਿਤਕ ਲਹਿਰ ਦਾ ਮਸਲਾ ਨਹੀਂ ਸਗੋਂ ਸਾਹਿਤ ਦੇ ਸਦੀਵੀ ਸਰੋਕਾਰਾਂ ਦਾ ਮਸਲਾ ਵੀ ਹੈ।

**ਕੁਲਵੰਤ ਸਿੰਘ ਸੰਧੂ**

ਹਿੰਦੀ ਕਵਿਤਾ

# ਭੁਲਾ ਦਿੱਤਾ ਗਿਆ ਕਵੀ

ਮਨੋਜ ਸ਼ਰਮਾ

ਭੁਲਾ ਦਿੱਤਾ ਗਿਆ ਕਵੀ
ਟੱਬਰ ਵਲੋਂ ਭੁਲਾ ਦਿੱਤੇ ਗਏ
ਕਿਸੇ ਬਜ਼ੁਰਗ ਵਰਗਾ ਹੁੰਦਾ ਹੈ
ਐਸੇ ਨਾਗਰਿਕ ਵਰਗਾ
ਜੋ ਹੱਡ ਭੰਨਵੀਂ ਮਿਹਨਤ ਨਾਲ
ਆਪਣਿਆਂ ਦੇ ਸੁਪਨੇ ਸਜਾਉਂਦਾ ਸਜਾਉਂਦਾ
ਆਪ ਇਕੱਲਾ ਰਹਿ ਜਾਂਦਾ ਹੈ।

ਭੁਲਾ ਦਿੱਤਾ ਗਿਆ ਕਵੀ
ਕਿਸੇ ਨਕਾਰੇ ਹੋਏ ਕਵੀ ਨਾਲੋਂ
ਜ਼ਿਆਦਾ ਸਰਾਪਿਆਂ ਹੁੰਦਾ ਹੈ
ਉਸਨੇ ਜਿੰਨਾ ਲੋਹਾ ਪਿਘਲਾਇਆ
ਜਿੰਨਾ ਜ਼ਹਿਰ ਪੀਤਾ ਚੀਕਿਆ ਚਿੱਲਾਇਆ
ਉਨ੍ਹਾਂ ਰਾਤਾਂ ਵਿਚ ਦਰਜ ਹੁੰਦਾ ਹੈ
ਜੋ ਉਸਦੇ ਦਿਲਾਂ ਨੂੰ ਨਿਗਲ ਗਈਆਂ।

ਉਹ ਵੱਗ 'ਚੋਂ ਵਿਛੜਿਆ ਡੌਰਾ-ਭੌਰਾ ਪਸ਼ੂ ਹੈ
ਜੁਆਣੀ ਦੇ ਹੱਥ 'ਚੋਂ ਅਚਾਨਕ ਛੁੱਟਿਆ ਪੇੜਾ
ਅਚਾਨਕ ਮੰਦਿਰ ਦਾ ਟੁੱਟਿਆ ਸੰਖ
ਅਲੋਪ ਹੋ ਰਹੇ ਆਦਿਵਾਸੀ ਵਰਗਾ।

ਉਹ ਪੁੱਛਣਾ ਚਾਹੁੰਦਾ ਹੈ
"ਏਨਾ ਅਡੰਬਰ, ਏਨਾ ਪ੍ਰਪੰਚ
ਜੁੰਡਲੀਆਂ, ਮੰਡਲੀਆਂ, ਵਾਹ ਵਾਹ ਦਾ ਸ਼ੋਰ"
ਮੈਂ ਇਸ ਤੋਂ ਨਿਰਲੇਪ ਰਿਹਾ
ਮੈਂ ਤਾਂ ਕੇਵਲ ਏਨਾ ਕਿਹਾ
"ਮਨੁੱਖ ਨੂੰ ਮਨੁੱਖ ਰਹਿਣ ਦੇਵੋ
ਭਾਈਚਾਰਾ ਬਚਾਈ ਰੱਖੋ

ਔਰਤ ਦੀ ਅਸਮਤ ਕਾਇਮ ਰੱਖੋ,
ਮੈਂ ਪਿਆਰ ਦੇ ਚੰਦ ਨੂੰ ਦਾਤਰੀ ਸਮਝਿਆ

ਤੇ ਨਵੇਂ ਅਰਥ ਸਿੱਖੇ
ਮੇਰੇ ਅੰਦਰ ਹਮੇਸ਼ਾ
ਮਾਂ, ਮਿੱਤਰ, ਕੁਦਰਤ ਧੜਕਦੇ ਰਹੇ।
ਮੈਂ ਤਾਂ ਬਸ
ਹਾਸ਼ੀਏ ਤੇ ਧੱਕ ਦਿੱਤੇ ਗਏ
ਮਨੁੱਖ ਬਾਰੇ ਗਾਇਆ
ਬਾਰ ਬਾਰ ਦੁਹਰਾਇਆ
ਰਾਜਨੀਤੀ ਨੂੰ ਸ਼ੀਸ਼ਾ ਦਿਖਾਇਆ,
ਕੁਝ ਵੀ ਵੱਧ ਨਹੀਂ ਚਾਹਿਆ।"
ਕੀ ਅਜੇ ਹੋਰ ਲੋਹਾ ਪਿਘਲਾਉਣਾ ਹੈ
ਕੀ ਕੁਝ ਘੱਟ ਬੋਲਾਂ?
ਭੁਲਾ ਦਿੱਤਾ ਗਿਆ ਕਵੀ
ਮੁੜ ਮੁੜ ਸਟਾਲ ਕਰਦਾ ਹੈ।

ਇਕ ਭਿਖਾਰੀ ਗੀਤ ਗਾ ਰਿਹਾ ਹੈ
ਰਾਹਗੀਰ ਮਰਜ਼ੀ ਮੁਤਾਬਿਕ
ਉਸਦੀ ਝੋਲੀ ਵਿਚ
ਕੁਝ ਨਾ ਕੁਝ ਸੁੱਟ ਰਹੇ ਹਨ
ਭੁਲਾ ਦਿੱਤਾ ਗਿਆ ਕਵੀ
ਇਸ ਗੀਤ ਨੂੰ ਪਹਿਚਾਣਦਾ ਹੈ
ਤੇ ਨਾਲ ਲੈ ਜਾਂਦਾ ਹੈ।
ਏਥੇ ਹੀ ਕਵਿਤਾ ਖ਼ਤਮ ਕਰਦਾ ਹਾਂ
ਬਣੀ ਬਣਾਈ ਲੱਗੇਗੀ
ਦਰਅਸਲ ਭਿਖਾਰੀ
ਇਕ ਅਰਸੇ ਤੋਂ
ਭੁਲਾ ਦਿੱਤੇ ਗਏ ਕਵੀਆਂ ਦੀਆਂ
ਕਵਿਤਾਵਾਂ ਗਾਉਂਦਾ ਹੈ
ਰੋਜ਼ੀ ਰੋਟੀ ਕਮਾਉਂਦਾ ਹੈ।

ਅਨੁਵਾਦ: ਜਨਮੀਤ

✶✶✶

ਕਵਿਤਾਵਾਂ/ਕੁਲਵਿੰਦਰ ਚਾਵਲਾ

## ਔਖਾ ਕਵਿਤਾ ਨਾਲ ਤੁਰਨਾ

ਪੋਲੇ ਪੈਰੀਂ
ਹੌਲੀ ਹੌਲੀ ਤੁਰਦੀ
ਮਟਕ ਮਟਕ ਮੁੜਦੀ

ਬਾਰ ਬਾਰ ਰੁਕਦੀ
ਸੋਚਾਂ 'ਚ ਡੁੱਬਦੀ
ਆਪੇ 'ਚ ਖੁੱਭਦੀ

ਮੁੜ ਮੁੜ ਤੱਕਦੀ
ਫਿਰ ਗਾਂਹ ਵਧਦੀ
ਕਦੇ ਨਾ ਥੱਕਦੀ

ਖੁਦ ਨੂੰ ਨਿਹਾਰਦੀ
ਕੱਢਦੀ ਨਘੋਚਾਂ
ਖੁਦ ਨੂੰ ਸਵਾਰਦੀ

ਸਜਦੀ..ਸੋਚਦੀ
ਪਤਾ ਨਹੀਂ
ਕੀ ਲੱਗਣਾ ਲੋਚਦੀ

ਜਾਣਦੀ ਹਾਂ ਮੁਸ਼ਕਿਲ ਹੈ
ਸਾਡੇ ਦੋਨਾਂ ਦਾ
ਇੱਕ  ਦੂਜੇ ਬਿਨ ਸਰਨਾ

ਬੜਾ ਔਖਾ ਲੱਗਦੈ ਲੇਕਿਨ
ਕਵਿਤਾ ਦੇ ਨਾਲ
ਕਦਮ ਤਾਲ ਕਰਨਾ
✶✶✶

# ਕੋਈ ਤਾਂ ਜਿੱਤ ਦੇ ਦਊ

ਕਦੀ ਬਸਤੀਆਂ ਜਲਾ ਕੇ
ਕਦੇ ਆਸ਼ਿਆਂ ਗਿਰਾ ਕੇ
ਕਿਉਂਕਰ ਸਤਾਈ ਜਾਂਦੇ
ਕਿਸਮਤ ਦੇ ਮਾਰਿਆਂ ਨੂੰ ?

ਇਹ ਦਿਨ ਗੁਜ਼ਾਰਦੇ ਨੇ
ਜੰਗ ਲੜਦੇ ਭੁੱਖਮਰੀ ਦੀ
ਰਾਤਾਂ ਨੂੰ ਰਹਿਣ ਗਿਣਦੇ
ਖਿੱਤੀਆਂ 'ਤੇ ਤਾਰਿਆਂ ਨੂੰ

ਇੱਥੇ ਮੁਫ਼ਲਿਸੀ ਦੀ ਦਲਦਲ
ਇੱਥੇ ਤੰਗੀਆਂ ਦੀ ਤਿਲਕਣ
ਕੋਈ ਨਾ ਕੋਈ ਜ਼ਹਿਮਤ
ਸਾਰੇ ਦੇ ਸਾਰਿਆਂ ਨੂੰ

ਸਿਰ ਆਪਣੇ ਨਾ ਛੱਤ ਹੈ
ਲੋਕਾਂ ਲਈ ਘਰ ਬਣਾਉਂਦੇ
ਕੁੱਬ ਕੱਢ ਲਏ ਇਹਨਾਂ ਨੇ
ਢੋਅ ਢੋਅ ਕੇ ਗਾਰਿਆਂ ਨੂੰ

ਆਖਣ ਨੂੰ ਉਂਜ ਇਹ ਜਿਊਂਦੇ
ਹਨ ਮੋਇਆਂ ਤੋਂ ਬਦਤਰ
ਇਹ ਦਿਨਕਟੀ ਨੇ ਕਰਦੇ
ਸੁਣ ਸੁਣ ਕੇ ਲਾਰਿਆਂ ਨੂੰ

ਕੋਈ ਤਾਂ ਸਾਰ ਲੈ ਲਊ
ਕੋਈ ਤਾਂ ਤਰਸ ਖਾਊ
ਕੋਈ ਤਾਂ ਜਿੱਤ ਦੇ ਦਊ
ਹਰ ਜੰਗ ਹਾਰਿਆਂ ਨੂੰ

✶✶✶

## ਹੋਣੀ

ਕੁਝ ਕੁ ਸਮਾਂ
ਲੱਗ ਜਾਂਦੈ
ਕਿਸੇ ਵੀ ਸੱਟ ਦੀ
ਪੀੜ ਨੂੰ
ਜਰਨ ਲਈ

'ਤੇ ਫਿਰ ਬੰਦਾ
ਹੋ ਜਾਂਦੈ ਆਦੀ
ਉਸ ਦਰਦ ਨਾਲ
ਜਿਊਣ ਦਾ
✶✶✶

## ਬਰਸਾਤੀ ਨਦੀ

ਆਮ ਇਨਸਾਨ ਦੀ
ਜ਼ਿੰਦਗੀ ਹੁੰਦੀ
ਜੀਕਣ ਬਰਸਾਤੀ ਨਦੀ

ਕਦੀ ਖੁਸ਼ੀ
ਕਦੀ ਗ਼ਮ ਦੇ ਹੜ੍ਹ
ਉਂਜ ਆਉਂਦੇ ਰਹਿੰਦੇ

ਬਾਕੀ ਸਾਰਾ ਸਾਲ
ਇਹ ਸੁੱਕੀ ਰਹਿੰਦੀ
✶✶✶

## ਸਬਕ

ਸਾਨੂੰ ਨਾ ਸਿਖਾਓ
ਕਿਵੇਂ ਬਣਾਉਣੀ ਹੈ
ਸਮਾਜਿਕ ਦੂਰੀ
ਇਸ ਮਹਾਂਮਾਰੀ ਦੇ ਦੌਰ ਵਿੱਚ
ਅਸੀ ਤਾਂ
ਸਿੱਖੇ ਸਖਾਏ ਹਾਂ
ਸਦੀਆਂ ਤੋਂ

’ਤੇ ਸਾਡੀਆਂ
ਪੁਸ਼ਤਾਂ ਜਾਣਦੀਆਂ ਨੇ
ਕਿੰਨਾ ਔਖਾ ਹੁੰਦੈ
ਇਹ ਸੰਤਾਪ ਝੱਲਣਾ

ਵੱਖਰੀਆਂ ਠੱਠੀਆਂ ਬਣਾ
ਅਸੀ ਕਰ ਲਿਆ
ਦੂਰ ਖੁਦ ਨੂੰ
ਦੁਰਕਾਰੇ ਜਾਣ ਦੇ ਬਾਅਦ
ਬਣਾ ਲਈਆਂ
ਪੂਜਾਗਾਹਾਂ ਵੱਖਰੀਆਂ
’ਤੇ ਬਣਾ ਲਏ ਵੱਖਰੇ
ਮਸਾਣ ਵੀ

ਪਰ ਇਹ ਨਾ ਭੁੱਲਣਾ
ਸਮਾਂ ਕਿਸੇ ਦਾ ਸੱਕਾ ਨਹੀਂ ਹੁੰਦਾ

ਯੁੱਗ ਪਲਟਦੇ ਨੇ
ਵੇਖ ਰਹੇ ਹਾਂ ਹੁਣ
ਪਲਟ ਰਿਹੈ ਯੁੱਗ
ਬਦਲ ਰਿਹੈ ਆਦਮ
’ਤੇ ਨਾਲ ਹੀ ਬਦਲ ਰਿਹੈ
ਵੱਖਵਾਦ ਦਾ ਸਰੂਪ ਵੀ

ਹੁਣ ਮਜ਼ਹਬ
ਨਹੀ ਰਿਹਾ ਅਧਾਰ ਪਛਾਣ ਦਾ
ਹੁਣ ਤਾਂ ਹਰ ਬਸ਼ਰ
ਲੜ ਰਿਹੈ ਜੰਗ ਜ਼ਿੰਦਗੀ ਦੀ

ਹੁਣ ਨਹੀਂ ਸਰੋਕਾਰ ਉਸਨੂੰ
ਉਸਦੇ ਖ਼ੂਨ ਵਿੱਚ
ਮਿਲਾਏ ਜਾਣ ਵਾਲੇ
ਪਲਾਜ਼ਮਾ ਦੇ ਮਜ਼ਹਬ ਨਾਲ
ਹੁਣ ‘ਜਾਨ ਹੈ..ਜਹਾਨ ਹੈ’ ਬਣ ਰਿਹੈ
ਉਸਦਾ ਪਸੰਦੀਦਾ ਨਾਅਰਾ

ਸਬਕ ਤਾਂ ਸਿਖਣਾ ਈ ਪੈਣੈ
ਵਖਰੇਂਵੇ ਦੇ ਹਾਮੀਆਂ ਨੂੰ
ਮਨੁੱਖ ਵੱਲੋ ਉਸਾਰੀਆਂ  ਕੰਧਾਂ
ਨਹੀ ਝੱਲ ਸਕਦੀਆਂ
ਵਕਤ ਦੇ ਹਥੌੜੇ ਦੀ ਮਾਰ
’ਤੇ ਹੋ ਜਾਂਦੀਆਂ ਨੇ ਜ਼ਮੀਂਦੋਜ਼
ਕੁਦਰਤ ਦੇ ਵਾਰ ਕਰਦਿਆਂ ਹੀ
✶✶✶

## ਤੂੰ ਮੈਂ ਅਸੀਂ

ਤੇਰੀ  ਪੈੜ ’ਤੇ ਚਲਦਿਆਂ
ਪਹੁੰਚਾਂਗੀ ਭਾਵੇਂ
ਤੇਰੀ ਮਿੱਥੀ
ਤੇਰੀ ਜਿੱਤੀ
ਮੰਜ਼ਿਲ ’ਤੇ ਮੈਂ
ਪਰ

ਰਾਹ ’ਚ ਪੈਂਦੀਆਂ
ਔਕੜਾਂ ’ਤੇ
ਮੁਸ਼ਕਿਲਾਂ ਸਰ ਕਰਦਿਆਂ
ਹੋਣ ਵਾਲੇ ਤਜਰਬੇ ਉੱਤੇ ਹੋਵੇਗਾ
ਸਿਰਫ  ਤੇ ਸਿਰਫ
ਮੇਰਾ ਅਧਿਕਾਰ

ਅਧੀਨਤਾ ਵਿੱਚ
ਰਹਿੰਦਿਆਂ ਵੀ
ਮੇਰੀ ਨਿਜਤਾ ਦਾ
ਨਹੀਂ ਹੋਵੇਗਾ ਹਨਨ
’ਤੇ ਮੈਂ ਰੱਖ ਸਕਾਂਗੀ ਮਾਣ
ਏਕ ਜੋਤ ਦੋਏ ਮੂਰਤੀ
ਹੋਣ ਦਾ
✶✶✶

## ਖੱਬੇ ਪੱਖੀ

ਕਾਲੀਆਂ ਰਾਤਾਂ, ਅੰਧ ਅੰਨ੍ਹੇਰੀ
ਲੁੱਟ ਚੋਂਘ ਤੇ ਆਪਾ ਧਾਪੀ
ਅੰਨ੍ਹੇ ਬੋਲ਼ੇ ਤਖ਼ਤਾਂ ਵਾਲੇ
ਬੁਰਜੂਆਜ਼ੀ, ਫ਼ਾਸ਼ੀਵਾਦੀ
ਸ਼ਾਵਨਵਾਦੀ, ਚੋਟ ਨਗਾਰੇ...
ਤਾਂ ਕੀ ਹੋਇਆ!

ਬਣ ਦੀਵਾਰ ਖੜ੍ਹੇ ਸਭ ਸਾਥੀ
ਲੈਨਿਨ, ਮਾਉ ਦੇ ਰਾਹ ਦੇ ਰਾਹੀਂ!
ਵੱਖੋ ਵੱਖਰੇ ਰੰਗ ਅਸਾਡੇ, ਢੰਗ ਅਸਾਡੇ
ਅਣਗਿਣ ਮੱਠ ਤੇ ਵੱਖ ਦਿਸ਼ਾਵਾਂ
ਢਾਈ ਟੋਟਰੂ, ਖੱਬੇ ਪੱਖੀ...
ਤਾਂ ਕੀ ਹੋਇਆ!

ਡਰਾਇੰਗ ਰੂਮ ਦੀ ਸੂਹੀ ਕੰਧ ’ਤੇ
‘ਮਾਰਕਸ ਚੰਦ’ ਦੀ ਫ਼ੋਟੋ ਲਾਈ
ਖ਼ੂਬ ਸਜਾਈ
ਅੱਖਾਂ ਬੰਦ ਤੇ ਦਰ ਬੰਦ ਕੀਤੇ
ਪ੍ਰੋਲੇਤਾਰੀ ਧੂਫ਼ ਧੁਖਾਈ
ਲਾਲ ਫਰੇਰਾ, ਰਾਹ ਦਸੇਰਾ
ਇਹੋ ਸਾਡੀ ਸੱਦ ਸਥਾਈ!
***

## ਕੰਪਿਊਟਰ ਯੁੱਗ

ਕਈ ਦਿਨਾਂ ਤੋਂ ਉਸਦਾ ਮੈਨੂੰ
ਖ਼ਤ ਨਹੀਂ ਸੀ ਆਇਆ
ਮਸਿੰਜਰ, ਟਵਿੱਟਰ, ਵਟ੍ਹਸਐਪ ਨੇ
ਖ਼ੈਰ ਨਹੀਂ ਸੀ ਪਾਇਆ

ਪਿਆਰ 'ਚ ਪਰੁੱਚਿਆ
ਨਿਹੋਰਿਆਂ ਦੇ ਨਿੱਘ ਵਾਲਾ
ਕਲਮ ਮੇਰੀ ਨੇ ਫਿਰ
ਵਾਸਤਾ ਸੀ ਪਾਇਆ!

ਉਸਦਾ ਜੁਆਬ ਸੀ
ਕੋਈ ਜਾਹੋ-ਜਲਾਲ ਸੀ...!
ਕੰਪਿਊਟਰ ਦੇ ਯੁੱਗ ਵਿੱਚ
ਭਾਵਾਂ ਦਾ ਇਹ ਵੇਗ ਤਿੱਖਾ
ਭੰਵਰਾਂ 'ਚ ਗੋਤੇ ਖਾਨੈਂ
ਕੰਢਾ ਕਦ ਆਇਆ?

ਸ਼ਾਇਰਾ! ਤੂੰ ਜ਼ਹੀਨ ਬਣ
ਮਸ਼ੀਨਾਂ 'ਚ ਮਸ਼ੀਨ ਬਣ
ਭੂਤ ਜਾਣ ਖਹਿੜਾ ਛੱਡ
ਚੇਤ, ਅਵਚੇਤ ਦਾ
ਤੂੰ ਨਹੀਂ, ਇਹ ਤੇਰਾ ਸਾਇਆ...
ਨਹੀਉਂ ਤੇਰੇ ਮੇਚ ਦਾ!
✶✶✶

## ਆਈਸਬਰਗ

ਖਾਰੇ ਪਾਣੀਆਂ 'ਚ ਤੈਰਦਾ
ਚੱਪਾ ਕੁ ਸਾਹਵੇਂ
ਹੱਥ ਭਰ ਉਹਲੇ
ਕਿੰਨਾ ਗੌਰਾ, ਕਿੰਨਾ ਭਾਰਾ...
ਥਾਹ ਨਾ ਪਾਈ ਜਾ
ਕੋਈ ਟਾਇਟੈਨਿਕ ਆਪਣੀ ਚਾਲੇ
ਪ੍ਰੇਮ ਪਰੁੱਤੀਆਂ ਰੂਹਾਂ ਤਾਈਂ
ਮੰਝਧਾਰ 'ਚੋਂ ਸਾਹਿਲ ਵੱਲ ਨੂੰ
ਲੈ ਕੇ ਤੁਰਦਾ
ਆਈਸਬਰਗ ਹੈ ਕਹਿਰ ਕਮਾਉਂਦਾ
ਟੋਟੇ ਟੋਟੇ ਬੇੜਾ ਕਰਦਾ
ਅੱਧਮੀਟੇ ਨੈਣਾਂ ਦੇ ਸੁਪਨੇ
ਸਾਗਰ ਵਿੱਚ ਅੱਧਵਾਟੇ ਟੁੱਟਦੇ

ਸਾਗਰ ਕੰਢਾ ਬੇਬਸ ਤੱਕਦਾ!
ਆਈਸਬਰਗ ਜੋ ਮੇਰੇ ਅੰਦਰ
ਦੋ ਹੱਥ ਜ਼ਾਹਿਰ
ਕੋਹ ਕੋਹ ਗ਼ਾਇਬ
ਪੂਰਨ ਰੂਪ ਨਾ ਕਦੇ ਥਿਆਉਂਦਾ!
✶✶✶

## ਤੂੰ ਆਈ ਤਾਂ

ਤੂੰ ਆਈ ਤਾਂ
ਰੁੱਤਾਂ ਮੁੜੀਆਂ
ਬੀਆਬਾਨ ਰੂਹ ਦੀ ਧਰਤੀ ’ਤੇ
ਸੈਆਂ ਕਲੀਆਂ
ਮੁੜ ਕੇ ਖਿੜੀਆਂ

ਨਾ ਕੋਈ ਤ੍ਰੇਹ
ਤੇ ਨਾ ਹੀ ਸੰਸਾ
ਜੀਵਨ-ਪੰਧ ਨੂੰ
ਸੋਧ ਥਿਆਈ
ਦਮਕਣ ਲੱਗਿਆ
ਜ਼ੱਰਾ ਜ਼ੱਰਾ

ਇਸ ਚਾਨਣ ਨੂੰ
ਗਟ ਗਟ ਚਰਕੇ
ਆ ਪੀ ਜਾਈਏ
ਚਾਨਣ ਹੋਈਏ
ਮਿਟ ਜਾਵਣ ਸਭ
ਨ੍ਹੇਰ ਦੀਆਂ ਲੀਕਾਂ
✶✶✶

## ਵੋਟਰ

ਲੋਕਤੰਤਰ ਦੇ ਚਗਲ਼ੇ ਵਿਹੜੇ
‘ਉੱਤਰ ਕਾਟੋ ਮੈਂ ਚੜ੍ਹਾਂ’ ਦੀ
ਮੀਣੀ ਖੇਡ ਦੀ ਜੂਏਬਾਜ਼ੀ!

ਮੱਥੇ ਟਿੱਕਾ
ਲਹੂ ਦਾ ਲਾਉਂਦੇ
ਜਾਦੂਗਰੀ ਦਾ ਲਸੰਸ ਕਟਾਉਂਦੇ
ਸੰਮੋਹਨ ਘੂਕੀ ਮੈਨੂੰ ਚੜ੍ਹਦੀ
ਸੋਨ ਸੁਨਹਿਰੀ ਸੁਪਨੇ ਮਾਣਾਂ
ਪੰਜ ਯੁੱਗਾਂ ਤਕ
ਜਾਗ ਨਾ ਆਉਂਦੀ!

ਤਰੁੱਪ ਚਾਲਾਂ ਦੀ
ਭੁੱਲ-ਭੁਲੱਈਆ
ਹਾਲੋਂ ਮੈਂ ਬੇਹਾਲ ਹਾਂ ਹੋਇਆ
ਹਾਂ ਅਜੇ ਵੀ ਸੁੱਤ-ਉਨੀਂਦਾ!
✶✶✶

## ਜ਼ਿੰਦਗੀ ਦਾ ਸੱਚ

ਉਹ
ਜਦੋਂ ਜਦੋਂ ਵੀ
ਪਰੰਪਰਾਵਾਂ ਨੂੰ ਪ੍ਰਣਾਲੀ
ਤੇ ਸੰਸਕਾਰਾਂ ਨਾਲ਼ ਸੁੰਗੜੀ ਸੋਚ ਤੋਂ
ਸੰਕੀਰਨ ਵਿਚਾਰਾਂ ਦਾ ਪਰਦਾ ਲਾਹ ਕੇ
ਜ਼ਿੰਦਗੀ ਦੇ ਸੱਚ ਲਈ ਅਹੁਲਿਆ
ਤਾਂ ਉਦੋਂ ਉਦੋਂ ਹੀ
ਉਸਦੀ ਸੋਚ
ਦੁਮੇਲੋਂ ਪਾਰ ਗਈ
ਬ੍ਰਹਿਮੰਡ ਵਾਂਗ ਵਿਸ਼ਾਲ ਭਈ
ਤੇ ਉਸ ਜਾਣਿਆ...
ਅੰਤਿਮ ਸੱਚ ਤਾਂ
ਕੱਚ ਸੱਚ ਹੈ
ਕਿ ਨਿਰੰਤਰ ਭਾਲ
ਜ਼ਿੰਦਗੀ ਦਾ ਸੱਚ ਹੈ!
✶✶✶

## ਗ਼ਜ਼ਲਾਂ/ਜਸਪਾਲ ਘਈ

### 1

ਤਨਹਾਈ ਪਾ ਸਾਡੇ ਪੱਲੇ ਸ਼ਾਮ ਢਲੇ
ਸੰਗੀ ਸਾਥੀ ਸਭ ਤੁਰ ਚੱਲੇ ਸ਼ਾਮ ਢਲੇ

ਰਾਤ ਦਾ ਹੱਲਾ ਖਬਰੇ ਕਦ ਹੋ ਜਾਣਾ ਹੈ
ਨ੍ਹੇਰ ਦੇ ਲਸ਼ਕਰ ਸਭ ਰਾਹ ਮੱਲੇ ਸ਼ਾਮ ਢਲੇ

ਯਾਦਾਂ ਦੇ ਕੁਝ ਕਾਸਦ ਆਏ ਬੈਠੇ ਨੇ
ਖੌਰੇ ਕੀ ਉਸ ਰੁੱਕੇ ਘੱਲੇ ਸ਼ਾਮ ਢਲੇ

ਸੂਰਜ ਤੇ ਮੈਂ ਆਪੋ ਅਪਣੇ ਘਰ ਪਰਤੇ
ਤਨਹਾ ਤਨਹਾ, ਕੱਲਮ-ਕੱਲੇ ਸ਼ਾਮ ਢਲੇ

ਮੰਦਰ ਮਸਜਿਦ ਅੰਦਰ ਜਾਂ ਮੈਖਾਨੇ ਵਿਚ
ਚੱਲੇ ਤਾਂ ਕੋਈ ਕਿੱਥੇ ਚੱਲੇ ਸ਼ਾਮ ਢਲੇ

ਕੀ ਛੱਡਾਂ ਤੇ ਕੀ ਲੈ ਜਾਵਾਂ ਘਰ ਅਪਣੇ
ਭਰਿਆ ਦਿਲ ਤੇ ਖਾਲੀ ਪੱਲੇ ਸ਼ਾਮ ਢਲੇ

ਪਾਣੀ ਉੱਤੇ ਦੀਵਾ ਕੋਈ ਤਾਰ ਗਈ
ਸੂਰਜ ਕੱਜ ਕੇ ਘੁੰਡ ਦੇ ਥੱਲੇ ਸ਼ਾਮ ਢਲੇ

### 2

ਪੱਥਰ ਜੋ ਮੈਨੂੰ ਮਾਰੇ ਉਹ ਵਹਿਸ਼ੀ ਉਡੀਕਦਾਂ
ਸ਼ੀਸ਼ੇ ਦੀ ਕੈਦ ਵਿੱਚ ਹਾਂ, ਮੁਕਤੀ ਉਡੀਕਦਾਂ

ਅੰਬਰ ਨੂੰ ਲੋਚਦਾਂ, ਕਦੇ ਧਰਤੀ ਉਡੀਕਦਾਂ
ਟਾਹਣਾਂ ਚ ਫੜਫੜਾਉਂਦਾ ਮੈਂ ਕੀ ਕੀ ਉਡੀਕਦਾਂ

ਤੇਰੇ ਕਟਾਖ ਤੋਂ, ਤੇ ਮਿਰੀ ਬੇਬਸੀ ਤੋਂ ਤੇਜ਼
ਵਿੰਨ੍ਹੇ ਜੋ ਆਰ ਪਾਰ, ਉਹ ਬਰਛੀ ਉਡੀਕਦਾਂ

ਸਹਿਰਾ ਹੈ, ਦੂਰ ਦੂਰ ਨ ਜਲ ਦਾ ਕੋਈ ਨਿਸ਼ਾਨ
ਖਾਬਾਂ ਚ ਖੌਰੇ ਕਾਸਤੋਂ ਕਿਸ਼ਤੀ ਉਡੀਕਦਾਂ

ਪਾਂਧੀ, ਪੰਖੇਰੂ, ਪੱਤ, ਨੇ ਛੱਡ ਕੇ ਚਲੇ ਗਏ
ਹੁਣ ਹੋਂਦ ਦੇ ਉਜਾੜ ਚ ਮੈਂ ਕੀ ਉਡੀਕਦਾਂ

**3**

ਗੱਲ ਏ ਜਿਹੜੀ ਦਬੀ ਜ਼ਬਾਨ 'ਚ
ਗੂੰਜ ਵੀ ਸਕਦੀ ਹੈ ਅਸਮਾਨ 'ਚ

ਲੱਭਾ ਨਾ ਜੋ ਘਰ ਚ, ਮਕਾਨ 'ਚ
ਝੱਲਿਆ, ਲਭਦਾ ਫਿਰੇਂ ਦੁਕਾਨ 'ਚ

ਰੱਬ ਦੇ ਕੰਨਾਂ ਨੂੰ ਕੀ ਹੋਇਐ
ਐਨੀ ਚੀਕ ਪੁਕਾਰ ਜਹਾਨ 'ਚ

ਦਿਲ ਦਾ ਚੈਣ ਹੈ ਆਖਰ ਕਿੱਥੇ
ਨਾ ਧਰਤੀ ਤੇ, ਨਾ ਅਸਮਾਨ 'ਚ

ਮੇਰੇ ਖ਼ੂਨ ਦੇ ਨਾਲ ਜੋ ਲਿਖਿਆ
ਜ਼ਿਕਰ ਨ ਮੇਰਾ ਓਸ ਬਿਆਨ 'ਚ

ਖ਼ੁਦ ਨੂੰ ਖ਼ੁਦ ਨਈਂ ਮਿਲਿਆ ਜਾਂਦਾ
ਜਾਨ ਏ ਏਦਾਂ ਉਲਝੀ ਜਾਨ 'ਚ

ਸਿਰਫ਼ ਕਸੀਦਾ ਹੀ ਲਿਖਦਾ ਹੈ
ਪੈੱਨ ਇਹ ਮਿਲਿਆ ਸੀ ਸਨਮਾਨ 'ਚ

ਸੱਚ ਲੁਕਿਆ ਦਾ ਲੁਕਿਆ ਰਹਿ ਜਏ
ਪਾਗਲ ਨਾ ਜੇ ਹੋਣ ਜਹਾਨ 'ਚ

ਰੱਬ ਤੇ ਬੰਦਾ ਕੱਠੇ ਹੋਵਣ
ਜਾਂ ਸੁੰਨਸਾਨ ਚ, ਜਾਂ ਸ਼ਮਸ਼ਾਨ 'ਚ

**4**

ਚੁੱਪ ਦੇ ਖੂਹ ਤੇ ਖੜਕੇ ਕੋਈ ਡੋਲ ਜ਼ਰਾ
ਸੁੱਤੀ ਰਾਤ ਦੇ ਕੰਨ ਅੰਦਰ ਕੁਝ ਬੋਲ ਜ਼ਰਾ

ਪਹੁ ਫੁੱਟੀ ਹੈ ਬਾਹਰ, ਅੰਦਰ ਨ੍ਹੇਰਾ ਕਿਉਂ
ਅਪਣੇ ਅੰਦਰ ਵੀ ਕੋਈ ਸੂਰਜ ਟੋਲ ਜ਼ਰਾ

ਸ਼ਾਇਦ ਕੋਈ ਲਾਲ ਗਵਾਚਾ ਮਿਲ ਜਾਵੇ
ਮਿੱਟੀ ਮਿੱਟੀ ਬੋਲ ਨ, ਮਿੱਟੀ ਫ਼ੋਲ ਜ਼ਰਾ

ਟੁੱਟਦਾ ਹੋਇਆ ਤਾਰਾ ਵੀ ਕੁਝ ਦੇ ਜਾਂਦੈ
ਮੰਗ ਦੁਆ ਕੋਈ, ਅੱਡ ਖਾਂ ਅਪਣੀ ਝੋਲ ਜ਼ਰਾ

ਸ਼ਾਇਦ 'ਤੂੰ' ਦੇ ਨਾਲੋਂ 'ਮੈਂ' ਵਜ਼ਨੀ ਨਿਕਲੇ
ਪਕੜ ਤਰਾਜ਼ੂ, ਅਪਣੀ 'ਮੈਂ' ਵੀ ਤੋਲ ਜ਼ਰਾ

ਮੁਸਤਕਬਿਲ ਦੇ ਨੈਣਾਂ ਰਾਹੀਂ ਵੇਖਣ ਲਈ
ਮਾਜ਼ੀ ਦਾ ਕੋਈ ਖ਼ਾਬ ਅਧੂਰਾ ਟੋਲ ਜ਼ਰਾ

ਦੂਰੋਂ ਦੂਰੋਂ ਪੁੱਛਦੈਂ, ਦੂਰੋਂ ਦੱਸਾਂ ਕੀ
ਦਿਲ ਦੀ ਦੱਸਾਂ, ਆ, ਬਹਿ ਦਿਲ ਦੇ ਕੋਲ ਜ਼ਰਾ

## 5

ਖ਼ੌਰੇ ਮੈਂ ਸਾਂ, ਜਾਂ ਕੋਈ ਮੇਰੇ ਵਰਗਾ ਸੀ
ਨਾਮ ਸਮੰਦਰ ਸੀ ਜਿਸ ਦਾ,ਪਰ ਪਿਆਸਾ ਸੀ

ਕੂੜ ਦੀਆਂ ਧੂੜਾਂ ਸੰਗ ਐਨਾ ਅੱਟਿਆ ਸੀ
ਸੱਚ ਦਾ ਸ਼ੀਸ਼ਾ ਝੂਠਾ - ਝੂਠਾ ਲਗਦਾ ਸੀ

ਮੰਨ ਲੈਂਦੇ ਤਾਂ ਦੱਸੋ ਕੀਕਣ ਮੰਨ ਲੈਂਦੇ
ਮੁਨਸਿਫ਼ ਤਾਂ ਮਕਤੂਲ ਨੂੰ ਕਾਤਲ ਕਹਿੰਦਾ ਸੀ

ਆਪਣੇ ਕੱਦ ਵੱਲ ਤੱਕਿਆ ਤਾਂ ਹੋਇਆ ਅਹਿਸਾਸ
ਅੱਧੇ ਤੋਂ ਵੱਧ ਸ਼ਹਿਰ ਤਾਂ ਅਸਲੋਂ ਬੌਣਾ ਸੀ

ਕਿੱਥੇ ਬੈਠ ਸਫ਼ਰ ਵਿਚ ਦੋ ਪਲ ਸਾਹ ਲੈਂਦੇ
ਥਲ ਦਾ ਹਰ ਇਕ ਰੁੱਖ ਹੀ ਛਾਂ ਤੋਂ ਵਿਰਵਾ ਸੀ

ਆਓ ਰਲ ਕੇ ਲੱਭੀਏ ਕਿੱਥੇ ਗੁੰਮ ਗਿਆ
ਇਹਨਾ ਦੀਵਾਰਾਂ ਵਿਚ ਇਕ ਦਰਵਾਜ਼ਾ ਸੀ

ਸਾਡੇ ਪਿੱਛੋਂ ਲੋਕੀਂ ਅਕਸਰ ਆਖਣਗੇ
ਏਸ ਜਗਾ ਤੇ ਫੱਕਰਾਂ ਦਾ ਇਕ ਹੁਜਰਾ ਸੀ

6

ਵੇਖਣ ਨੂੰ ਮੁਸ਼ਕਿਲ ਹੈ, ਐਪਰ ਹੋ ਸਕਦਾ ਹੈ
ਕਤਰੇ ਕਤਰੇ ਵਿੱਚ ਸਮੰਦਰ ਹੋ ਸਕਦਾ ਹੈ

ਸੂਰਤ ਤੇ ਸੀਰਤ ਵਿਚ ਅੰਤਰ ਹੋ ਸਕਦਾ ਹੈ
ਸ਼ੀਸ਼ੇ ਦੇ ਸੀਨੇ ਵਿਚ ਪੱਥਰ ਹੋ ਸਕਦਾ ਹੈ

ਤੂੰ ਜਿਸ ਨਾਲ ਲਿਖੀ ਅਪਣੀ ਪਰਵਾਜ਼ ਦੀ ਕਵਿਤਾ
ਖ਼ੂਨ ਚ ਡੁੱਬਾ ਉਹ ਮੇਰਾ ਪਰ ਹੋ ਸਕਦਾ ਹੈ

ਅਜਕਲ ਦੇ ਬੱਦਲ ਕਰ ਜਾਂਦੇ ਹੈਣ ਸਿਆਸਤ
ਮੀਂਹ ਥਾਂ ਮੀਂਹ ਦਾ ਲਾਰਾ ਮਾਤਰ ਹੋ ਸਕਦਾ ਹੈ

ਟੁੱਕੀ ਜੀਭਾ ਵਾਲੇ ਸ਼ਾਇਰ ਹੱਥੋਂ ਲਿਖਿਆ
ਕੂਕਾਂ ਮਾਰਦਾ ਅੱਖਰ ਅੱਖਰ ਹੋ ਸਕਦਾ ਹੈ

ਭੋਲਾ ਭਾਲਾ ਚਿਹਰਾ ਕਾਤਲ ਦਾ ਵੀ ਹੁੰਦੈ
ਮਹਿਰਮ ਬੁੱਕਲ ਵਿਚ ਵੀ ਖ਼ੰਜਰ ਹੋ ਸਕਦਾ ਹੈ

ਵੀਰਾਨਾ ਹੈ, ਪਰ ਕੁਝ ਜੁਗਨੂੰ ਵੀ ਤਾਂ ਚਮਕਣ
ਇਹ ਤਾਂ ਮੇਰੇ ਦਿਲ ਦਾ ਮੰਜ਼ਰ ਹੋ ਸਕਦਾ ਹੈ

ਖੰਭ ਨੋਚੇ ਨੇ ਜਿਸ ਪੰਛੀ ਦੇ, ਉਸ ਵਲ ਦੇਖ
ਉਸ ਦੇ ਨੈਣਾਂ ਅੰਦਰ ਅੰਬਰ ਹੋ ਸਕਦਾ ਹੈ

ਸੂਰਜ ਦੀ ਅੱਗ ਵਿੱਚ ਨਹਾਤਾ ਸ਼ਿਅਰ ਹੈ ਮੇਰਾ
ਕਿਸੇ ਨੂੰ ਮਰਹਮ, ਕਿਸੇ ਨੂੰ ਖ਼ੰਜਰ ਹੋ ਸਕਦਾ ਹੈ

✶✶✶

## .ਗ਼ਜ਼ਲਾਂ/ਵਾਹਿਦ ਸੁਨਾਮ

ਵਕਤ ਜੇ ਸਾਜ਼ਸ਼ ਪਰੁੱਚੀ ਅੱਗ ਦਾ ਅਨੁਵਾਦ ਹੈ।
ਤਾਂ ਅਜੇ ਪਾਣੀ ਜਿਹੇ ਬੰਦਿਆਂ ਦੀ ਵੀ ਤਾਦਾਦ ਹੈ।

ਅੱਗ ਦੀ ਬਰਸਾਤ ਵਿਚ ਵੀ ਕੱਢ ਲਈਆਂ ਪੱਤੀਆਂ,
ਬਿਰਖ ਨੂੰ ਹਰ ਹਾਲ ਵਿਚ ਪੁੰਗਰਨ ਦਾ ਵਾਅਦਾ ਯਾਦ ਹੈ।

ਰੋਕ ਦਿੱਤੇ ਰਾਹ ਤੁਸੀਂ ਜੇ ਮੰਜ਼ਿਲਾਂ ਤੱਕ ਜਾਣ ਦੇ,
ਹੌਂਸਲਾ ਰਸਤੇ ਨਵੇਂ ਖੋਜਣ ਲਈ ਆਜ਼ਾਦ ਹੈ।

ਢਾਹਿਆਂ ਢਹਿਣੀ ਨਹੀਂ ਇਹ ਫੂਕਿਆਂ ਫੁਕਣੀ ਨਹੀਂ
ਦਿਲ 'ਚ ਬਸਤੀ ਜ਼ਿੰਦਗੀ ਦੇ ਚਾਵਾਂ ਦੀ ਆਬਾਦ ਹੈ।

ਪੈ ਵੀ ਸਕਦਾ ਦੀਵਿਆਂ ਨੂੰ ਜੁਗਨੂੰਆਂ ਜਿਉਂ ਉੱਡਣਾ,
ਨੇਰ੍ਹ ਦੀ ਟੱਕਰ 'ਚ ਖੜਨਾ ਜਿਊਣ ਦੀ ਬੁਨਿਆਦ ਹੈ

ਸਾਂਭ ਲਈਏ ਇਸ ਤੋਂ ਪਹਿਲਾਂ ਇਹ ਹਵਾ ਦੇਵੇ ਮਿਟਾ,
ਜਿਹੜੀਆਂ ਪੈੜਾਂ 'ਚ ਵੱਡੀਆਂ ਹਿੰਮਤਾਂ ਦੀ ਯਾਦ ਹੈ।

•••

ਕਿਸਮਤ ਦੀ ਹਿੱਕ ਵਿਚ ਤਾਂ ਵੱਜਣਾ ਪੈਣਾ ਸੀ।
ਆਖ਼ਰ ਇਸ ਤੋਂ ਅੱਗੇ ਲੰਘਣਾ ਪੈਣਾ ਸੀ।

ਮੇਰੇ ਕੰਨਾਂ ਨੂੰ ਸਨ ਮੁੰਦਰਾਂ ਤਾਂਘਦੀਆਂ,
ਮੈਨੂੰ ਅਪਣਾ ਗੋਰਖ ਲੱਭਣਾ ਪੈਣਾ ਸੀ।

ਖ਼ਾਕ ਸਮੇਂ ਦੀ ਅੰਬਰ ਕਰਨੀ ਪੈਣੀ ਸੀ।
ਉਸ 'ਚੋਂ ਫਿਰ ਤਾਰੇ ਜਿਉਂ ਟੁੱਟਣਾ ਪੈਣਾ ਸੀ।

ਅਹਿਸਾਸ- ਚਾਵਾਂ ਦੇ ਪੁੰਗਰਨ ਦੀ ਖ਼ਾਤਰ,
ਅੰਦਰੋਂ ਸਖ਼ਤਾਈ ਨੂੰ ਟੁੱਟਣਾ ਪੈਣਾ ਸੀ।

ਠੋਕਰ ਖਾ ਸਕਦੇ ਸਨ ਹੋਰ ਵੀ ਮੇਰੇ ਤੋਂ,
ਮੈਨੂੰ ਡਿੱਗੇ ਨੂੰ ਖ਼ੁਦ ਉੱਠਣਾ ਪੈਣਾ ਸੀ।

ਅਪਣੇ ਮੇਚ ਦੀ ਸੂਲ਼ੀ ਲੱਭਣੀ ਸੀ ਸਭ ਨੇ।
ਅਪਣੇ ਸੱਚ ਦਾ ਮਾਣ ਵੀ ਰੱਖਣਾ ਪੈਣਾ ਸੀ।

ਸਾਰਾ ਕਦ ਆਉਂਦਾ ਹੈ ਬੰਦਾ ਸ਼ਬਦਾਂ ਵਿਚ,
ਬਚਦੇ ਨੂੰ ਅੱਖਾਂ ’ਚੋਂ ਡੁੱਲ੍ਹਣਾ ਪੈਣਾ ਸੀ।

●●●

ਦੁੱਖਾਂ ਦੇ ਵੀ ਆਪਣੇ ਨਖਰੇ ਦੇਖੇ ਨੇ।
ਭਾਰੀ ਪਰਬਤ ਪਲਕੀਂ ਲਟਕੇ ਦੇਖੇ ਨੇ।

ਜਿੱਦਾਂ ਕੋਈ ਵਾਹਨ ਲੰਘੇ ਬੰਦੇ ਤੋਂ,
ਏਦਾਂ ਵੀ ਕੁਝ ਵਕਤ ਗੁਜ਼ਰਦੇ ਦੇਖੇ ਨੇ।

ਨਜ਼ਰਾਂ ਤੋਂ ਗਿਰਦੇ ਤਾਂ ਸੁਣਦੇ ਆਏ ਸਾਂ,
ਬੰਦੇ ਆਪਣੇ ਕੱਦ ਤੋਂ ਡਿੱਗਦੇ ਦੇਖੇ ਨੇ।

ਹੁਣ ਸ਼ੀਸ਼ੇ ਦਾ ਪਾਣੀ ਬਦਲਣ ਵਾਲਾ ਹੈ,
ਇਸ ਦੇ ਅੰਦਰ ਬੰਦੇ ਡੁੱਬਦੇ ਦੇਖੇ ਨੇ।

ਤਾਜ ’ਚ ਕੋਈ ਜਾਦੂ ਮੰਤਰ ਹੈ ਸ਼ਾਇਦ,
ਜਿਸ ਵਿਚ ਛੋਟੇ ਸਿਰ ਵੀ ਜਕੜੇ ਦੇਖੇ ਨੇ।

ਇਕ ਤਿਤਲੀ ਦੇ ਨਾਜ਼ੁਕ ਸੋਹਲ ਪਰਾਂ ਉੱਤੇ,
ਕਿੰਨੇ ਸਾਰੇ ਅੰਬਰ ਉੱਡਦੇ ਦੇਖੇ ਨੇ।

●●●

ਨਾ ਦਿੱਤਾ ਵਹਿਣ ਜਦ ਤਾਂ ਏਸ ਹੱਦ ਤੱਕ ਤੜਪਿਆ ਹਾਂ।
ਕਿ ਚੁੱਭ ਸਕਦਾਂ, ਮੈਂ ਹੁਣ ਪਾਣੀ ਤੋਂ ਸ਼ੀਸ਼ਾ ਹੋ ਗਿਆ ਹਾਂ।

ਮੁਸਾਫ਼ਿਰ ਤੁਰ ਗਏ ਤੇ ਦੂਰ ਤੱਕ ਬਚੀਆਂ ਨੇ ਪੈੜਾਂ,
ਇਹਨਾਂ ਪੈੜਾਂ ’ਚੋਂ ਮੈਂ ਹੁਣ ਬਿਰਖ ਬਣ ਬਣ ਉੱਗ ਰਿਹਾ ਹਾਂ।

ਕਈ ਗਮਲੇ ਦੇ ਰੁੱਖ ਤੈਅ ਕਰਦੇ ਨੇ ਮੁੱਲ ਮੇਰੀ ਛਾਂ ਦਾ,
ਜੁ ਮੈਂ ਇਕ ਨਿੰਮ ਹਾਂ ਤੇ ਸ਼ਹਿਰੋਂ ਬਾਹਰ ਉੱਗਿਆ ਹਾਂ।

ਮੈਂ ਉਹਨਾਂ 'ਚੋਂ ਹਾਂ ਜਿਨਾਂ ਵਾਸਤੇ ਰਾਹ ਘਟ ਬਚੇ ਨੇ,
ਮੈਂ ਜਿੱਥੇ ਪਹੁੰਚਿਆਂ ਖ਼ੁਦ 'ਤੇ ਹੀ ਤੁਰ ਕੇ ਪਹੁੰਚਿਆ ਹਾਂ।

ਮੇਰੇ ਪੈਰਾਂ ਦੇ ਸਿਰ 'ਤੇ ਪਾ ਲਈ ਕਿੰਨਿਆਂ ਨੇ ਮੰਜ਼ਿਲ,
ਤੇ ਮੈਂ ਕਰਜ਼ਾਈ ਸਿਰ ਵਾਂਗੂੰ ਅਜੇ ਝੁਕਿਆ ਪਿਆ ਹਾਂ।

•••

ਉਹਨੂੰ ਮਿਲਿਆ ਤਾਂ ਇਉਂ ਲੱਗਿਆ ਕਿ ਮੈਂ ਹੁਣ ਸੁਰ 'ਚ ਹੋਣਾ ਹੈ।
ਕਿਸੇ ਧੜਕਣ ਦੇ ਮੱਠੇ ਰਿਦਮ ਵਿਚ ਖ਼ੁਦ ਨੂੰ ਪਰੋਣਾ ਹੈ।

ਮੇਰੇ ਹਿੱਸੇ ਨਦੀ ਜੋ ਆਈ ਉਸ ਨੂੰ ਪੀ ਗਿਆ ਰੇਤਾ,
ਮੈਂ ਹੁਣ ਇਸ ਰੇਤ ਦੀ ਬਚਦੀ ਨਮੀ ਵਿਚ ਦਿਲ ਡੁਬੋਣਾ ਹੈ।

ਮੇਰੀ ਪਹਿਚਾਣ ਵਿਚ ਅੱਜ-ਕੱਲ ਮੇਰਾ ਦਮ ਘੁਟਣ ਲੱਗਿਆ ਹੈ,
ਕਿ ਜੋ ਵੀ ਹਾਂ ਉਹ ਸਭ ਤੱਜ ਕੇ ਮੈ ਹੁਣ ਕੁਝ ਹੋਰ ਹੋਣਾ ਹੈ।

ਇਹਨੇ ਹੀ ਡੱਕ ਰੱਖਿਆ ਹੈ ਮੇਰਾ ਸੁਰਖ਼ਰੂ ਹੋਣਾ,
ਇਹ ਜੋ ਸ਼ਬਦਾਂ ਨੂੰ ਬੀੜਨ ਦਾ ਹੁਨਰ ਹੈ, ਇਹ ਵੀ ਖੋਣ੍ਹਾ ਹੈ।

ਉਹਦੀ ਆਵਾਜ਼ ਵਿਚਲੀ ਸੁੰਨ ਮੇਰੇ ਵਿਚ ਗੂੰਜ ਉੱਠਦੀ ਹੈ,
ਹੁਣ ਉਸ ਨੂੰ ਮੁਕਤ ਕਰਨਾ, ਗ਼ਮ ਉਹਦਾ ਦਿਲ ਵਿਚ ਸੰਜੋਣਾ ਹੈ।

ਹੁਣ ਆਪਣੇ ਦਰਦ ਦੀ ਹੱਦ 'ਤੇ ਖੜਾ ਦੁਨੀਆ ਲਈ ਸੋਚਾਂ,
ਇਹਨੂੰ ਦੱਸੇ ਬਿਨਾਂ ਇਸਦਾ ਦੁਖੀ ਹਿਰਦਾ ਵੀ ਟੋਣ੍ਹਾ ਹੈ

ਕਿਸੇ ਨੇ ਖਿੱਚ ਲਿਆ ਬਾਂਹ ਫੜ ਕੇ ਮੁੜ ਲਫ਼ਜ਼ਾਂ ਦੀ ਜੂਹ ਅੰਦਰ,
ਤੇ ਹੁਣ ਰੋਂਦੇ ਨੇ ਮੁਸਕਰਾਉਣਾ ਕਦੇ ਹੱਸਦੇ ਨੇ ਰੋਣਾ ਹੈ।

•••

ਪਰਬਤ ਖ਼ਮੋਸ਼ ਨੇ ਕਿਤੇ ਝਰਨੇ ਉਦਾਸ ਨੇ।
ਸੈਲਾਨੀਆਂ ਨੂੰ ਤਾਂਘਦੇ ਰਸਤੇ ਉਦਾਸ ਨੇ।

ਅਕਸਰ ਜੋ ਹੱਸਦੇ-ਹੱਸਦੇ ਵੀ ਭਰ ਲੈਣ ਅੱਖੀਆਂ,
ਮੁੰਡੇ ਇਹ ਮੇਰੀ ਉਮਰ ਦੇ ਗਹਿਰੇ ਉਦਾਸ ਨੇ।

ਕੁੜੀਆਂ ਦੇ ਹਾਸਿਆਂ ਅਤੇ ਮੁੰਡਿਆਂ ਦੇ ਰੋਣ ’ਤੇ
ਹਨ ਜ਼ਿਹਨ ਵਿਚ ਜੋ ਦਫ਼ਨ ਉਹ ਪੁਰਖੇ ਉਦਾਸ ਨੇ।

ਚੜ੍ਹਦੀ ਕਲਾ ’ਚ ਹਾਂ ਅਤੇ ਸਭ ਖ਼ੈਰ ਸੁੱਖ ਹੈ,
ਤੇਰੇ ਬਗ਼ੈਰ ਬਸ ਜ਼ਰਾ ਸੁਪਨੇ ਉਦਾਸ ਨੇ।

ਹੱਸ ਤਾਂ ਇਕੱਲਾ ਵੀ ਲਵਾਂ ਮੈਂ ਅਪਣੇ ਆਪ ’ਤੇ,
ਕਰਨੇ ਸੀ ਤੇਰੇ ਨਾਲ ਜੋ ਝਗੜੇ ਉਦਾਸ ਨੇ।

ਅੱਜ ਕੱਲ ਮੈਂ ਹਰ ਕਿਸੇ ਤੋਂ ਹੀ ਉਕਤਾ ਰਿਹਾਂ ਜਿਵੇਂ,
ਹਨ ਦੋਸਤ ਫ਼ਿਕਰਮੰਦ ਜਾਂ ਘਰ ਦੇ ਉਦਾਸ ਨੇ।

ਮੈਂ ਚਾਹਿਆ ਉਹ ਹੋਵੇ ਮੇਰਾ ਪਿਆਰ ਆਖ਼ਰੀ,
ਕਿੰਨੇ ਹੀ ਇਸ਼ਕ ਹੁਣ ਮੇਰੇ ਕਰਕੇ ਉਦਾਸ ਨੇ।

•••


ਪੁਸਤਕ ‘**ਲੰਮੇ ਪੈਂਡਿਆਂ ਦਾ ਪਾਂਧੀ**’ ਜਗਜੀਤ ਸਿੰਘ ਆਨੰਦ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਦਾ ਭਰਪੂਰ ਲੇਖਾ-ਜੋਖਾ ਹੈ। ਇਨ੍ਹਾਂ ਕੰਮਾਂ ਵਿਚ ਉਨ੍ਹਾਂ ਦਾ ਅਨੁਵਾਦ, ਸਾਹਿਤ ਸਿਰਜਣਾ ਅਤੇ ਪੱਤਰਕਾਰੀ ਸ਼ਾਮਲ ਹੈ। ਉਨ੍ਹਾਂ ਦੇ ਜੀਵਨ ਪਾਸਾਰਾਂ ਵਿਚ ਉਨ੍ਹਾਂ ਦੀ ਰਾਜਸੀ ਸੂਝ ਦੀਆਂ ਵੱਖੋ-ਵੱਖਰੀਆਂ ਪਰਤਾਂ ਬਾਰੇ ਜਾਣਕਾਰੀ ਇਸ ਦਸਤਾਵੇਜ਼ ਦੇ ਆਰ-ਪਾਰ ਫੈਲੀ ਹੋਈ ਹੈ।

**- ਪ੍ਰਕਾਸ਼ਕ**

**ਲੰਮੇ ਪੈਂਡਿਆਂ ਦਾ ਪਾਂਧੀ:**
**ਜਗਜੀਤ ਸਿੰਘ ਆਨੰਦ**

**ਸੰਪਾਦਕ: ਰਜਨੀਸ਼ ਬਹਾਦਰ ਸਿੰਘ**

**ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ**

**ਪੰਨੇ: 320 ਮੁੱਲ: 280/-**

**ਕਹਾਣੀ**

# ਕਲਬੂਤ

*ਪ੍ਰੇਮ ਮਾਨ*

ਕੱਲ੍ਹ ਰਾਤ ਦਾ ਮਨ ਬੇਹੱਦ ਬੇਚੈਨ ਹੈ। ਇੰਨੀ ਬੇਚੈਨੀ ਮੈਂ ਜ਼ਿੰਦਗੀ ਵਿਚ ਸਿਰਫ਼ ਤਿੰਨ-ਚਾਰ ਵਾਰੀ ਹੀ ਮਹਿਸੂਸ ਕੀਤੀ ਹੋਵੇਗੀ।ਅੱਜ ਤਾਂ ਇੰਜ ਲਗਦਾ ਜਿਵੇਂ ਸਾਰੇ ਸਰੀਰ ਵਿਚੋਂ ਚੰਗਿਆੜੀਆਂ ਨਿਕਲ਼ ਰਹੀਆਂ ਹੋਣ। ਅੱਖਾਂ ਵੀ ਅੱਥਰੂਆਂ ਨਾਲ਼ ਭਰੀਆਂ ਪਈਆਂ ਹਨ। ਕੱਲ੍ਹ ਰਾਤ ਦਾ ਕੁਝ ਵੀ ਖਾਣ ਨੂੰ ਜੀਅ ਨਹੀਂ ਕੀਤਾ। ਰਾਤੀਂ ਨੀਂਦ ਵੀ ਮਸਾਂ ਦੋ-ਤਿੰਨ ਘੰਟੇ ਹੀ ਆਈ ਹੋਵੇਗੀ। ਬੱਸ ਅੱਚੋ-ਆਈ ਜਿਹੀ ਲੱਗੀ ਹੋਈ ਹੈ। ਮੈਂ ਆਪਣੇ ਛੋਟੇ ਜਿਹੇ ਘਰ ਵਿਚ ਕੱਲ੍ਹ ਰਾਤ ਤੋਂ ਹੀ ਤੁਰਿਆ-ਫਿਰਦਾ ਰਿਹਾ ਹਾਂ। ਸੋਫ਼ੇ ਤੇ ਬੈਠਦਾ ਹਾਂ ਤਾਂ ਕੁਝ ਮਿੰਟਾਂ ਬਾਅਦ ਹੀ ਫਿਰ ਉੱਠ ਖੜਦਾ ਹਾਂ। ਆਪਣੇ ਬੈੱਡ-ਰੂਮ ਵਿਚ ਜਾ ਕੇ ਲੰਮਾ ਪੈਂਦਾ ਹਾਂ ਤਾਂ ਛੱਤ ਵਲ ਘੂਰੀ ਜਾਂਦਾ ਹਾਂ ਅਤੇ ਛੇਤੀ ਹੀ ਫਿਰ ਉੱਠ ਖੜਦਾ ਹਾਂ। ਸਵੇਰ ਤੋਂ ਸੱਤ-ਅੱਠ ਘੰਟਿਆਂ ਵਿਚ ਚਾਹ ਦੇ ਛੇ ਕੱਪ ਪੀ ਚੁੱਕਾ ਹਾਂ ਅਤੇ ਦੋ ਕੱਪ ਕੌਫ਼ੀ ਦੇ ਵੀ ਪੀਤੇ ਹਨ ਪਰ ਖਾਧਾ ਕੁਝ ਵੀ ਨਹੀਂ। ਖਾਣ ਨੂੰ ਜੀਅ ਹੀ ਨਹੀਂ ਕਰ ਰਿਹਾ। ਕੱਲ ਸ਼ਾਮ ਨੂੰ ਜਦੋਂ ਨੈਂਸੀ ਅਤੇ ਥਾਮਸ ਦੀ ਜ਼ਿੰਦਗੀ ਬਾਰੇ ਟੀ.ਵੀ. ਲਈ ਬਣਾਈ ਗਈ ਇਕ ਘੰਟੇ ਦੀ ਡਾਕੂਮੈਂਟਰੀ ਦੇਖੀ ਸੀ ਉਦੋਂ ਤੋਂ ਹੀ ਮੈਨੂੰ ਬੇਚੈਨੀ ਨੇ ਘੇਰ ਲਿਆ ਹੈ। ਕਿਸੇ ਨਾਲ਼ ਗੱਲ ਕਰਨ ਨੂੰ ਜੀਅ ਹੀ ਨਹੀਂ ਕਰ ਰਿਹਾ। ਹੌਸਲਾ ਹੀ ਨਹੀਂ ਪਿਆ ਕਿ ਮੈਂ ਕਿਸੇ ਨਾਲ਼ ਗੱਲ ਕਰਾਂ।

*****

ਹਫ਼ਤਾ ਕੁ ਪਹਿਲਾਂ ਮੈਂ ਨਿਊ ਯਾਰਕ ਦੇ ਬੈੱਲ-ਰੋਜ਼ ਇਲਾਕੇ ਵਿਚ ਆਪਣੇ ਅਪਾਰਟਮੈਂਟ (ਘਰ) ਵਿਚ ਬੈਠਾ ਟੀ.ਵੀ. ਦੇਖ ਰਿਹਾ ਸੀ। ਅਚਾਨਕ ਉਸ ਚੈਨਲ ਨੇ ਅਗਲੇ ਹਫ਼ਤੇ ਆਉਣ ਵਾਲ਼ੇ ਇਕ ਬਰਾਡਕਾਸਟ ਦਾ ਇਸ਼ਤਿਹਾਰ ਦਿੱਤਾ ਜੋ ਮੈਨੂੰ ਦਿਲਚਸਪ ਲੱਗਿਆ। ਇਸ ਇਸ਼ਤਿਹਾਰ ਅਨੁਸਾਰ ਇਸ ਚੈਨਲ ਤੇ ਅਗਲੇ ਹਫ਼ਤੇ ਇਕ ਗੋਰੀ ਔਰਤ ਨੈਂਸੀ (Nancy) ਦੀ ਜ਼ਿੰਦਗੀ ਦੀ ਕਹਾਣੀ ਵਾਲ਼ੀ ਡਾਕੂਮੈਂਟਰੀ ਫ਼ਿਲਮ ਦਿਖਾਈ ਜਾਣੀ ਸੀ। ਮੈਂ ਇਸ ਪ੍ਰੋਗਰਾਮ ਨੂੰ ਦੇਖਣ ਦਾ ਮਨ ਬਣਾ ਲਿਆ ਸੀ। ਕੱਲ੍ਹ ਇਸ ਬਰਾਡਕਾਸਟ ਦੇ ਸਮੇਂ ਮੈਂ ਇਕਸੁਰ ਹੋ ਕੇ ਟੀ.ਵੀ. ਨਾਲ਼ ਇਕ ਘੰਟਾ ਜੁੜ ਕੇ ਬੈਠ ਗਿਆ ਸੀ ਅਤੇ ਹੋਰ ਕਿਸੇ ਗੱਲ ਵਲ ਧਿਆਨ ਨਹੀਂ ਸੀ ਦਿੱਤਾ। ਨੈਂਸੀ ਦੀ ਕਹਾਣੀ ਸੁਣਨ ਦੀ ਇਸ ਕਰ ਕੇ ਵੀ ਇੱਛਾ ਸੀ ਕਿ ਟੀ.ਵੀ. ਤੇ ਦਿਖਾਏ ਇਸ਼ਤਿਹਾਰ ਅਨੁਸਾਰ ਉਸ ਦੀ ਕਹਾਣੀ ਦਾ ਕਾਫ਼ੀ ਹਿੱਸਾ ਮੇਰੀ ਆਪਣੀ ਕਹਾਣੀ ਨਾਲ ਮਿਲ਼ਦਾ-ਜੁਲ਼ਦਾ ਸੀ।

*****

ਨੈਂਸੀ ਨੇ ਆਪਣੀ ਜ਼ਿੰਦਗੀ ਦੀ ਡਾਕੂਮੈਂਟਰੀ ਫ਼ਿਲਮ ਵਿਚ ਦੱਸਿਆ ਕਿ ਉਹ ਅਮਰੀਕਾ ਦੇ ਇਕ ਪੇਂਡੂ ਇਲਾਕੇ ਵਿਚ ਜੰਮੀ-ਪਲ਼ੀ ਸੀ। ਪਿੰਡ ਨਾ ਬਹੁਤਾ ਵੱਡਾ ਸੀ ਅਤੇ ਨਾ ਹੀ ਛੋਟਾ। ਨੈਂਸੀ ਦਾ ਪਰਿਵਾਰ ਗੋਰੀ ਨਸਲ ਦਾ ਸੀ। ਪਿੰਡ ਵਿਚ ਬਹੁਤੇ ਪਰਿਵਾਰ ਗੋਰੇ ਹੀ ਸਨ। ਥੋੜ੍ਹੇ ਜਿਹੇ ਪਰਿਵਾਰ ਕਾਲ਼ੇ ਜਾਂ ਦੂਜੇ ਰੰਗਾਂ ਦੇ ਸਨ। ਪਿੰਡ ਵਿਚ ਇਕ ਸਕੂਲ ਅਜਿਹਾ ਸੀ ਜਿਸ ਵਿਚ ਪ੍ਰਾਇਮਰੀ ਅਤੇ ਮਿਡਲ ਕਲਾਸਾਂ ਲਗਦੀਆਂ ਸਨ ਅਤੇ ਇਕ ਹੋਰ ਸਕੂਲ ਸੀ ਜਿਸ ਵਿਚ

ਮਿਡਲ ਕਲਾਸਾਂ ਤੋਂ ਬਾਅਦ ਹਾਈ ਸਕੂਲ ਦੀਆਂ ਕਲਾਸਾਂ ਲਗਦੀਆਂ ਸਨ। ਪਹਿਲੀ ਕਲਾਸ ਤੋਂ ਹੀ ਥਾਮਸ ਨਾਂ ਦਾ ਲੜਕਾ ਨੈਂਸੀ ਨਾਲ਼ ਸਕੂਲ ਵਿਚ ਪੜਦਾ ਸੀ। ਥਾਮਸ ਅਤੇ ਉਸ ਦਾ ਪਰਿਵਾਰ ਕਾਲ਼ੇ ਰੰਗ ਦਾ ਸੀ। ਸਕੂਲ ਵਿਚ ਹੀ ਨੈਂਸੀ ਅਤੇ ਥਾਮਸ ਹੌਲ਼ੀ-ਹੌਲ਼ੀ ਦੋਸਤ ਬਣ ਗਏ ਸਨ। ਜਦੋਂ ਤੱਕ ਉਹ ਹਾਈ ਸਕੂਲ ਵਿਚ ਦਾਖ਼ਲ ਹੋਏ ਸਨ, ਉਦੋਂ ਤੱਕ ਉਹ ਦੋਵੇਂ ਗੂੜ੍ਹੇ ਦੋਸਤ ਬਣ ਗਏ ਸਨ। ਉਨਾਂ ਦੋਹਾਂ ਦੇ ਘਰ ਵੀ ਇਕ ਦੂਜੇ ਤੋਂ ਬਹੁਤਾ ਦੂਰ ਨਹੀਂ ਸਨ। ਦੋਵੇਂ ਇਕ ਦੂਜੇ ਦੇ ਘਰ ਵੀ ਆ-ਜਾ ਆਉਂਦੇ ਸਨ।

ਹਾਈ ਸਕੂਲ ਵਿਚ ਪੜ੍ਹਦਿਆਂ ਨੈਂਸੀ ਅਤੇ ਥਾਮਸ ਇਕ ਦੂਜੇ ਨੂੰ ਚਾਹੁਣ ਲੱਗ ਪਏ ਸਨ। ਹੌਲ਼ੀ-ਹੌਲ਼ੀ ਦੋਸਤੀ ਜਵਾਨੀ ਵਾਲ਼ੇ ਪਿਆਰ ਵਿਚ ਬਦਲ ਗਈ ਸੀ। ਦੋਵਾਂ ਵਿਚ ਨੇੜਤਾ ਬਹੁਤ ਵਧ ਗਈ ਸੀ ਅਤੇ ਜਿਵੇਂ ਅਮਰੀਕਾ ਵਿਚ ਕਿਹਾ ਜਾਂਦਾ ਹੈ, ਦੋਵੇਂ ਇਕ ਦੂਜੇ ਦੇ ਸਵੀਟ-ਹਾਰਟ ਬਣ ਗਏ ਸਨ। ਉਨਾਂ ਦੋਹਾਂ ਨੇ 1960 ਵਿਚ ਹਾਈ ਸਕੂਲ ਖ਼ਤਮ ਕੀਤਾ ਸੀ।

ਹਾਈ ਸਕੂਲ ਖ਼ਤਮ ਕਰਨ ਤੋਂ ਬਾਅਦ ਨੈਂਸੀ ਨੇ ਨੇੜੇ ਹੀ ਯੂਨੀਵਰਸਿਟੀ ਵਿਚ ਨਰਸਿੰਗ ਦੀ ਡਿਗਰੀ ਕਰਨ ਵਾਸਤੇ ਦਾਖ਼ਲਾ ਲੈ ਲਿਆ ਸੀ। ਥਾਮਸ ਪਿੰਡ ਤੋਂ ਕੁਝ ਦੂਰ ਸ਼ਹਿਰ ਵਿਚ ਇਲੈਕਟ੍ਰਿਕ ਇੰਜੀਨੀਅਰਿੰਗ ਦੀ ਡਿਗਰੀ ਕਰਨ ਲਈ ਯੂਨੀਵਰਸਿਟੀ ਚਲੇ ਗਿਆ ਸੀ। ਇਸ ਡਾਕੂਮੈਂਟਰੀ ਫ਼ਿਲਮ ਵਿਚ ਟੀ.ਵੀ. ਵਾਲ਼ੇ ਇਨਾਂ ਸਾਰੀਆਂ ਗੱਲਾਂ ਨੂੰ ਫ਼ੋਟੋ ਅਤੇ ਵੀਡੀਓ ਰਾਹੀਂ ਦਿਖਾ ਰਹੇ ਸਨ। ਉਨਾਂ ਨੇ ਨੈਂਸੀ ਅਤੇ ਥਾਮਸ ਦੀਆਂ ਆਪਣੀਆਂ ਸਕੂਲ ਅਤੇ ਯੂਨੀਵਰਸਿਟੀ ਵੇਲੇ ਦੀਆਂ ਤਸਵੀਰਾਂ ਦਿਖਾਈਆਂ ਅਤੇ ਥਾਮਸ ਦੇ ਸਕੂਲਾਂ ਅਤੇ ਯੂਨੀਵਰਸਿਟੀਆਂ ਦੀਆਂ ਤਸਵੀਰਾਂ ਵੀ ਦਿਖਾਈਆਂ ਜਿੱਥੇ ਉਹ ਦੋਵੇਂ ਪੜ੍ਹੇ ਸਨ। ਉਨਾਂ ਦੀਆਂ ਛੋਟੇ ਹੁੰਦਿਆਂ ਦੀਆਂ ਆਪਣੇ ਪਰਿਵਾਰਾਂ ਨਾਲ ਤਸਵੀਰਾਂ ਵੀ ਦਿਖਾਈਆਂ।

ਕਾਲਜ ਪੜ੍ਹਦਿਆਂ ਨੈਂਸੀ ਅਤੇ ਥਾਮਸ ਇਕ ਦੂਜੇ ਨੂੰ ਖ਼ਤ ਲਿਖਦੇ ਰਹੇ ਅਤੇ ਕਈ ਵਾਰੀ ਮਿਲ਼ਦੇ ਵੀ ਰਹੇ। ਨੈਂਸੀ ਅਨੁਸਾਰ, ਉਨਾਂ ਦੋਹਾਂ ਦਾ ਪਿਆਰ ਇੰਨਾ ਜ਼ੋਰਦਾਰ ਸੀ ਕਿ ਉਸ ਨੂੰ ਬਿਆਨ ਕਰਨਾ ਮੁਸ਼ਕਲ ਸੀ। ਦੋਵੇਂ ਚਾਹੁੰਦੇ ਸਨ ਕਿ ਉਹ ਸ਼ਾਦੀ ਕਰ ਕੇ ਸਾਰੀ ਜ਼ਿੰਦਗੀ ਇਕੱਠੇ ਬਿਤਾਉਣ। ਉਨਾਂ ਦਿਨਾਂ ਵਿਚ ਗੋਰੇ ਲੋਕਾਂ ਦੇ ਕਾਲ਼ੇ ਲੋਕਾਂ ਨਾਲ ਵਿਆਹ ਆਮ ਤੌਰ ਤੇ ਬਰਦਾਸ਼ਤ ਨਹੀਂ ਸਨ ਕੀਤੇ ਜਾਂਦੇ। ਕਾਲ਼ੇ ਲੋਕਾਂ ਵਿਰੁੱਧ ਵਿਤਕਰਾ ਬਹੁਤ ਜ਼ਿਆਦਾ ਸੀ। ਨੈਂਸੀ ਨੂੰ ਡਰ ਸੀ ਕਿ ਉਸ ਦੇ ਮਾਂ-ਪਿਉ ਉਸ ਨੂੰ ਥਾਮਸ ਨਾਲ ਵਿਆਹ ਕਰਨ ਦੀ ਇਜਾਜ਼ਤ ਨਹੀਂ ਦੇਣਗੇ।

ਨਰਸਿੰਗ ਦੀ ਡਿਗਰੀ ਪੂਰੀ ਕਰ ਕੇ ਨੈਂਸੀ ਨੇ ਆਪਣੇ ਪਿੰਡ ਤੋਂ ਥੋੜੀ ਦੂਰ ਛੋਟੇ ਜਿਹੇ ਸ਼ਹਿਰ ਦੇ ਇਕ ਹਸਪਤਾਲ਼ ਵਿਚ ਨਰਸਿੰਗ ਦੀ ਨੌਕਰੀ ਲੈ ਲਈ ਸੀ। ਥਾਮਸ ਨੇ ਇਲੈਕਟ੍ਰਿਕ ਇੰਜੀਨੀਅਰਿੰਗ ਦੀ ਡਿਗਰੀ ਕਰ ਕੇ ਇਕ ਵੱਡੀ ਕੰਪਨੀ ਨਾਲ਼ ਨੌਕਰੀ ਕਰ ਲਈ ਸੀ। ਛੇਤੀ ਬਾਅਦ ਹੀ ਨੈਂਸੀ ਅਤੇ ਥਾਮਸ ਦੋਹਾਂ ਨੇ ਆਪਣੇ ਪਰਿਵਾਰਾਂ ਨਾਲ਼ ਵਿਆਹ ਦੀ ਗੱਲ ਛੇੜਨੀ ਚਾਹੀ ਸੀ।

ਥਾਮਸ ਨੇ ਆਪਣੇ ਮਾਂ-ਪਿਉ ਨਾਲ਼ ਨੈਂਸੀ ਨਾਲ਼ ਵਿਆਹ ਕਰਾਉਣ ਦੀ ਗੱਲ ਕੀਤੀ ਤਾਂ ਉਨ੍ਹਾਂ ਨੇ ਹਾਂ ਕਰ ਦਿੱਤੀ ਸੀ। ਉਨਾਂ ਨੂੰ ਇਸ ਵਿਆਹ ਬਾਰੇ ਕੋਈ ਇਤਰਾਜ਼ ਨਹੀਂ ਸੀ। ਜਦੋਂ ਨੈਂਸੀ ਨੇ ਆਪਣੇ ਮਾਂ-ਪਿਉ ਨਾਲ਼ ਗੱਲ ਕੀਤੀ ਕਿ ਉਹ ਥਾਮਸ ਨਾਲ਼ ਵਿਆਹ ਕਰਾਉਣਾ

ਚਾਹੁੰਦੀ ਹੈ ਤਾਂ ਉਨਾਂ ਨੇ ਇਨਕਾਰ ਕਰ ਦਿੱਤਾ ਸੀ।

ਨੈਂਸੀ ਨੇ ਇਸ ਡਾਕੂਮੈਂਟਰੀ ਵਿਚ ਕਿਹਾ ਸੀ ਕਿ ਜਦੋਂ ਉਸ ਨੇ ਆਪਣੇ ਮਾਂ-ਪਿਉ ਨਾਲ਼ ਥਾਮਸ ਨਾਲ਼ ਵਿਆਹ ਕਰਾਉਣ ਦੀ ਗੱਲ ਕੀਤੀ ਤਾਂ ਉਨਾਂ ਦੋਹਾਂ ਨੇ ਨੈਂਸੀ ਨੂੰ ਕਿਹਾ ਸੀ ਕਿ ਜੇ ਉਹ ਥਾਮਸ ਨਾਲ਼ ਵਿਆਹ ਕਰਾਏਗੀ ਤਾਂ ਲੋਕ ਉਸ ਦਾ ਜਿਊਣਾ ਤਾਂ ਮੁਸ਼ਕਲ ਕਰਨਗੇ ਹੀ, ਉਸ ਦੇ ਮਾਂ-ਪਿਉ ਦਾ ਜਿਊਣਾ ਵੀ ਔਖਾ ਹੋ ਜਾਵੇਗਾ। ਨੈਂਸੀ ਅਤੇ ਥਾਮਸ ਨਾਲ਼ ਤਾਂ ਵਿਤਕਰਾ ਹੋਣਾ ਹੀ ਹੈ, ਉਨਾਂ ਦੇ ਬੱਚਿਆਂ ਨਾਲ਼ ਵੀ ਵਿਤਕਰਾ ਹੋਵੇਗਾ। ਮਾਂ-ਪਿਉ ਨੇ ਕਿਹਾ ਸੀ ਕਿ ਉਹ ਨੈਂਸੀ ਨੂੰ ਥਾਮਸ ਨਾਲ਼ ਵਿਆਹ ਕਰਾਉਣ ਦੇ ਬਿਲਕੁਲ ਹੱਕ ਵਿਚ ਨਹੀਂ।

ਨੈਂਸੀ ਦੇ ਮਾਂ-ਪਿਉ ਦੇ ਇਸ ਫ਼ੈਸਲੇ ਤੋਂ ਬਾਅਦ ਨੈਂਸੀ ਨੇ ਥਾਮਸ ਨਾਲ਼ ਗੱਲ ਕੀਤੀ ਅਤੇ ਦੋਹਾਂ ਨੇ ਇਹੋ ਠੀਕ ਸਮਝਿਆ ਕਿ ਉਨਾਂ ਦੀ ਕਿਸਮਤ ਵਿਚ ਇਕੱਠਿਆਂ ਜ਼ਿੰਦਗੀ ਬਿਤਾਉਣਾ ਨਹੀਂ ਸੀ ਲਿਖਿਆ। ਭਾਵੇਂ ਦੋਹਾਂ ਲਈ ਇਹ ਫ਼ੈਸਲਾ ਬਹੁਤ ਦੁੱਖ-ਦਾਈ ਸੀ, ਪਰ ਦੋਹਾਂ ਨੇ ਮਿਲ਼ ਕੇ ਆਪਣੇ-ਆਪਣੇ ਰਾਹਾਂ ਤੇ ਤੁਰਨ ਦਾ ਫ਼ੈਸਲਾ ਕਰ ਲਿਆ ਸੀ। ਵੱਖਰੇ ਹੋਣ ਤੋਂ ਪਹਿਲਾਂ ਉਨਾਂ ਦੋਹਾਂ ਨੇ ਦੋ ਦਿਨ ਇਕੱਠਿਆਂ ਬਿਤਾਏ, ਬੀਤੇ ਦਿਨਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ, ਕਈ ਵਾਰੀ ਹੱਸੇ, ਕਈ ਵਾਰੀ ਰੋਏ, ਅਤੇ ਭਵਿੱਖ ਵਿਚ ਇਕ-ਦੂਜੇ ਨਾਲ਼ ਥੋੜ੍ਹਾ-ਬਹੁਤ ਸੰਪਰਕ ਰੱਖਣ ਦਾ ਵਾਅਦਾ ਕਰ ਕੇ ਜੁਦਾ ਹੋ ਗਏ ਸਨ।

ਨੈਂਸੀ ਕੁਝ ਸਾਲ ਹਸਪਤਾਲ਼ ਵਿਚ ਨਰਸ ਦੀ ਨੌਕਰੀ ਕਰਦੀ ਰਹੀ ਅਤੇ ਫਿਰ ਇਕ ਹੋਰ ਹਸਪਤਾਲ਼ ਵਿਚ ਉਸ ਨੂੰ ਡਾਇਰੈਕਟਰ ਦੀ ਨੌਕਰੀ ਮਿਲ਼ ਗਈ ਸੀ। ਥਾਮਸ ਤੋਂ ਜੁਦਾ ਹੋ ਕੇ ਤਿੰਨ ਕੁ ਸਾਲਾਂ ਬਾਅਦ ਨੈਂਸੀ ਨੇ ਜੌਹਨ ਨਾਲ਼ ਸ਼ਾਦੀ ਕਰ ਲਈ ਸੀ। ਨੈਂਸੀ ਦਾ ਕਹਿਣਾ ਸੀ ਕਿ ਉਹ ਆਪਣੇ ਪਤੀ ਨੂੰ ਉਹੋ ਜਿਹਾ ਪਿਆਰ ਨਾ ਦੇ ਸਕੀ ਜੋ ਕਦੇ ਉਸ ਨੇ ਥਾਮਸ ਨੂੰ ਦਿੱਤਾ ਸੀ। ਆਪਣੇ ਪਤੀ ਨਾਲ਼ ਪਿਆਰ ਕਰਦਿਆਂ ਵੀ ਉਸ ਨੂੰ ਲਗਦਾ ਜਿਵੇਂ ਉਹ ਥਾਮਸ ਨਾਲ਼ ਹੀ ਪਿਆਰ ਕਰ ਰਹੀ ਸੀ। ਉਸ ਨੂੰ ਲੱਗਾ ਕਿ ਉਹ ਆਪਣੇ ਪਤੀ ਜੌਹਨ ਨੂੰ ਬਣਾਉਟੀ ਜਿਹਾ ਪਿਆਰ ਕਰ ਰਹੀ ਸੀ ਜੋ ਜੌਹਨ ਨਾਲ਼ ਬੇਇਨਸਾਫ਼ੀ ਸੀ। ਨੈਂਸੀ ਨੇ ਜੌਹਨ ਨੂੰ ਸੱਚ ਦੱਸ ਕੇ ਤਲਾਕ ਲੈਣ ਦੀ ਸਲਾਹ ਦਿੱਤੀ। ਪਹਿਲਾਂ ਤਾਂ ਜੌਹਨ ਨੈਂਸੀ ਨੂੰ ਮਨਾਉਂਦਾ ਰਿਹਾ ਕਿ ਤਲਾਕ ਦੀ ਨੌਬਤ ਨਾ ਆਵੇ ਪਰ ਨੈਂਸੀ ਦੇ ਜ਼ੋਰ ਪਾਉਣ ਤੇ ਉਹ ਤਲਾਕ ਲਈ ਮੰਨ ਗਿਆ ਅਤੇ ਦੋਵੇਂ ਦੋਸਤਾਨਾ ਢੰਗ ਨਾਲ਼ ਵੱਖਰੇ ਹੋ ਗਏ।

ਥਾਮਸ ਇਲੈਕਟ੍ਰਿਕ ਇੰਜੀਨੀਅਰਿੰਗ ਦੀ ਡਿਗਰੀ ਕਰ ਕੇ ਇਕ ਵੱਡੀ ਕੰਪਨੀ ਵਿੱਚ ਵਧੀਆ ਨੌਕਰੀ ਕਰਨ ਲੱਗ ਪਿਆ ਸੀ। ਉਸ ਦਾ ਕੰਮ ਵੀ ਬਹੁਤ ਵਧੀਆ ਸੀ ਅਤੇ ਤਨਖ਼ਾਹ ਵੀ ਚੰਗੀ ਸੀ ਪਰ ਨੈਂਸੀ ਦੇ ਵਿਛੋੜੇ ਨੇ ਉਸ ਨੂੰ ਬਹੁਤ ਧੱਕਾ ਲਾਇਆ ਸੀ। ਉਹ ਅੰਦਰੋਂ-ਬਾਹਰੋਂ ਟੁੱਟ ਬੈਠਾ ਸੀ। ਉਦਾਸੀ ਅਤੇ ਪਰੇਸ਼ਾਨੀ ਕਾਰਨ ਉਸ ਦਾ ਦਿਲ ਨਾ ਘਰ ਵਿਚ ਲਗਦਾ ਸੀ ਅਤੇ ਨਾ ਹੀ ਕੰਮ ਤੇ। ਉਹ ਆਪਣੇ ਦੋਸਤਾਂ ਤੋਂ ਵੀ ਦੂਰ ਰਹਿਣ ਲੱਗ ਪਿਆ ਸੀ। ਦੋਸਤਾਂ ਨਾਲ਼ ਕੌਫ਼ੀ ਤੇ ਜਾਣਾ, ਲੰਚ ਜਾਂ ਡਿਨਰ ਕਰਨ ਜਾਣਾ, ਆਦਿ, ਹੁਣ ਉਸ ਨੂੰ ਬਿਲਕੁਲ ਚੰਗਾ ਨਹੀਂ ਸੀ ਲਗਦਾ। ਥਾਮਸ ਦੇ ਦੋਸਤਾਂ ਨੇ ਉਸ ਵਿਚ ਆਈ ਤਬਦੀਲੀ ਨੂੰ ਭਾਂਪਿਆ ਸੀ ਅਤੇ ਵਾਰ ਵਾਰ ਉਸ ਨੂੰ ਪੁੱਛਿਆ ਸੀ ਕਿ ਉਸ ਦੀ ਉਦਾਸੀ ਦਾ ਕੀ ਕਾਰਨ ਸੀ ਪਰ ਥਾਮਸ ਕਿਸੇ ਨੂੰ ਕੁਝ ਨਹੀਂ ਸੀ ਦੱਸ ਰਿਹਾ ਸਗੋਂ "ਕੁਝ ਵੀ ਨਹੀਂ ਹੋਇਆ। ਸਭ ਠੀਕ-ਠਾਕ ਹੈ।" ਕਹਿ ਕੇ

ਗੱਲ ਮੁਕਾ ਦਿੰਦਾ ਸੀ। ਉਸ ਦੇ ਦੋਸਤਾਂ ਨੂੰ ਫ਼ਿਕਰ ਸੀ ਕਿ ਥਾਮਸ ਕਿਤੇ ਡਿਪਰੈਸ਼ਨ ਵਿਚ ਨਾ ਚਲੇ ਜਾਵੇ।

ਥਾਮਸ ਕਈ ਸਾਲ ਇਸੇ ਗ਼ਮਗੀਨ ਹਾਲਤ ਵਿਚ ਰਿਹਾ ਸੀ ਪਰ ਹੌਲ਼ੀ-ਹੌਲ਼ੀ ਸਮੇਂ ਨਾਲ਼ ਉਹ ਥੋੜੇ ਜਿਹੇ ਦੋਸਤਾਂ ਨਾਲ਼ ਫਿਰ ਮਿਲ਼ਣ-ਗਿਲ਼ਣ ਲੱਗ ਪਿਆ ਸੀ। ਦੋਸਤਾਂ ਨਾਲ਼ ਕੌਫ਼ੀ ਵਾਸਤੇ ਜਾਂ ਲੰਚ ਵਾਸਤੇ ਜਾਣ ਦਾ ਰੁਟੀਨ ਕੁਝ ਪਹਿਲਾਂ ਵਰਗਾ ਹੋ ਗਿਆ ਸੀ। ਉਸ ਨੇ ਫ਼ੈਸਲਾ ਕਰ ਲਿਆ ਸੀ ਕਿ ਜ਼ਿੰਦਗੀ ਵਿਚ ਉਹ ਕਦੇ ਵੀ ਸ਼ਾਦੀ ਨਹੀਂ ਕਰੇਗਾ। ਕੁਝ ਸਾਲ ਨੈਂਸੀ ਅਤੇ ਥਾਮਸ ਦੇ ਕਦੇ-ਕਦੇ ਇਕ-ਦੂਜੇ ਨੂੰ ਖ਼ਤ-ਪੱਤਰ ਆ-ਜਾ ਜਾਂਦੇ ਰਹੇ ਪਰ ਹੌਲ਼ੀ-ਹੌਲ਼ੀ ਇਹ ਸਿਲਸਿਲਾ ਵੀ ਬੰਦ ਹੋ ਗਿਆ ਸੀ। ਥਾਮਸ ਸਾਲ ਵਿਚ ਦੋ—ਤਿੰਨ ਵਾਰੀ ਆਪਣੇ ਪਿੰਡ ਆਪਣੇ ਮਾਂ-ਪਿਉ ਅਤੇ ਭੈਣਾਂ-ਭਰਾਵਾਂ ਨੂੰ ਮਿਲ਼ਣ ਜਾਂਦਾ ਤਾਂ ਉਨਾਂ ਤੋਂ ਨੈਂਸੀ ਬਾਰੇ ਜ਼ਰੂਰ ਪੁੱਛਦਾ ਕਿ ਕੀ ਉਹ ਕਦੇ ਪਿੰਡ ਆਈ ਸੀ ? ਜੇ ਆਈ ਸੀ ਅਤੇ ਉਨਾਂ ਨੇ ਦੇਖੀ ਸੀ ਤਾਂ ਉਸ ਦਾ ਕੀ ਹਾਲ ਸੀ ? ਨੈਂਸੀ ਵੀ ਕਦੇ ਕਦੇ ਆਪਣੇ ਪਿੰਡ ਜਾਂਦੀ ਸੀ ਅਤੇ ਇੱਧਰ-ਉੱਧਰ ਜੇ ਕੋਈ ਜਾਣ-ਪਛਾਣ ਵਾਲ਼ਾ ਮਿਲ਼ ਜਾਂਦਾ ਤਾਂ ਉਹ ਜ਼ਰੂਰ ਪੁੱਛਦੀ ਜੇ ਥਾਮਸ ਕਦੇ ਪਿੰਡ ਆਇਆ ਸੀ ਅਤੇ ਉਸ ਦਾ ਕੀ ਹਾਲ ਸੀ।

ਪੰਦਰਾਂ ਕੁ ਸਾਲ ਇਸ ਕੰਪਨੀ ਵਿਚ ਕੰਮ ਕਰ ਕੇ ਥਾਮਸ ਨੇ ਆਪਣੀ ਨੌਕਰੀ ਛੱਡ ਦਿੱਤੀ ਸੀ ਅਤੇ ਆਪਣੀ ਇਲੈਕਟ੍ਰਿਕ ਇੰਜੀਨੀਅਰਿੰਗ ਦੀ ਕੰਸਲਟਿੰਗ ਕੰਪਨੀ ਖੋਲ੍ਹ ਲਈ ਸੀ ਜੋ ਬਹੁਤ ਸਾਲ ਬੜੀ ਸਫ਼ਲਤਾ ਨਾਲ਼ ਚਲਦੀ ਰਹੀ ਸੀ। ਨੈਂਸੀ ਤੋਂ ਵੱਖ ਹੋ ਕੇ ਥਾਮਸ ਨੇ ਕੁਝ ਔਰਤਾਂ ਦੋਸਤ ਰੱਖੀਆਂ ਜਿਨਾਂ ਨਾਲ਼ ਉਸ ਦੇ ਜਿਸਮਾਨੀ ਸੰਬੰਧ ਸਨ ਪਰ ਉਹ ਕਿਸੇ ਨੂੰ ਵੀ ਆਪਣੀ ਪੱਕੀ ਅਤੇ ਸਦੀਵੀ ਸਹੇਲੀ ਨਾ ਬਣਾ ਸਕਿਆ। ਉਹ ਤਾਂ ਹਰ ਔਰਤ ਦੋਸਤ ਵਿਚੋਂ ਨੈਂਸੀ ਲੱਭ ਰਿਹਾ ਸੀ ਪਰ ਉਸ ਨੂੰ ਕਿਸੇ ਵੀ ਹੋਰ ਔਰਤ ਵਿਚੋਂ ਨੈਂਸੀ ਨਾ ਲੱਭੀ। ਭਾਵੇਂ ਉਸ ਦੀ ਆਪਣੀ ਕੰਪਨੀ ਤੋਂ ਮੁਨਾਫ਼ਾ ਕਾਫ਼ੀ ਸੀ ਪਰ ਉਹ ਬਹੁਤ ਸਾਰਾ ਪੈਸਾ ਇਨਾਂ ਔਰਤਾਂ ਤੇ ਖ਼ਰਚ ਕਰ ਦਿੰਦਾ ਸੀ। ਜਦੋਂ ਉਹ 65 ਕੁ ਸਾਲ ਦਾ ਸੀ ਤਾਂ ਉਸ ਦੀ ਸਿਹਤ ਕੁਝ ਖ਼ਰਾਬ ਰਹਿਣ ਲੱਗੀ ਜੋ 70 ਸਾਲ ਦੀ ਉਮਰ ਵਿਚ ਕਾਫ਼ੀ ਖ਼ਰਾਬ ਹੋ ਗਈ ਸੀ। ਉਸ ਦੇ ਸਰੀਰ ਨੂੰ ਕਈ ਬਿਮਾਰੀਆਂ ਲੱਗ ਗਈਆਂ ਸਨ। ਉਸ ਨੇ ਆਪਣੀ ਕੰਪਨੀ ਵੇਚਣੀ ਚਾਹੀ ਪਰ ਲੋਕਾਂ ਨੂੰ ਉਸ ਦੀ ਮਾੜੀ ਸਿਹਤ ਬਾਰੇ ਪਤਾ ਹੋਣ ਕਰ ਕੇ ਕੋਈ ਉਸ ਨੂੰ ਕੰਪਨੀ ਦੇ ਬਹੁਤੇ ਪੈਸੇ ਨਹੀਂ ਸੀ ਦੇਣਾ ਚਾਹੁੰਦਾ, ਕਿਉਂਕਿ ਸਭ ਨੂੰ ਪਤਾ ਸੀ ਕਿ ਥਾਮਸ ਨੂੰ ਕੰਪਨੀ ਵੇਚਣੀ ਹੀ ਪੈਣੀ ਹੈ। ਵੈਸੇ ਵੀ ਹੁਣ ਕਈ ਹੋਰ ਇਹੋ ਜਿਹੀਆਂ ਕੰਪਨੀਆਂ ਇਸ ਸ਼ਹਿਰ ਵਿਚ ਖੁੱਲ ਗਈਆਂ ਸਨ। ਇਸ ਲਈ ਥਾਮਸ ਨੇ ਜਿੰਨੇ ਵੀ ਪੈਸੇ ਮਿਲੇ, ਲੈ ਕੇ ਕੰਪਨੀ ਜਲਦੀ ਨਾਲ਼ ਵੇਚ ਦਿੱਤੀ। ਕੰਪਨੀ ਵੇਚਣ ਤੋਂ ਬਾਅਦ ਉਸ ਨੇ ਆਪਣਾ ਘਰ ਵੀ ਵੇਚ ਦਿੱਤਾ ਅਤੇ ਜੋ ਵੀ ਥੋੜ੍ਹੇ-ਬਹੁਤ ਪੈਸੇ ਬਚੇ ਉਹ ਲੈ ਕੇ ਥਾਮਸ ਆਪਣੇ ਪਿੰਡ ਜਾ ਵਸਿਆ ਜਿੱਥੇ ਉਹ ਜੰਮਿਆਂ-ਪਲਿਆ ਸੀ। ਉਸ ਨੇ ਪਿੰਡ ਰਹਿੰਦੇ ਆਪਣੇ ਭਰਾ ਦੇ ਘਰ ਵਿਚ ਇਕ ਕਮਰਾ ਲੈ ਲਿਆ ਸੀ ਅਤੇ ਆਪਣੀ ਦੇਖ-ਭਾਲ ਲਈ ਇਕ ਨਰਸ ਰੱਖ ਲਈ ਸੀ ਜੋ ਰੋਜ਼ ਕੁਝ ਘੰਟੇ ਉਸ ਦੀ ਦੇਖ-ਭਾਲ਼ ਕਰਨ ਆਉਂਦੀ ਸੀ। ਆਪਣੇ ਭਰਾ ਨੂੰ ਉਹ ਕਮਰੇ ਦੇ ਕਿਰਾਏ ਦੇ ਪੈਸੇ ਦਿੰਦਾ ਸੀ। ਹੌਲੀ-ਹੌਲੀ ਉਸ ਦੀ ਸਿਹਤ ਵਿਗੜਦੀ ਗਈ ਅਤੇ 74 ਕੁ ਸਾਲ ਦੀ ਉਮਰ ਵਿਚ ਉਸ ਲਈ ਆਪਣੇ-ਆਪ ਉੱਠਣਾ ਅਤੇ ਤੁਰਨਾ ਵੀ ਮੁਸ਼ਕਲ ਹੋ ਗਿਆ ਸੀ। ਜਦੋਂ ਨਰਸ ਆਉਂਦੀ, ਉਦੋਂ ਹੀ ਉਹ ਉਸ ਦੀ

ਮਦਦ ਨਾਲ ਥੋੜਾ-ਬਹੁਤ ਉੱਠ ਕੇ ਤੁਰਦਾ-ਫਿਰਦਾ। ਬਾਕੀ ਸਮਾਂ ਉਹ ਬੈੱਡ ਤੇ ਹੀ ਲੰਮਾ ਪਿਆ ਰਹਿੰਦਾ।

ਨੈਂਸੀ ਵੈਸੇ ਹੀ ਆਪਣੇ ਪਿੰਡ ਆਈ ਅਤੇ ਆਪਣੇ ਭਰਾ ਦੇ ਘਰ ਠਹਿਰੀ ਤਾਂ ਉਸ ਨੂੰ ਪਤਾ ਲੱਗਾ ਕਿ ਥਾਮਸ ਦੀ ਸਿਹਤ ਬਹੁਤ ਖ਼ਰਾਬ ਸੀ ਅਤੇ ਉਹ ਪਿੰਡ ਵਿਚ ਹੀ ਆਪਣੇ ਭਰਾ ਦੇ ਘਰ ਰਹਿੰਦਾ ਸੀ। ਨੈਂਸੀ ਥਾਮਸ ਨੂੰ ਦੇਖਣ ਗਈ ਤਾਂ ਉਸ ਦੀ ਹਾਲਤ ਦੇਖ ਕੇ ਹੈਰਾਨ ਰਹਿ ਗਈ। ਥਾਮਸ ਤਾਂ ਪਛਾਣਿਆਂ ਵੀ ਨਹੀਂ ਸੀ ਜਾਂਦਾ। ਭਾਵੇਂ ਥਾਮਸ ਨੇ ਨੈਂਸੀ ਨੂੰ ਬਹੁਤ ਸਾਲਾਂ ਤੋਂ ਨਹੀਂ ਸੀ ਦੇਖਿਆ ਪਰ ਉਸ ਨੇ ਫਿਰ ਵੀ ਨੈਂਸੀ ਨੂੰ ਕੁਝ ਉਸ ਦੀ ਅਵਾਜ਼ ਤੋਂ ਅਤੇ ਕੁਝ ਸ਼ਕਲ ਤੋਂ ਅੰਦਾਜ਼ਾ ਲਾ ਕੇ ਪਛਾਣ ਲਿਆ ਸੀ। ਥਾਮਸ ਦੀ ਹਾਲਤ ਦੇਖ ਕੇ ਨੈਂਸੀ ਸਿਰਫ਼ ਉਸ ਦਾ ਹਾਲ-ਚਾਲ ਹੀ ਪੁੱਛ ਸਕੀ ਅਤੇ ਹੋਰ ਕੁਝ ਵੀ ਨਾ ਕਹਿ ਸਕੀ। ਉਹ ਚੁੱਪ-ਚਾਪ ਹੈਰਾਨ ਹੋਈ ਉਸ ਦੇ ਮੰਜੇ ਤੇ ਉਸ ਦੇ ਕੋਲ਼ ਹੀ ਬੈਠ ਗਈ ਸੀ ਅਤੇ ਥਾਮਸ ਦੀ ਇੰਨੀ ਬੁਰੀ ਹਾਲਤ ਦੇਖ ਕੇ ਉਸ ਦੀਆਂ ਅੱਖਾਂ ਵਿਚ ਹੰਝੂ ਆ ਗਏ ਸਨ। ਥਾਮਸ ਹੌਲ਼ੀ ਜਿਹੀ ਬੋਲਿਆ, “ਨੈਂਸੀ, ਕੀ ਹਾਲ ਹੈ ਤੇਰਾ ?” ਨੈਂਸੀ ਨੇ ਥਾਮਸ ਦੇ ਹੱਥਾਂ ਨੂੰ ਆਪਣੇ ਹੱਥਾਂ ਵਿਚ ਫੜ ਕੇ ਕਿਹਾ, “ਥਾਮਸ, ਮੈਂ ਤਾਂ ਠੀਕ ਹਾਂ ਪਰ ਤੂੰ ਇਹ ਕੀ ਹਾਲ ਬਣਾ ਲਿਆ ਹੈ ? ਦੇਖ ਕੇ ਇਤਬਾਰ ਨਹੀਂ ਆ ਰਿਹਾ ਕਿ ਤੂੰ ਓਹੀ ਥਾਮਸ ਏਂ ਜੋ ...।” ਇਸ ਤੋਂ ਅੱਗੇ ਨੈਂਸੀ ਕੁਝ ਨਾ ਬੋਲ ਸਕੀ। ਉਹ ਸਿਰਫ਼ ਥਾਮਸ ਦੇ ਕੋਲ਼ ਬੈਠੀ ਉਸ ਦੇ ਹੱਥ ਆਪਣੇ ਹੱਥਾਂ ਵਿਚ ਫੜ ਕੇ ਪਲੋਸਦੀ ਰਹੀ। ਕੁਝ ਦੇਰ ਠਹਿਰ ਕੇ ਨੈਂਸੀ ਨੇ ਦੂਜੇ ਦਿਨ ਫਿਰ ਆਉਣ ਦਾ ਵਾਅਦਾ ਕਰ ਕੇ ਜਾਣ ਦੀ ਛੁੱਟੀ ਲਈ।

ਨੈਂਸੀ ਉਸ ਦਿਨ ਬਹੁਤ ਉਦਾਸ ਰਹੀ। ਰਾਤ ਨੂੰ ਉਸ ਨੂੰ ਮਸਾਂ ਤਿੰਨ ਕੁ ਘੰਟੇ ਹੀ ਨੀਂਦ ਆਈ। ਦਿਨ-ਰਾਤ ਉਹ ਸੋਚਦੀ ਰਹੀ ਕਿ ਕਿੰਨਾ ਚੰਗਾ ਹੋਵੇ ਜੇ ਉਹ ਥਾਮਸ ਨੂੰ ਆਪਣੇ ਨਾਲ਼ ਆਪਣੇ ਘਰ ਲੈ ਜਾਵੇ ਅਤੇ ਉਸ ਦੀ ਸੇਵਾ ਕਰੇ। ਦੂਜੇ ਦਿਨ ਉਹ ਫਿਰ ਥਾਮਸ ਨੂੰ ਮਿਲ਼ਣ ਗਈ ਅਤੇ ਉਸ ਨੇ ਥਾਮਸ ਨੂੰ ਕਿਹਾ ਕਿ ਉਹ ਉਸ ਨੂੰ ਆਪਣੇ ਨਾਲ਼ ਲੈ ਕੇ ਜਾਣਾ ਚਾਹੁੰਦੀ ਹੈ। ਨੈਂਸੀ ਕੋਲ਼ ਵਧੀਆ ਘਰ ਸੀ। ਉਹ ਰਿਟਾਇਰ ਹੋ ਕੇ ਵਧੀਆ ਜ਼ਿੰਦਗੀ ਗੁਜ਼ਾਰ ਰਹੀ ਸੀ। ਉਸ ਨੇ ਜ਼ਿੰਦਗੀ ਵਿਚ ਪੈਸੇ ਵੀ ਵਧੀਆ ਜੋੜੇ ਹੋਏ ਸਨ। ਪਹਿਲਾਂ ਤਾਂ ਥਾਮਸ ਕੁਝ ਨਾਂਹ-ਨੁੱਕਰ ਕਰਦਾ ਰਿਹਾ ਪਰ ਫਿਰ ਮੰਨ ਗਿਆ। ਨੈਂਸੀ ਨੇ ਥਾਮਸ ਨੂੰ ਕਿਹਾ ਕਿ ਉਹ ਦੋ ਦਿਨਾਂ ਨੂੰ ਵਾਪਸ ਆਪਣੇ ਘਰ ਜਾ ਰਹੀ ਹੈ। ਉਹ ਉਸ ਨਾਲ਼ ਜਾਣ ਲਈ ਤਿਆਰ ਰਹੇ। ਦੋ ਦਿਨਾਂ ਬਾਅਦ ਨੈਂਸੀ ਥਾਮਸ ਨੂੰ ਆਪਣੇ ਨਾਲ਼ ਲੈ ਕੇ ਆਪਣੇ ਘਰ ਨੂੰ ਚਲੇ ਗਈ ਜਿੱਥੇ ਉਸ ਨੇ ਥਾਮਸ ਨੂੰ ਬਹੁਤ ਚੰਗੀ ਤਰਾਂ ਰੱਖਿਆ ਅਤੇ ਉਸ ਦੀ ਵਧੀਆ ਸੇਵਾ ਕੀਤੀ। ਜਦੋਂ ਟੀ.ਵੀ. ਵਾਲ਼ਿਆਂ ਨੇ ਇਹ ਡਾਕੂਮੈਂਟਰੀ ਦਿਖਾਈ ਤਾਂ ਥਾਮਸ ਬੈੱਡ ਤੇ ਪਿਆ ਸੀ ਅਤੇ ਉਸ ਦੇ ਆਕਸੀਜਨ ਲੱਗੀ ਹੋਈ ਸੀ। ਉਹ ਬੋਲ ਵੀ ਨਹੀਂ ਸੀ ਸਕਦਾ। ਨੈਂਸੀ ਦੀ ਸਿਹਤ ਹਾਲੇ ਬਹੁਤ ਵਧੀਆ ਸੀ ਭਾਵੇਂ ਉਹ ਹੁਣ 80 ਸਾਲਾਂ ਦੀ ਹੋਣ ਵਾਲੀ ਸੀ। ਥਾਮਸ ਨੂੰ ਨੈਂਸੀ ਨਾਲ ਰਹਿੰਦਿਆਂ ਚਾਰ ਕੁ ਸਾਲ ਹੋ ਗਏ ਸਨ। ਡਾਕੂਮੈਂਟਰੀ ਦੇ ਅਖੀਰ ਤੇ ਥਾਮਸ ਅਤੇ ਨੈਂਸੀ ਦੋਹਾਂ ਦੀਆਂ ਅੱਖਾਂ ਵਿਚੋਂ ਅੱਥਰੂ ਵਗ ਰਹੇ ਸਨ। ਮੇਰੀਆਂ ਅੱਖਾਂ ਵੀ ਅੱਥਰੂਆਂ ਨਾਲ ਭਰ ਗਈਆਂ ਸਨ।

*****

ਡਾਕੂਮੈਂਟਰੀ ਦੇ ਮੁੱਕਣ ਤੇ ਮੈਂ ਕਾਫ਼ੀ ਦੇਰ ਸੁੰਨ ਹੋਇਆ ਸੋਫ਼ੇ ਤੇ ਬੈਠਾ ਆਪਣੀ ਜ਼ਿੰਦਗੀ ਬਾਰੇ ਸੋਚਦਾ ਰਿਹਾ ਜੋ ਕੁਝ-ਕੁਝ ਨੈਂਸੀ ਅਤੇ ਥਾਮਸ ਦੀ ਜ਼ਿੰਦਗੀ ਨਾਲ਼ ਮਿਲ਼ਦੀ

ਸੀ।

ਮੈਂ ਵੀ ਪੰਜਾਬ ਦੇ ਇਕ ਪਿੰਡ ਵਿਚ ਹੀ ਜੰਮਿਆਂ-ਪਲ਼ਿਆ ਸੀ। ਛੋਟਾ ਜਿਹਾ ਪਿੰਡ ਸੀ ਜਿੱਥੇ ਕਈ ਜਾਤਾਂ ਦੇ ਲੋਕ ਰਲ਼-ਮਿਲ਼ ਕੇ ਰਹਿੰਦੇ ਸਨ। ਮੈਂ ਪਿੰਡ ਦੇ ਸਕੂਲ ਤੋਂ ਪ੍ਰਾਇਮਰੀ ਕਲਾਸਾਂ ਪਾਸ ਕੀਤੀਆਂ ਸਨ। ਫਿਰ ਨਾਲ਼ ਦੇ ਵੱਡੇ ਪਿੰਡ ਵਾਲ਼ੇ ਸਕੂਲ ਤੋਂ ਮਿਡਲ ਅਤੇ ਹਾਈ ਸਕੂਲ ਦੀਆਂ ਕਲਾਸਾਂ ਪਾਸ ਕੀਤੀਆਂ ਸਨ। ਫਿਰ ਮੈਂ ਆਪਣੇ ਪਿੰਡ ਤੋਂ ਪੰਜ ਕੁ ਮੀਲ ਤੇ ਇਕ ਛੋਟੇ ਜਿਹੇ ਸ਼ਹਿਰ ਵਿਚਲੇ ਕਾਲਜ ਵਿਚ ਪੜ੍ਹਨ ਲੱਗਾ ਸੀ। ਮੈਂ ਕਾਲਜ ਤੋਂ ਰੋਜ਼ ਹੀ ਘਰ ਆ ਜਾਂਦਾ ਸੀ। ਮੇਰੀ ਮਾਂ ਅਤੇ ਮੇਰਾ ਬਾਪੂ ਦੋਵੇਂ ਪੁਰਾਣੇ ਜ਼ਮਾਨੇ ਦੇ ਜੇ.ਬੀ.ਟੀ. ਸਨ। ਮੇਰੀ ਮਾਂ ਤਾਂ ਸਾਡੇ ਪਿੰਡ ਹੀ ਪ੍ਰਾਇਮਰੀ ਸਕੂਲ ਵਿਚ ਪੜਾਉਂਦੀ ਸੀ ਅਤੇ ਬਾਪੂ ਨਾਲ਼ ਦੇ ਪਿੰਡ ਪ੍ਰਾਇਮਰੀ ਸਕੂਲ ਵਿਚ। ਦੋਹਾਂ ਨੂੰ ਰਲ਼ ਕੇ ਘਰ ਦੇ ਗੁਜ਼ਾਰੇ ਤੋਂ ਜ਼ਿਆਦਾ ਤਨਖ਼ਾਹ ਮਿਲ਼ ਜਾਂਦੀ ਸੀ। ਮਾਂ-ਪਿਉ ਚਾਹੁੰਦੇ ਸਨ ਕਿ ਮੈਂ ਪੜ੍ਹ ਕੇ ਕਿਸੇ ਚੰਗੀ ਨੌਕਰੀ ਤੇ ਲੱਗ ਜਾਵਾਂ। ਜਿੱਥੇ ਮੈਂ ਪੜ੍ਹਦਾ ਸੀ, ਉਸੇ ਕਾਲਜ ਵਿਚ ਲਾਗਲੇ ਪਿੰਡ ਦਾ ਰਣਜੀਤ ਸਿੰਘ ਰਾਣਾ ਵੀ ਮੇਰੇ ਨਾਲ਼ ਪੜ੍ਹਦਾ ਸੀ। ਸਾਡੀ ਦੋਹਾਂ ਦੀ ਕਾਫ਼ੀ ਦੋਸਤੀ ਸੀ।

ਕਾਲਜ ਵਿਚੋਂ ਬੀ.ਏ. ਕਰ ਕੇ ਮੈਂ ਅਤੇ ਰਣਜੀਤ ਦੋਹਾਂ ਨੇ 1978 ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ ਅੰਗਰੇਜ਼ੀ ਦੀ ਐੱਮ.ਏ. ਵਿਚ ਦਾਖ਼ਲਾ ਲੈ ਲਿਆ ਸੀ। ਰਣਜੀਤ ਦਾ ਇਕ ਰਿਸ਼ਤੇਦਾਰ ਚੰਡੀਗੜ ਰਹਿੰਦਾ ਸੀ। ਉਸ ਨੇ ਸਾਨੂੰ ਦੋਹਾਂ ਨੂੰ ਯੂਨੀਵਰਸਿਟੀ ਦੇ ਨੇੜੇ ਹੀ ਇਕ ਘਰ ਵਿਚ ਦੋ ਕਮਰੇ ਕਿਰਾਏ ਤੇ ਲੈ ਦਿੱਤੇ ਸਨ ਜਿੱਥੋਂ ਯੂਨੀਵਰਸਿਟੀ ਜਾਣ ਨੂੰ ਪੰਜ—ਸੱਤ ਮਿੰਟ ਹੀ ਲਗਦੇ ਸਨ। ਖਾਣ—ਪੀਣ ਲਈ ਕੁਝ ਚੀਜ਼ਾਂ ਅਸੀਂ ਘਰ ਦੀ ਰਸੋਈ ਵਿਚ ਹੀ ਬਣਾ ਸਕਦੇ ਸੀ ਅਤੇ ਬਹੁਤੀ ਵਾਰੀ ਰੋਟੀ ਵਗੈਰਾ ਬਾਹਰੋਂ ਖਾ ਲੈਂਦੇ ਸੀ।

ਜਿਸ ਦਿਨ ਅਸੀਂ ਯੂਨੀਵਰਸਿਟੀ ਵਿਚ ਦਾਖ਼ਲਾ ਲੈਣ ਗਏ ਸੀ ਉਸੇ ਦਿਨ ਉੱਥੇ ਸਾਨੂੰ ਹਰਮਨ ਅਤੇ ਸੁਖਜੀਤ ਮਿਲ ਗਈਆਂ ਸਨ ਜਿਨਾਂ ਨਾਲ਼ ਗੱਲਾਂ ਕਰਦਿਆਂ ਜਾਣਕਾਰੀ ਹੋ ਗਈ ਸੀ। ਦਾਖ਼ਲੇ ਦਾ ਕੰਮ ਮੁਕਾ ਕੇ ਅਸੀਂ ਚਾਰੇ ਜਣੇ ਯੂਨੀਵਰਸਿਟੀ ਦੇ ਕੌਫ਼ੀ ਹਾਊਸ ਵਿਚ ਕੌਫ਼ੀ ਪੀਣ ਚਲੇ ਗਏ ਸੀ। ਹਰਮਨ ਕੌਰ ਭੱਟੀ ਅਤੇ ਸੁਖਜੀਤ ਕੌਰ ਬਰਾੜ ਪਟਿਆਲ਼ੇ ਜ਼ਿਲੇ ਤੋਂ ਸਨ ਅਤੇ ਉਹ ਵੀ ਅੰਗਰੇਜ਼ੀ ਦੀ ਐੱਮ.ਏ. ਕਰਨ ਆਈਆਂ ਸਨ। ਉਹ ਦੋਵੇਂ ਯੂਨੀਵਰਸਿਟੀ ਵਿਚ ਆਉਣ ਤੋਂ ਪਹਿਲਾਂ ਪਟਿਆਲ਼ੇ ਦੇ ਨੇੜੇ ਇਕੋ ਕਾਲਜ ਵਿਚ ਪੜ੍ਹੀਆਂ ਸਨ ਅਤੇ ਆਪਸ ਵਿਚ ਵਧੀਆ ਦੋਸਤ ਸਨ। ਇਸ ਤਰਾਂ ਅਸੀਂ ਚਾਰੇ ਜਣੇ ਇਕੋ ਕਲਾਸ ਵਿਚ ਸੀ ਅਤੇ ਸਾਡੀਆਂ ਕੁਝ ਕਲਾਸਾਂ ਵੀ ਸਾਂਝੀਆਂ ਸਨ। ਹਰਮਨ ਅਤੇ ਸੁਖਜੀਤ ਯੂਨੀਵਰਸਿਟੀ ਦੇ ਹੋਸਟਲ ਵਿਚ ਰਹਿੰਦੀਆਂ ਸਨ। ਦੋ ਕੁ ਹਫ਼ਤਿਆਂ ਵਿਚ ਹੀ ਅਸੀਂ ਚਾਰੇ ਜਣੇ ਬਹੁਤ ਵਧੀਆ ਦੋਸਤ ਬਣ ਗਏ ਸੀ। ਕਲਾਸਾਂ ਤੋਂ ਬਾਅਦ ਅਸੀਂ ਇਕੱਠੇ ਹੀ ਪੜ੍ਹਦੇ, ਵਿਚਾਰ-ਵਟਾਂਦਰਾ ਕਰਦੇ, ਅਤੇ ਬਹਿਸਾਂ ਵੀ ਕਰਦੇ। ਰੋਜ਼ ਹੀ ਅਸੀਂ ਕੌਫ਼ੀ ਹਾਊਸ ਵਿਚ ਜਾ ਕੇ ਬੈਠੇ ਜਾਂ ਮੇਰੇ ਜਾਂ ਰਣਜੀਤ ਦੇ ਕਮਰੇ ਵਿਚ ਜਾ ਕੇ ਉਸ ਦਿਨ ਦੇ ਲੈਕਚਰਾਂ ਬਾਰੇ ਵਿਚਾਰ—ਵਟਾਂਦਰਾ ਕਰਦੇ ਰਹਿੰਦੇ। ਕਈ ਵਾਰੀ ਯੂਨੀਵਰਸਿਟੀ ਤੋਂ ਬਾਹਰ ਕੌਫ਼ੀ ਪੀਣ ਚਲੇ ਜਾਂਦੇ ਜਾਂ ਫਿਰਨ-ਤੁਰਨ ਚਲੇ ਜਾਂਦੇ।

ਭਾਵੇਂ ਹੌਲ਼ੀ-ਹੌਲ਼ੀ ਸਾਡੇ ਹੋਰ ਵੀ ਕਈ ਦੋਸਤ ਬਣ ਗਏ ਸਨ ਪਰ ਫਿਰ ਵੀ ਸਾਡਾ ਚਾਰ ਵਿਦਿਆਰਥੀਆਂ ਦਾ ਗਰੁੱਪ - ਰਣਜੀਤ, ਹਰਮਨ, ਸੁਖਜੀਤ, ਅਤੇ ਮੈਂ - ਜ਼ਿਆਦਾ ਦੋਸਤੀ ਵਾਲ਼ਾ ਗਰੁੱਪ ਸੀ। ਅਸੀਂ ਚਾਰੇ ਇਕ ਦੂਜੇ ਦੇ ਕਾਫ਼ੀ ਨੇੜੇ ਹੋ ਗਏ ਸੀ।

ਦਿਨ ਬੀਤਦੇ ਗਏ। ਦਿਨ-ਬ-ਦਿਨ ਸਾਡੀ ਚਾਰਾਂ ਦੋਸਤਾਂ ਦੀ ਨੇੜਤਾ ਵਧਦੀ ਗਈ। ਇੰਜ ਲਗਦਾ ਸੀ ਜਿਵੇਂ ਸੁਖਜੀਤ ਮੇਰੇ ਨੇੜੇ ਹੁੰਦੀ ਜਾ ਰਹੀ ਸੀ ਅਤੇ ਹਰਮਨ ਰਣਜੀਤ ਦੇ ਨੇੜੇ ਹੁੰਦੀ ਜਾ ਰਹੀ ਸੀ ਪਰ ਇਸ ਦੇ ਬਾਵਜੂਦ ਵੀ ਸਾਡੀ ਚਾਰਾਂ ਦੀ ਦੋਸਤੀ ਬਹੁਤ ਗੂੜ੍ਹੀ ਸੀ।

ਇਕ ਦਿਨ ਕਲਾਸ ਤੋਂ ਬਾਅਦ ਮੈਨੂੰ ਇਕੱਲਾ ਦੇਖ ਕੇ ਸੁਖਜੀਤ ਮੇਰੇ ਕੋਲ਼ ਆ ਕੇ ਕਹਿਣ ਲੱਗੀ, "ਮਿੰਦਰ, ਅੱਜ ਸ਼ਾਮ ਨੂੰ ਪੰਜ ਕੁ ਵਜੇ ਮੈਂ ਤੇਰੇ ਕਮਰੇ ਵਿਚ ਤੈਨੂੰ ਮਿਲ਼ਣ ਆ ਸਕਦੀ ਹਾਂ?"

"ਸੁਖਜੀਤ, ਜ਼ਰੂਰ, ਕਿਉਂ ਨਹੀਂ? ਜਦੋਂ ਮਰਜ਼ੀ ਆ। ਯੂ ਆਰ ਮੋਸਟ ਵੈਲਕਮ।" ਮੈਂ ਮੁਸਕਰਾਉਂਦੇ ਨੇ ਕਿਹਾ।

"ਠੀਕ, ਫਿਰ ਪੰਜ ਵਜੇ ਮੇਰੀ ਉਡੀਕ ਕਰੀਂ। ਉਸ ਵੇਲੇ ਕੋਈ ਹੋਰ ਤੇਰੇ ਕਮਰੇ ਵਿਚ ਨਹੀਂ ਹੋਣਾ ਚਾਹੀਦਾ।" ਸੁਖਜੀਤ ਨੇ ਬਹੁਤ ਸੀਰੀਅਸ ਹੁੰਦਿਆਂ ਮੈਨੂੰ ਕਿਹਾ।

"ਇਹ ਬੇਨਤੀ ਹੈ ਜਾਂ ਹੁਕਮ?" ਮੈਂ ਮੁਸਕਰਾ ਕੇ ਪੁੱਛਿਆ।

"ਤੇਰਾ ਕੀ ਖ਼ਿਆਲ ਹੈ?"

"ਮੈਨੂੰ ਤਾਂ ਹੁਕਮ ਲਗਦਾ।"

"ਜੋ ਮਰਜ਼ੀ ਸਮਝ ਲੈ। ਬੱਸ ਅੱਜ ਸ਼ਾਮ ਨੂੰ ਪੰਜ ਵਜੇ। ਤੇਰਾ ਕਮਰਾ। ਸਿਰਫ਼ ਤੂੰ ਤੇ ਮੈਂ। ਯਾਦ ਰੱਖੀਂ। ਭੁੱਲ ਨਾ ਜਾਵੀਂ।"

"ਤੇਰਾ ਹੁਕਮ ਸਿਰ-ਮੱਥੇ। ਬਿਲਕੁਲ ਨਹੀਂ ਭੁੱਲਾਂਗਾ। ਤੇਰੀ ਉਡੀਕ ਕਰਾਂਗਾ।"

"ਠੀਕ, ਮਿਲ਼ਦੇ ਹਾਂ ਸ਼ਾਮ ਨੂੰ।"

ਇਹ ਕਹਿ ਕੇ ਸੁਖਜੀਤ ਤਾਂ ਚਲੇ ਗਈ ਪਰ ਮੈਂ ਉਸੇ ਥਾਂ ਖੜ੍ਹਾ ਉਸ ਨੂੰ ਜਾਂਦੀ ਨੂੰ ਪਿੱਛਿਓਂ ਦੇਖਦਾ ਰਿਹਾ ਅਤੇ ਸੋਚਦਾ ਰਿਹਾ ਕਿ ਸੁਖਜੀਤ ਮੈਨੂੰ ਇਕੱਲੇ ਨੂੰ ਮੇਰੇ ਕਮਰੇ ਵਿਚ ਕਿਉਂ ਮਿਲ਼ਣਾ ਚਾਹੁੰਦੀ ਸੀ। ਕੁਝ ਸਮਝ ਨਾ ਆਇਆ। ਕੁਝ ਮਿੰਟਾਂ ਬਾਅਦ ਮੈਂ ਵੀ ਆਪਣੀ ਅਗਲੀ ਕਲਾਸ ਵਲ ਚਲੇ ਗਿਆ। ਕਲਾਸ ਵਿਚ ਬੈਠਾ ਵੀ ਮੈਂ ਸੁਖਜੀਤ ਦੇ ਮੈਨੂੰ ਮਿਲ਼ਣ ਆਉਣ ਬਾਰੇ ਸੋਚਦਾ ਰਿਹਾ।

ਪੂਰੇ ਪੰਜ ਵਜੇ ਮੇਰੇ ਕਮਰੇ ਦਾ ਦਰਵਾਜ਼ਾ ਖੜਕਿਆ। ਮੈਂ ਦਰਵਾਜ਼ਾ ਖੋਲਿਆ ਤਾਂ ਸੁਖਜੀਤ ਹੀ ਸੀ।

"ਵੈਲਕਮ ਟੂ ਮਾਈ ਅਨਟਾਇਡੀ (untidy) ਐਂਡ ਕਲਟਰਡ (cluttered) ਰੂਮ।" ਮੈਂ ਸੁਖਜੀਤ ਨੂੰ ਕਮਰੇ ਅੰਦਰ ਦਾਖ਼ਲ ਹੁੰਦੀ ਨੂੰ ਕਿਹਾ। ਮੇਰੇ ਕਮਰੇ ਵਿਚ ਬਹੁਤ ਸਾਰੀਆਂ ਕਿਤਾਬਾਂ ਅਤੇ ਹੋਰ ਚੀਜ਼ਾਂ ਹਮੇਸ਼ਾ ਖਿੱਲਰੀਆਂ ਰਹਿੰਦੀਆਂ ਸਨ। ਮੇਰੇ ਕਮਰੇ ਵਿਚ ਦੋ ਕੁਰਸੀਆਂ ਸਨ। ਮੈਂ ਸੁਖਜੀਤ ਨੂੰ ਇਕ ਕੁਰਸੀ ਤੇ ਬੈਠਣ ਨੂੰ ਕਿਹਾ ਅਤੇ ਆਪ ਉਸ ਦੇ ਸਾਹਮਣੇ ਦੂਜੀ ਕੁਰਸੀ ਤੇ ਬੈਠ ਗਿਆ।

"ਅੱਜ ਤਾਂ ਕਮਰਾ ਪਹਿਲਾਂ ਨਾਲੋਂ ਜ਼ਿਆਦਾ ਸਾਫ਼ ਲਗਦਾ। ਮੇਰੇ ਆਉਣ ਕਰ ਕੇ ਖ਼ਾਸ ਸਫ਼ਾਈ ਤਾਂ ਨਹੀਂ ਕੀਤੀ?" ਸੁਖਜੀਤ ਨੇ ਹੱਸ ਕੇ ਕਿਹਾ। ਸੁਖਜੀਤ ਪਹਿਲਾਂ ਵੀ ਮੇਰੇ ਕਮਰੇ ਵਿਚ ਆਈ ਸੀ ਪਰ ਇਕੱਲੀ ਨਹੀਂ। ਉਹ ਜਿੰਨੀ ਵਾਰੀ ਵੀ ਪਹਿਲਾਂ ਆਈ ਸੀ, ਰਣਜੀਤ ਅਤੇ ਹਰਮਨ ਵੀ ਆਉਂਦੇ ਸਨ।

"ਬੱਸ ਐਵੇਂ ਥੋੜ੍ਹੀਆਂ-ਬਹੁਤ ਚੀਜ਼ਾਂ ਇੱਧਰ-ਉੱਧਰ ਟਿਕਾਈਆਂ ਹਨ। ਸੋਚਿਆ

ਜਨਾਬ ਨੇ ਆਉਣਾ, ਕਮਰਾ ਥੋੜ੍ਹਾ ਜਿਹਾ ਤਾਂ ਸਾਫ਼-ਸੁਥਰਾ ਹੋਣਾ ਚਾਹੀਦਾ। ਹਾਂ ਸੱਚ ਦੱਸੋ ਕੀ ਸੇਵਾ ਕਰਾਂ ਜਨਾਬ ਦੀ ? ਮੇਰੇ ਕੋਲ਼ ਕੁਝ ਬਿਸਕੁਟ ਪਏ ਹਨ। ਮੈਂ ਇਹੋ ਭੇਟ ਕਰ ਸਕਦਾ ਹਾਂ। ਵੈਸੇ ਚਾਹ ਵੀ ਬਣਾ ਸਕਦਾ ਹਾਂ। ਚਾਹ ਨਾਲ ਬਿਸਕੁਟ ਸੁਆਦ ਲੱਗਣਗੇ।" ਮੈਂ ਸੁਖਜੀਤ ਨੂੰ ਕਿਹਾ।

"ਨਹੀਂ ਹਜ਼ੂਰ, ਮੈਂ ਬਿਸਕੁਟ ਖਾਣ ਜਾਂ ਚਾਹ ਪੀਣ ਨਹੀਂ ਆਈ। ਬਿਸਕੁਟਾਂ ਦੀ ਭੁੱਖ ਨਹੀਂ। ਚਾਹ ਦੀ ਵੀ ਲੋੜ ਨਹੀਂ। ਬਹੁਤ ਧੰਨਵਾਦ।"

"ਫਿਰ ਹੋਰ ਕੀ ਖਾਓਗੇ ਜਾਂ ਪੀਓਗੇ ? ਹੁਕਮ ਕਰੋ। ਜੇ ਹੋ ਸਕਿਆ ਤਾਂ ...।" ਮੈਂ ਗੱਲ ਵਿਚਕਾਰ ਹੀ ਛੱਡ ਦਿੱਤੀ। ਸਾਡਾ ਚਾਰਾਂ ਦੋਸਤਾਂ ਦਾ ਗਰੁੱਪ ਆਪਸ ਵਿਚ ਕਾਫ਼ੀ ਖੁੱਲਿਆ ਹੋਇਆ ਸੀ ਅਤੇ ਅਸੀਂ ਇਕ-ਦੂਜੇ ਨਾਲ ਮਜ਼ਾਕ ਕਰ ਲੈਂਦੇ ਸੀ।

"ਬੱਸ ਵੈਸੇ ਹੀ ਇਕ ਜ਼ਰੂਰੀ ਗੱਲ ਕਰਨ ਆਈ ਹਾਂ।"

"ਹੁਕਮ ਕਰੋ ਜਨਾਬ। ... ਪਾਣੀ ਪੀਓਗੇ ?"

"ਪਾਣੀ ਪੀ ਲਵਾਂਗੀ। ਗੱਲ ਕਰਨ ਤੋਂ ਪਹਿਲਾਂ ਗਲ਼ਾ ਤਰ ਕਰ ਲਵਾਂ।" ਸੁਖਜੀਤ ਨੇ ਹੱਸਦੀ ਨੇ ਕਿਹਾ।

"ਲਓ ਜਨਾਬ, ਗਲ਼ਾ ਤਰ ਕਰ ਲਓ। ਲਗਦਾ ਗੱਲ ਕੋਈ ਜ਼ਿਆਦਾ ਹੀ ਖ਼ੁਸ਼ਕੀ ਵਾਲ਼ੀ ਹੈ।" ਮੈਂ ਸੁਖਜੀਤ ਨੂੰ ਪਾਣੀ ਫੜਾਉਂਦਿਆਂ ਮਜ਼ਾਕ ਕਰਦਿਆਂ ਹੱਸ ਕੇ ਕਿਹਾ।

ਸੁਖਜੀਤ ਨੇ ਕੋਈ ਜਵਾਬ ਨਾ ਦਿੱਤਾ ਅਤੇ ਦੋ ਕੁ ਮਿੰਟ ਕਮਰੇ ਵਿਚ ਚੁੱਪ ਛਾਈ ਰਹੀ। ਮੈਂ ਉਸ ਵਲ ਟਿਕਟਿਕੀ ਲਗਾ ਕੇ ਦੇਖ ਰਿਹਾ ਸੀ। ਸੁਖਜੀਤ ਕਦੇ ਮੇਰੇ ਵਲ ਦੇਖਣ ਲੱਗ ਜਾਂਦੀ ਅਤੇ ਕਦੇ ਫ਼ਰਸ਼ ਵਲ ਦੇਖਣ ਲੱਗ ਜਾਂਦੀ।

"ਜਨਾਬ, ਕੁਝ ਦੱਸੋ ਵੀ ਕੀ ਗੱਲ ਕਰਨੀ ਹੈ ?" ਮੈਂ ਦੋ ਕੁ ਮਿੰਟਾਂ ਦੀ ਚੁੱਪ ਤੋਂ ਬਾਅਦ ਪੁੱਛਿਆ।

ਸੁਖਜੀਤ ਮੇਰੇ ਵਲ ਦੇਖ ਕੇ ਮੁਸਕਰਾਈ ਅਤੇ ਕੁਝ ਸਕਿੰਟਾਂ ਬਾਅਦ ਬੋਲੀ, "ਤੇਰਾ ਦਿਲ ਤੇਰੇ ਕੋਲ਼ ਹੀ ਹੈ ਜਾਂ ਕਿਸੇ ਨੂੰ ਦੇ ਦਿੱਤਾ ਹੈ ?"

"ਕੀ ਮਤਲਬ ?"

"ਹਜ਼ੂਰ, ਸਵਾਲ ਬਹੁਤ ਠੇਠ ਪੰਜਾਬੀ ਵਿਚ ਹੈ। ਭੋਲ਼ੇ ਨਾ ਬਣੋ। ਇੰਨੇ ਸੌਖੇ ਸਵਾਲ ਦਾ ਜਵਾਬ ਤਾਂ ਤੁਹਾਨੂੰ ਪਤਾ ਹੀ ਹੈ।"

"ਸੁਖਜੀਤ, ਤੇਰਾ ਸਵਾਲ ਮੈਨੂੰ ਸੌਖਾ ਨਹੀਂ ਲਗਦਾ।"

"ਇਸ ਸਵਾਲ ਦਾ ਜਵਾਬ ਤਾਂ ਸੌਖਾ ਹੀ ਹੈ ਨਾ।"

"ਮੇਰਾ ਦਿਲ ... ਮੇਰਾ ਦਿਲ ... ਮੇਰਾ ਦਿਲ ... ਮੇਰਿਆ ਰੱਬਾ!"

"ਹਾਂ ਜੀ ਹਜ਼ੂਰ, ਤੁਹਾਡਾ ਦਿਲ। ਕਿੱਥੇ ਹੈ ? ਤੁਹਾਡੇ ਕੋਲ਼ ਜਾਂ ਕਿਸੇ ਹੋਰ ਕੋਲ਼ ?"

"ਮੇਰਾ ਦਿਲ, ... ਹਾਲੇ ਤਾਂ ਮੇਰੇ ਕੋਲ਼ ਹੀ ਹੈ। ਨਾ ਕਿਸੇ ਨੇ ਮੰਗਿਆ ਹੈ ਅਤੇ ਨਾ ਮੈਂ ਕਿਸੇ ਨੂੰ ਦਿੱਤਾ ਹੈ।" ਮੈਂ ਸ਼ਰਾਰਤੀ ਜਿਹੇ ਹਾਸੇ ਨਾਲ ਹੱਸਦਿਆਂ ਸੁਖਜੀਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਕਿਹਾ।

"ਦੇਖਿਆ ਕਿੰਨਾ ਸੌਖਾ ਸਵਾਲ ਸੀ ਅਤੇ ਕਿੰਨਾ ਸੌਖਾ ਜਵਾਬ!"

"ਪਰ ਤੂੰ ਇਹ ਸਵਾਲ ਮੈਨੂੰ ਪੁੱਛਿਆ ਕਿਉਂ ?"

"ਕੋਈ ਹੈ ਜੋ ਹਜ਼ੂਰ ਦੇ ਦਿਲ ਦਾ ਗਾਹਕ ਹੈ।" ਸੁਖਜੀਤ ਨੇ ਕੁਝ ਸਕਿੰਟ ਚੁੱਪ ਰਹਿ ਕੇ ਕਿਹਾ।

"ਤੂੰ ਵਿਚੋਲਗਿਰੀ ਦਾ ਕੰਮ ਕਰ ਰਹੀ ਏਂ ?"

"ਹਾ ਹਾ ਹਾ ਹਾ, ਮੈਂ ਕਿਸੇ ਦੀ ਵਿਚੋਲਗਿਰੀ ਨਹੀਂ ਕਰ ਰਹੀ। ਪਰ ਤੂੰ ਦੱਸ ਕਿ ਜੇ ਕੋਈ ਦਿਲ ਦਾ ਗਾਹਕ ਹੋਵੇ ਤਾਂ ਹਜ਼ੂਰ ਦਾ ਕੀ ਵਿਚਾਰ ਹੋਵੇਗਾ ?" ਸੁਖਜੀਤ ਨੇ ਹੱਸਦੀ ਨੇ ਪੁੱਛਿਆ।

"ਜੇ ਗਾਹਕ ਵਧੀਆ ਹੋਵੇ ਅਤੇ ਮੇਰੇ ਦਿਲ ਦੀ ਸਹੀ ਕੀਮਤ ਜਾਣਦਾ ਹੋਵੇ ਤਾਂ ਸੌਦਾ ਹੋ ਸਕਦਾ।" ਮੈਂ ਵੀ ਹੱਸ ਕੇ ਕਿਹਾ।

"ਅੱਛਾ, ਤਾਂ ਸੌਦਾ ਕਰਨਾ ਚਾਹੁੰਦੇ ਹੋ।"

"ਹੋਰ ਦਿਲ ਕਿਸੇ ਨੂੰ ਮੁਫ਼ਤ ਥੋੜੀ ਦੇ ਦੇਣਾ। ਦਿਲ ਬਹੁਤ ਕੀਮਤੀ ਚੀਜ਼ ਹੈ।"

"ਕਿੰਨੀ ਕੁ ਕੀਮਤ ਹੈ ਹਜ਼ੂਰ ਦੇ ਦਿਲ ਦੀ ?"

"ਇਹ ਤਾਂ ਗਾਹਕ ਤੇ ਨਿਰਭਰ ਕਰਦੀ ਹੈ ਕਿ ਗਾਹਕ ਕਿਹੋ ਜਿਹਾ ਹੈ।"

"ਜੇ ਮੈਂ ਹੀ ਹਜ਼ੂਰ ਦੇ ਦਿਲ ਦੀ ਗਾਹਕ ਹੋਵਾਂ ਤਾਂ ?"

"ਤੂੰ ? ਜਨਾਬ, ਤੇਰੇ ਲਈ ਮੇਰਾ ਦਿਲ ਮੁਫ਼ਤ ਵਿਚ ਹੈ। ਸਿਰਫ਼ ਤੈਨੂੰ ਇਸ ਦੇ ਬਦਲੇ ਆਪਣਾ ਦਿਲ ਦੇਣਾ ਪਵੇਗਾ। ਮੇਰਾ ਦਿਲ ਬਹੁਤ ਨਾਜ਼ਕ ਹੈ। ਤੈਨੂੰ ਇਸ ਨੂੰ ਬਹੁਤ ਧਿਆਨ ਅਤੇ ਪਿਆਰ ਨਾਲ ਰੱਖਣਾ ਪਵੇਗਾ।"

"ਮੈਂ ਇਸ ਨੂੰ ਬਹੁਤ ਪਿਆਰ ਨਾਲ ਰੱਖਾਂਗੀ।"

"ਸੋਚ ਲੈ। ਫਿਰ ਇਸ ਨੂੰ ਤੋੜ ਕੇ ਤੁਰਦੀ ਤਾਂ ਨਹੀਂ ਹੋਵੇਂਗੀ ? ਇਹ ਤਾਂ ਮਾਮੂਲੀ ਜਿਹੀ ਠੋਕਰ ਨਾਲ ਹੀ ਟੁੱਟਣ ਵਾਲ਼ਾ।"

"ਫ਼ਿਕਰ ਨਾ ਕਰ। ਮੈਂ ਇਸ ਨੂੰ ਟੁੱਟਣ ਨਹੀਂ ਦਿਆਂਗੀ। ਬਹੁਤ ਸੰਭਾਲ਼ ਕੇ ਰੱਖਾਂਗੀ।"

"ਦੇਖ-ਸੋਚ ਲੈ। ਐਵੇਂ ਮਗਰੋਂ ਨਾ ਪਛਤਾਵੀਂ।"

"ਨਹੀਂ ਪਛਤਾਉਂਦੀ।"

"ਇਹ ਤੇਰਾ ਆਖ਼ਰੀ ਫ਼ੈਸਲਾ ਹੈ ?"

"ਹਾਂ, ਆਖ਼ਰੀ ਫ਼ੈਸਲਾ।"

ਮੈਂ ਆਪਣੀ ਕੁਰਸੀ ਤੋਂ ਉੱਠ ਕੇ ਸੁਖਜੀਤ ਨੂੰ ਬਾਂਹਾਂ ਤੋਂ ਫੜ ਕੇ ਕੁਰਸੀ ਤੋਂ ਉਠਾਇਆ ਅਤੇ ਆਪਣੀ ਗਲਵੱਕੜੀ ਵਿਚ ਲੈ ਲਿਆ।

"ਅੱਜ ਤੋਂ ਤੂੰ ਮੇਰੀ ਏਂ, ਮੇਰੀ ਸੁੱਖ।" ਮੈਂ ਸੁਖਜੀਤ ਨੂੰ ਆਪਣੇ ਨਾਲ਼ ਘੁੱਟਦਿਆਂ ਧੀਮੀ ਅਵਾਜ਼ ਵਿਚ ਕਿਹਾ।

"ਤੇ ਤੂੰ ਮੇਰਾ ਏਂ, ਮੇਰਾ ਮਿੰਦਰ।" ਉਸ ਨੇ ਮੈਨੂੰ ਆਪਣੇ ਨਾਲ਼ ਘੁੱਟਦੀ ਨੇ ਆਖਿਆ।

ਅਸੀਂ ਪਤਾ ਨਹੀਂ ਕਿੰਨੀ ਦੇਰ ਇਸੇ ਤਰਾਂ ਇਕ ਦੂਜੇ ਨਾਲ਼ ਲੱਗ ਕੇ ਖੜੇ ਰਹੇ। ਸਮੇਂ ਦੀ ਵੀ ਕੋਈ ਖ਼ਬਰ ਨਾ ਰਹੀ।

"ਚੱਲ ਆਪਾਂ ਬਾਹਰ ਰੈਸਟੋਰੈਂਟ ਵਿਚ ਖਾਣਾ ਖਾ ਆਈਏ।" ਕਾਫ਼ੀ ਦੇਰ ਬਾਅਦ ਮੈਂ ਸੁਖਜੀਤ ਨੂੰ ਆਖਿਆ।

"ਪੰਜ-ਦਸ ਮਿੰਟ ਹੋਰ ਠਹਿਰ ਲੈ। ਹਾਲੇ ਮੈਨੂੰ ਹੋਸ਼ ਵਿਚ ਆ ਲੈਣ ਦੇ।"

"ਮੈਨੂੰ ਨਹੀਂ ਸੀ ਪਤਾ ਕਿ ਜਨਾਬ ਬੇਹੋਸ਼ੀ ਵਿਚ ਸਨ।"

"ਨੀਮ-ਬੇਹੋਸ਼ੀ ਹਜ਼ੂਰ। ਤੁਹਾਡਾ ਹੀ ਕਸੂਰ ਹੈ।"

"ਮੇਰਾ ਬੇਕਸੂਰ ਦਾ ਕਸੂਰ ?"

"ਬੰਦਾ ਬੇਕਸੂਰ ਹੋ ਕੇ ਵੀ ਕਸੂਰਵਾਰ ਹੋ ਸਕਦਾ।"

"ਚਲੋ ਕੋਈ ਗੱਲ ਨਹੀਂ। ਮੈਂ ਹਜ਼ੂਰ ਨੂੰ ਖੁਸ਼ ਕਰਨ ਲਈ ਜੁਰਮ ਕਬੂਲ ਕਰਦਾ ਹਾਂ।" ਮੈਂ ਹੱਸ ਕੇ ਕਿਹਾ।

ਮੈਂ ਮੁਸਕਰਾਉਂਦੇ ਨੇ ਉਸ ਦੇ ਬੁੱਲਾਂ ਤੇ ਹਲਕੀ ਜਿਹੀ ਚੁੰਮਣ ਦੇ ਦਿੱਤੀ। ਉਸ ਨੇ ਮੀਟੀਆਂ ਹੋਈਆਂ ਅੱਖਾਂ ਨਾਲ਼ ਆਪਣੇ ਬੁੱਲ ਖੋਲ ਦਿੱਤੇ। ਕੁਝ ਦੇਰ ਬਾਅਦ ਅਸੀਂ ਖਾਣਾ ਖਾਣ ਚਲੇ ਗਏ।

ਖਾਣਾ ਖਾ ਕੇ ਸੁਖਜੀਤ ਫਿਰ ਮੇਰੇ ਨਾਲ਼ ਹੀ ਮੇਰੇ ਕਮਰੇ ਵਿਚ ਆ ਗਈ। ਅਸੀਂ ਬੈਠੇ ਗੱਲਾਂ ਕਰਦੇ ਰਹੇ - ਆਪਣੇ ਬਾਰੇ, ਆਪਣੇ ਪਰਿਵਾਰਾਂ ਬਾਰੇ, ਆਪਣੇ ਰਿਸ਼ਤੇਦਾਰਾਂ ਬਾਰੇ, ਆਪਣੀਆਂ ਆਦਤਾਂ ਬਾਰੇ, ਅਤੇ ਜ਼ਿੰਦਗੀ ਦੇ ਆਦਰਸ਼ਾਂ ਬਾਰੇ। ਸਾਨੂੰ ਗੱਲਾਂ ਕਰਦਿਆਂ ਨੂੰ ਰਾਤ ਦਾ ਇਕ ਵੱਜ ਚੱਲਿਆ ਸੀ। ਸੁਖਜੀਤ ਆਪਣੇ ਹੋਸਟਲ ਨੂੰ ਜਾਣ ਦਾ ਨਾਂ ਹੀ ਨਹੀਂ ਸੀ ਲੈ ਰਹੀ।

"ਹੁਣ ਆਪਾਂ ਨੂੰ ਸੌਂ ਜਾਣਾ ਚਾਹੀਦਾ।" ਮੈਂ ਕਿਹਾ।

"ਸਵੇਰ ਨੂੰ ਐਤਵਾਰ ਹੀ ਹੈ। ਉੱਠਣ ਦੀ ਕੋਈ ਕਾਹਲ਼ੀ ਨਹੀਂ ਹੋਣੀ। ਰੱਜ ਕੇ ਗੱਲਾਂ ਤਾਂ ਕਰ ਲਈਏ।" ਸੁਖਜੀਤ ਹਾਲੇ ਵੀ ਸੌਣ ਦੇ ਮੂਡ ਵਿਚ ਨਹੀਂ ਸੀ।

"ਪਰ ਮੈਨੂੰ ਤਾਂ ਨੀਂਦ ਆਉਂਦੀ ਹੈ।"

"ਚਲੋ ਫਿਰ ਸੌਂ ਜਾਂਦੇ ਹਾਂ।"

"ਤੂੰ ਆਪਣੇ ਹੋਸਟਲ ਨਹੀਂ ਜਾਣਾ ?"

"ਝੱਲਿਆ, ਮੈਂ 'ਕੱਲੀ ਕੁੜੀ ਹੁਣ ਰਾਤ ਦੇ ਇਕ ਵਜੇ ਤੁਰ ਕੇ ਆਪਣੇ ਹੋਸਟਲ ਨੂੰ ਜਾਵਾਂ ? ਤੈਨੂੰ ਡਰ ਲਗਦਾ ਜੇ ਮੈਂ ਇੱਥੇ ਸੌਂ ਜਾਵਾਂ ? ਜੇ ਡਰ ਲਗਦਾ ਤਾਂ ਮੈਂ ਜ਼ਮੀਨ ਤੇ ਸੌਂ ਜਾਵਾਂਗੀ।"

"ਨਹੀਂ, ਨਹੀਂ, ਡਰ ਵਾਲ਼ੀ ਕੋਈ ਗੱਲ ਨਹੀਂ। ਤੂੰ ਇੱਥੇ ਸੌਂ ਸਕਦੀ ਏਂ। ਹੁਣ ਇਹ ਕਮਰਾ ਮੇਰਾ ਵੀ ਹੈ ਅਤੇ ਤੇਰਾ ਵੀ।" ਮੈਂ ਉੱਪਰੋਂ ਤਾਂ ਕਹਿ ਦਿੱਤਾ ਪਰ ਅੰਦਰੋਂ ਥੋੜਾ ਡਰ ਵੀ ਲਗਦਾ ਸੀ।

ਸੁਖਜੀਤ ਉਸ ਰਾਤ ਮੇਰੇ ਕੋਲ਼ ਹੀ ਮੇਰੇ ਕਮਰੇ ਵਿਚ ਸੌਂ ਗਈ। ਉਸ ਰਾਤ ਤੋਂ ਬਾਅਦ ਤਾਂ ਸੁਖਜੀਤ ਕਈ ਵਾਰੀ ਮੇਰੇ ਕੋਲ਼ ਆਉਂਦੀ ਗੱਲਾਂ ਕਰਦੀ-ਕਰਦੀ ਜਾਣ-ਬੁੱਝ ਕੇ ਦੇਰ ਕਰ ਦਿੰਦੀ ਅਤੇ ਫਿਰ ਮੇਰੇ ਕੋਲ਼ ਹੀ ਸੌਂ ਜਾਂਦੀ।

*****

ਦਿਨ ਬੀਤਦੇ ਗਏ। ਮੇਰਾ ਅਤੇ ਸੁਖਜੀਤ ਦਾ ਪਿਆਰ ਦਿਨ-ਬ-ਦਿਨ ਵਧਦਾ ਹੀ ਗਿਆ। ਦੂਜੇ ਪਾਸੇ ਰਣਜੀਤ ਅਤੇ ਹਰਮਨ ਵੀ ਇਕ-ਦੂਜੇ ਦੇ ਨੇੜੇ ਹੋ ਗਏ ਸਨ। ਉਹ ਦੋਵੇਂ ਵੀ ਪਿਆਰ ਦੇ ਬੰਧਨ ਵਿਚ ਬੰਨ੍ਹੇ ਗਏ ਸਨ। ਪਰ ਸਾਡਾ ਚਾਰਾਂ ਦੋਸਤਾਂ ਦਾ ਆਪਸ ਵਿਚ ਪਿਆਰ ਓਵੇਂ ਹੀ ਬਣਿਆਂ ਰਿਹਾ। ਕਈ ਵਾਰੀ ਅਸੀਂ ਚਾਰੇ ਜਣੇ ਕੌਫ਼ੀ ਲਈ ਜਾਂ ਬਾਹਰ

ਫਿਰਨ-ਤੁਰਨ ਲਈ ਇਕੱਠੇ ਚਲੇ ਜਾਂਦੇ ਸੀ।

ਇੰਜ ਲੱਗਾ ਜਿਵੇਂ ਐੱਮ.ਏ. ਦੇ ਦੋ ਸਾਲ ਅੱਖ ਝਮਕਣ ਵਾਂਗ ਝੱਟ-ਪੱਟ ਲੰਘ ਗਏ ਹੋਣ। ਅਸੀਂ ਚਾਰੇ ਦੋਸਤ ਐੱਮ.ਏ. ਵਿਚੋਂ ਫ਼ਸਟ ਕਲਾਸ ਲੈ ਕੇ ਪਾਸ ਹੋਏ। ਸਾਡੇ ਪ੍ਰੋਫੈਸਰਾਂ ਦੀਆਂ ਵਧੀਆ ਰੈਕੋਮੈਂਡੇਸ਼ਨਜ਼ (recommendations) ਕਾਰਨ ਸਾਨੂੰ ਚਾਰਾਂ ਨੂੰ ਕਈ ਕਾਲਜਾਂ ਤੋਂ ਨੌਕਰੀ ਦੀਆਂ ਪੇਸ਼ਕਸ਼ਾਂ ਆਈਆਂ। ਰਣਜੀਤ ਅਤੇ ਹਰਮਨ ਦੋਹਾਂ ਨੇ ਚੰਡੀਗੜ੍ਹ ਦੇ ਇਕ ਵੱਡੇ ਕਾਲਜ ਵਿਚ ਇਕੱਠਿਆਂ ਹੀ ਨੌਕਰੀ ਲੈ ਲਈ ਸੀ। ਸੁਖਜੀਤ ਅਤੇ ਮੈਂ ਦੋਹਾਂ ਨੇ ਚੰਡੀਗੜ੍ਹ ਦੇ ਦੋ ਵੱਖਰੇ-ਵੱਖਰੇ ਕਾਲਜਾਂ ਵਿਚ ਪ੍ਰੋਫੈਸਰ ਦੀ ਨੌਕਰੀ ਲੈ ਲਈ ਸੀ। ਇਸ ਤਰਾਂ ਅਸੀਂ ਸਾਰੇ ਦੋਸਤ ਚੰਡੀਗੜ੍ਹ ਹੀ ਵਸ ਗਏ ਸੀ।

ਕਾਲਜਾਂ ਵਿਚ ਪ੍ਰੋਫੈਸਰ ਲੱਗਣ ਤੋਂ ਬਾਅਦ ਵੀ ਅਸੀਂ ਚਾਰੇ ਦੋਸਤ ਦੋ ਕੁ ਹਫ਼ਤਿਆਂ ਬਾਅਦ ਮਿਲ਼ਦੇ ਰਹਿੰਦੇ। ਮੇਰਾ ਕਾਲਜ ਸੁਖਜੀਤ ਦੇ ਕਾਲਜ ਤੋਂ ਬਹੁਤੀ ਦੂਰ ਨਹੀਂ ਸੀ। ਇਸ ਲਈ ਅਸੀਂ ਤੀਜੇ-ਚੌਥੇ ਦਿਨ ਜ਼ਰੂਰ ਮਿਲ਼ਦੇ ਰਹਿੰਦੇ। ਹੁਣ ਵੀ ਸੁਖਜੀਤ ਕਈ ਵਾਰੀ ਮੇਰੇ ਕੋਲ਼ ਆ ਕੇ ਰਾਤ ਰਹਿ ਜਾਂਦੀ ਸੀ। ਐੱਮ.ਏ. ਕਰਨ ਤੋਂ ਤਿੰਨ ਸਾਲ ਬਾਅਦ ਰਣਜੀਤ ਅਤੇ ਹਰਮਨ ਦਾ ਉਨਾਂ ਦੇ ਪਰਿਵਾਰਾਂ ਦੀ ਸਹਿਮਤੀ ਨਾਲ਼ ਵਿਆਹ ਹੋ ਗਿਆ ਸੀ ਅਤੇ ਉਹ ਦੋਵੇਂ ਵਧੀਆ ਜ਼ਿੰਦਗੀ ਗੁਜ਼ਾਰ ਰਹੇ ਸਨ।

ਇਸੇ ਦੌਰਾਨ ਮੈਂ ਸੁਖਜੀਤ ਨਾਲ਼ ਕਈ ਵਾਰੀ ਵਿਆਹ ਕਰਾਉਣ ਦੀ ਗੱਲ ਕੀਤੀ ਸੀ ਪਰ ਉਹ ਗੱਲ ਕਿਸੇ ਸਿਰੇ ਨਹੀਂ ਸੀ ਲਾ ਰਹੀ। "ਆਪਾਂ ਨੂੰ ਵਿਆਹ ਦੀ ਕਾਹਲ਼ੀ ਕਾਹਦੀ ਹੈ ? ਹਾਲੇ ਆਪਣੀ ਉਮਰ ਕਿਹੜੀ ਜ਼ਿਆਦਾ ਹੋ ਗਈ ਹੈ। ਕੋਈ ਗੱਲ ਨਹੀਂ, ਸੋਚ ਲਵਾਂਗੇ।" ਹਰ ਵਾਰੀ ਉਹ ਇਹੋ ਜਿਹੇ ਜਵਾਬ ਦੇ ਛੱਡਦੀ। ਮੈਨੂੰ ਕੁਝ ਸਮਝ ਨਹੀਂ ਸੀ ਆ ਰਹੀ ਕਿ ਉਹ ਵਿਆਹ ਦੀ ਗੱਲ ਤੇ ਟਾਲ਼-ਮਟੋਲ਼ ਕਿਉਂ ਕਰਦੀ ਸੀ।

ਇਸੇ ਤਰਾਂ ਸਾਨੂੰ ਨੌਕਰੀ ਕਰਦਿਆਂ ਨੂੰ ਚਾਰ ਸਾਲ ਲੰਘ ਚੱਲੇ ਸਨ। ਭਾਵੇਂ ਸੁਖਜੀਤ ਮੈਨੂੰ ਪਹਿਲਾਂ ਵਾਂਗ ਹੀ ਮਿਲ਼ਦੀ ਸੀ ਅਤੇ ਪਿਆਰ ਕਰਦੀ ਸੀ ਪਰ ਵਿਆਹ ਦੀ ਗੱਲ ਕਰਨ ਤੋਂ ਉਹ ਹਮੇਸ਼ਾ ਝਿਜਕਦੀ ਸੀ। ਮੈਨੂੰ ਪਤਾ ਸੀ ਕਿ ਜੇ ਮੇਰਾ ਵਿਆਹ ਸੁਖਜੀਤ ਨਾਲ਼ ਨਾ ਹੋਇਆ ਤਾਂ ਮੈਂ ਕਿਸੇ ਹੋਰ ਔਰਤ ਨੂੰ ਸੁਖਜੀਤ ਵਾਂਗ ਪਿਆਰ ਨਹੀਂ ਕਰ ਸਕਾਂਗਾ ਅਤੇ ਨਾ ਹੀ ਕੋਈ ਹੋਰ ਔਰਤ ਸੁਖਜੀਤ ਵਾਂਗ ਮੈਨੂੰ ਪਿਆਰ ਕਰ ਸਕੇਗੀ। ਸੁਖਜੀਤ ਦੇ ਪਿਆਰ ਵਿਚ ਸਚਾਈ ਸੀ, ਇਮਾਨਦਾਰੀ ਸੀ, ਉਤਸ਼ਾਹ ਸੀ, ਜੋਸ਼ ਸੀ, ਅਤੇ ਅਥਾਹ ਖੁਸ਼ੀ ਸੀ। ਉਸ ਦੇ ਪਿਆਰ ਵਿਚ ਕੋਈ ਬਣਾਉਟੀਪਣ, ਕੋਈ ਸਵਾਰਥ, ਕੋਈ ਰੋਸ ਅਤੇ ਕੋਈ ਆਲਸ ਨਹੀਂ ਸੀ। ਐੱਮ.ਏ. ਪੂਰੀ ਕਰਨ ਤੋਂ ਚਾਰ ਸਾਲਾਂ ਬਾਅਦ ਮੈਂ ਵਿਆਹ ਲਈ ਸੁਖਜੀਤ ਦਾ ਮਨ ਟੋਹਣਾ ਚਾਹੁੰਦਾ ਸੀ। ਮੈਂ ਉਸ ਨੂੰ ਗੁਆਉਣਾ ਵੀ ਨਹੀਂ ਸੀ ਚਾਹੁੰਦਾ।

"ਸੁੱਖ, ਫਿਰ ਆਪਾਂ ਵਿਆਹ ਕਦੋਂ ਕਰਾਉਣਾ ?" ਇਕ ਦਿਨ ਮੈਂ ਸੁਖਜੀਤ ਨੂੰ ਪੁੱਛਿਆ। ਉਸ ਦਿਨ ਐਤਵਾਰ ਸੀ ਅਤੇ ਸੁਖਜੀਤ ਸਨਿਚਰਵਾਰ ਤੋਂ ਹੀ ਮੇਰੇ ਕੋਲ਼ ਠਹਿਰੀ ਹੋਈ ਸੀ।

"ਮਿੰਦਰ, ਮੈਂ ਕੁਝ ਨਹੀਂ ਕਹਿ ਸਕਦੀ।" ਮੈਂ ਸੁਖਜੀਤ ਵਲ ਦੇਖਿਆ ਤਾਂ ਉਸ ਦਾ ਚਿਹਰਾ ਇਕ ਦਮ ਉਦਾਸ ਜਿਹਾ ਹੋ ਗਿਆ ਸੀ ਅਤੇ ਅੱਖਾਂ ਵਿਚ ਵੀ ਕੁਝ ਪਾਣੀ ਭਰ ਆਇਆ ਸੀ।

"ਤੈਨੂੰ ਵਿਆਹ ਤੋਂ ਡਰ ਲਗਦਾ ?"

"ਮਿੰਦਰ, ਨਹੀਂ ਡਰ ਵਾਲ਼ੀ ਗੱਲ ਨਹੀਂ।"

"ਆਪਣੇ ਮਾਤਾ-ਪਿਤਾ ਨਾਲ਼ ਕਦੇ ਗੱਲ ਕੀਤੀ ਹੈ ?"

"ਉਹ ਤਾਂ ਮੈਨੂੰ ਵਿਆਹ ਕਰਾਉਣ ਬਾਰੇ ਪੁੱਛਦੇ ਰਹਿੰਦੇ ਹਨ।"

"ਫਿਰ ਤੂੰ ਉਨਾਂ ਨੂੰ ਸਭ ਕੁਝ ਦੱਸ ਕਿਉਂ ਨਹੀਂ ਦਿੰਦੀ ?"

"ਤੈਨੂੰ ਕਿਵੇਂ ਦੱਸਾਂ, ਮਿੰਦਰ!" ਸੁਖਜੀਤ ਨੇ ਮੈਨੂੰ ਆਪਣੀਆਂ ਬਾਂਹਾਂ ਵਿਚ ਲੈ ਕੇ ਆਪਣਾ ਸਿਰ ਮੇਰੀ ਛਾਤੀ ਨਾਲ਼ ਲਾ ਲਿਆ ਅਤੇ ਸਿਸਕੀਆਂ ਲੈ ਕੇ ਰੋਣ ਲੱਗ ਪਈ। ਅਸੀਂ ਦੋਵੇਂ ਹੀ ਸੋਫ਼ੇ ਤੇ ਨਾਲ਼-ਨਾਲ਼ ਬੈਠੇ ਸੀ।

"ਸੁਖਜੀਤ, ਤੂੰ ਬੇਫ਼ਿਕਰ ਹੋ ਕੇ ਦੱਸ। ਮੈਨੂੰ ਅਸਲੀਅਤ ਦਾ ਕੁਝ ਪਤਾ ਤਾਂ ਲੱਗੇ।"

"ਮਿੰਦਰ, ਮੈਂ ਆਪਣੇ ਮਾਂ-ਪਿਉ ਨਾਲ਼ ਥੋੜੀ ਜਿਹੀ ਗੱਲ ਕੀਤੀ ਸੀ। ਮੈਂ ਉਨਾਂ ਨੂੰ ਪੁੱਛਿਆ ਸੀ ਕਿ ਜੇ ਮੈਂ ਜਾਤ ਤੋਂ ਬਾਹਰ ਵਿਆਹ ਕਰਾਉਣਾ ਚਾਹਾਂ ਤਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ। ਉਨਾਂ ਨੇ ਤੇਰੀ ਜਾਤ ਪੁੱਛੀ ਸੀ। ਮੈਂ ਦੱਸ ਦਿੱਤੀ। ਉਨਾਂ ਨੇ ਨਾਂਹ ਕਰ ਦਿੱਤੀ।" ਸਿਸਕੀਆਂ ਲੈਂਦੀ ਸੁਖਜੀਤ ਨੇ ਹੌਲ਼ੀ-ਹੌਲ਼ੀ ਮੈਨੂੰ ਦੱਸ ਦਿੱਤਾ।

"ਹਾਂ, ਬਿਲਕੁਲ, ਇਕ ਜੱਟਾਂ ਦੀ ਕੁੜੀ ਇਕ ਨੀਚ ਜਾਤ ਦੇ ਮੁੰਡੇ ਨਾਲ਼ ਵਿਆਹ ਕਿਵੇਂ ਕਰਾ ਲਵੇਗੀ।"

"ਮਿੰਦਰ, ਮੇਰੇ ਲਈ ਤੂੰ ਨੀਚ ਜਾਤ ਦਾ ਮੁੰਡਾ ਨਹੀਂ। ਮੇਰੇ ਲਈ ਸਾਡੀ ਸਭ ਦੀ ਜਾਤ ਇਕੋ ਹੈ, ਇਨਸਾਨੀਅਤ। ਪਰ ਤੈਨੂੰ ਪਤਾ ਹੀ ਹੈ ਸਾਡਾ ਸਮਾਜ ਕਿਵੇਂ ਸੋਚਦਾ। ਮੇਰੇ ਲਈ ਤੂੰ ਬਹੁਤ ਵਧੀਆ ਸੱਚਾ-ਸੁੱਚਾ ਇਨਸਾਨ ਏਂ। ਮੈਂ ਜਾਤਾਂ ਵਿਚ ਯਕੀਨ ਨਹੀਂ ਰੱਖਦੀ।"

"ਸੁਖਜੀਤ, ਕੀ ਮੈਂ ਤੇਰੇ ਮਾਂ—ਪਿਉ ਨੂੰ ਮਿਲ ਕੇ ਉਨਾਂ ਨਾਲ਼ ਗੱਲ ਕਰ ਸਕਦਾ ਹਾਂ ?"

"ਮਿੰਦਰ, ਨਹੀਂ, ਮੈਂ ਨਹੀਂ ਚਾਹੁੰਦੀ ਕਿ ਗੱਲ ਐਵੇਂ ਵਧੇ ਅਤੇ ਉਹ ਤੈਨੂੰ ਮਾੜਾ—ਚੰਗਾ ਬੋਲਣ।"

"ਫਿਰ ਤੂੰ ਮੇਰੇ ਨਾਲ਼ ਵਿਆਹ ਕਰਾਉਣ ਨੂੰ ਤਿਆਰ ਏਂ ? ਮੈਨੂੰ ਤੂੰ ਇਸੇ ਤਰਾਂ ਮਨਜ਼ੂਰ ਏਂ। ਕਿਸੇ ਧਾਰਮਿਕ ਰਵਾਇਤਾਂ ਦੀ ਲੋੜ ਨਹੀਂ। ਇਸੇ ਤਰਾਂ ਇਨਾਂ ਕੱਪੜਿਆਂ ਵਿਚ ਮੇਰੇ ਨਾਲ਼ ਮੇਰੇ ਘਰ ਚੱਲ ਅਤੇ ਮੇਰੇ ਨਾਲ਼ ਰਹਿਣ ਲੱਗ ਪੈ।"

"ਮਿੰਦਰ, ਇਹ ਕਿਵੇਂ ਹੋ ਸਕਦਾ ? ਮੇਰੇ ਮਾਂ-ਪਿਉ ਦੀ ਇੱਜ਼ਤ ਦਾ ਸਵਾਲ ਹੈ।"

"ਸੁਖਜੀਤ, ਮੈਂ ਤੈਨੂੰ ਕਿਸੇ ਤਰਾਂ ਵੀ ਅਪਨਾਉਣ ਲਈ ਤਿਆਰ ਹਾਂ। ਤੂੰ ਹਾਂ ਕਰ। ਜੇ ਤੂੰ ਚਾਹੇਂ ਤਾਂ ਆਪਣੇ ਮਾਂ-ਪਿਉ ਦੇ ਕਹੇ ਅਨੁਸਾਰ ਵਿਆਹ ਕਰਾਉਣਾ ਚਾਹੁੰਦੀ ਏਂ, ਤਾਂ ਕਰਾ ਲੈ। ਫਿਰ ਭਾਵੇਂ ਜਦੋਂ ਮਰਜ਼ੀ ਆਪਣੇ ਪਤੀ ਨੂੰ ਛੱਡ ਕੇ ਆ ਜਾਵੀਂ, ਮੈਂ ਤੈਨੂੰ ਖੁੱਲੀਆਂ ਬਾਂਹਾਂ ਨਾਲ਼ ਵੈਲਕਮ ਕਰਾਂਗਾ।"

"ਮਿੰਦਰ, ਮੈਂ ਇਹ ਕਿਵੇਂ ਕਰ ਸਕਦੀ ਹਾਂ ? ਮੈਂ ਲੜਕੀ ਹਾਂ। ਲੜਕੀ ਲਈ ਇੰਜ ਕਰਨਾ ਅਸੰਭਵ ਹੈ। ਲੜਕਾ ਸ਼ਾਇਦ ਇਸ ਤਰਾਂ ਕਰ ਸਕਦਾ ਹੈ। ਮੈਂ ਤੈਨੂੰ ਦਿਲੋਂ ਪਿਆਰ ਕਰਦੀ ਹਾਂ ਅਤੇ ਕਰਦੀ ਰਹਾਂਗੀ। ਕਿਸੇ ਹੋਰ ਨਾਲ਼ ਮੇਰੀ ਜ਼ਿੰਦਗੀ ਉਹੋ ਜਿਹੀ ਨਹੀਂ ਹੋਵੇਗੀ ਜੋ ਤੇਰੇ ਨਾਲ਼ ਹੋਣੀ ਸੀ। ਕਾਸ਼ ਮੈਂ ...।"

"ਸੁਖਜੀਤ, ਜ਼ਿੰਦਗੀ ਵਿਚ ਜਦੋਂ ਵੀ ਤੇਰਾ ਮੇਰੇ ਘਰ ਆ ਕੇ ਵਸਣ ਲਈ ਜੀਅ ਕਰੇਗਾ, ਮੇਰੇ ਘਰ ਦਾ ਦਰਵਾਜ਼ਾ ਤੇਰੇ ਲਈ ਖੁੱਲਾ ਹੋਵੇਗਾ। ਤੂੰ ਬਹੁਤ ਨੇਕ ਔਰਤ ਏਂ। ਮੈਂ

ਤੈਨੂੰ ਪਿਆਰ ਕੀਤਾ ਹੈ।ਮੈਂ ਕਦੇ ਵੀ ਤੇਰੇ ਬਾਰੇ ਮਾੜਾ ਨਹੀਂ ਸੋਚਾਂਗਾ ਜਾਂ ਬੋਲਾਂਗਾ।ਮੇਰੇ ਦਿਲ ਵਿਚ ਹਮੇਸ਼ਾ ਹੀ ਤੇਰੇ ਬਾਰੇ ਵਧੀਆ ਵਿਚਾਰ ਰਹਿਣਗੇ।"

ਕੁਝ ਦੇਰ ਚੁੱਪ ਛਾਈ ਰਹੀ। ਸੁਖਜੀਤ ਨੇ ਕੋਈ ਜਵਾਬ ਨਾ ਦਿੱਤਾ।

"ਸੁੱਖ, ਜੇ ਤੂੰ ਸਹਿਮਤ ਏਂ ਤਾਂ ਆਪਾਂ ਦੋਵੇਂ ਵਿਆਹ ਨਹੀਂ ਕਰਾਉਂਦੇ। ਆਪਾਂ ਸਾਰੀ ਉਮਰ ਇਸੇ ਤਰਾਂ ਰਹੀ ਜਾਂਦੇ ਹਾਂ। ਜੇ ਤੈਨੂੰ ਮਨਜ਼ੂਰ ਹੈ, ਤਾਂ ਮੈਨੂੰ ਮਨਜ਼ੂਰ ਹੈ।" ਮੈਂ ਫਿਰ ਕਿਹਾ।

"ਮਿੰਦਰ, ਤੈਨੂੰ ਪਤਾ ਹੀ ਹੈ ਕਿ ਸਾਰੀ ਉਮਰ ਇਸ ਤਰਾਂ ਕੱਟਣੀ ਬਹੁਤ ਮੁਸ਼ਕਲ ਹੈ। ਮੈਂ ਆਪਣੇ ਮਾਂ—ਪਿਉ ਨੂੰ ਕੀ ਦੱਸਾਂਗੀ ?"

ਅਸੀਂ ਸਾਰਾ ਦਿਨ ਅਤੇ ਰਾਤ ਉਦਾਸ ਮਨਾਂ ਨਾਲ਼ ਇਕ-ਦੂਜੇ ਨੂੰ ਪਿਆਰ ਕਰਦੇ ਰਹੇ। ਸੋਮਵਾਰ ਅਸੀਂ ਦੋਵੇਂ ਕਾਲਜ ਪੜ੍ਹਾਉਣ ਨਾ ਗਏ। ਪੜ੍ਹਾਉਣ ਨੂੰ ਮਨ ਹੀ ਨਹੀਂ ਸੀ ਕਰ ਰਿਹਾ। ਸਾਰਾ ਦਿਨ ਇਕੱਠੇ ਬੈਠੇ ਰਹੇ। ਸ਼ਾਮ ਨੂੰ ਇਕ ਦੂਜੇ ਨੂੰ ਘੁੱਟ ਕੇ ਗਲਵੱਕੜੀ ਪਾਈ ਅਤੇ ਇਕ ਦੂਜੇ ਤੋਂ ਜੁਦਾ ਹੋ ਗਏ।

ਉਸ ਸਾਲ ਦੇ ਅਖੀਰ ਤੇ ਮੈਂ ਆਪਣੇ ਪਿੰਡ ਦੇ ਨੇੜਲੇ ਕਾਲਜ ਵਿਚ ਜਿੱਥੇ ਮੈਂ ਪੜ੍ਹਿਆ ਸੀ ਪੜ੍ਹਾਉਣ ਦੀ ਨੌਕਰੀ ਲੈ ਲਈ ਅਤੇ ਚੰਡੀਗੜ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ।

*****

ਮਾਂ-ਪਿਉ ਤਾਂ ਪਹਿਲਾਂ ਹੀ ਕਈ ਸਾਲਾਂ ਤੋਂ ਮੈਨੂੰ ਵਿਆਹ ਕਰਾਉਣ ਲਈ ਕਹਿ ਰਹੇ ਸਨ ਪਰ ਹੁਣ ਜਦੋਂ ਮੈਂ ਨੌਕਰੀ ਘਰ ਦੇ ਕੋਲ਼ ਵਾਲ਼ੇ ਕਾਲਜ ਵਿਚ ਲੈ ਲਈ ਸੀ ਅਤੇ ਘਰ ਰਹਿੰਦਾ ਸੀ ਤਾਂ ਮਾਂ-ਪਿਉ ਵਿਆਹ ਲਈ ਹੋਰ ਵੀ ਜ਼ਿਆਦਾ ਕਹਿਣ ਲੱਗ ਪਏ ਸਨ। ਕਈ ਰਿਸ਼ਤੇ ਆਉਂਦੇ ਸਨ ਪਰ ਮੈਂ ਨਾਂਹ ਕਰਦਾ ਰਿਹਾ ਸੀ।

ਮੈਨੂੰ ਚੰਡੀਗੜ੍ਹ ਛੱਡ ਕੇ ਘਰ ਆਏ ਨੂੰ ਤਿੰਨ ਕੁ ਸਾਲ ਹੋਏ ਸਨ ਕਿ ਇਕ ਰਿਸ਼ਤਾ ਆਇਆ। ਮਾਂ-ਪਿਉ ਨੇ ਵੀ ਜ਼ੋਰ ਪਾਇਆ ਕਿ ਮੈਂ ਹਾਂ ਕਰ ਦੇਵਾਂ ਕਿਉਂਕਿ ਇਹੋ ਜਿਹਾ ਰਿਸ਼ਤਾ ਸ਼ਾਇਦ ਮੁੜ ਕੇ ਨਾ ਮਿਲ਼ੇ। ਮਾਂ-ਪਿਉ ਕਹਿ ਰਹੇ ਸਨ ਕਿ ਕਿਸਮਤ ਇਹੋ ਜਿਹਾ ਵਧੀਆ ਮੌਕਾ ਜ਼ਿੰਦਗੀ ਵਿਚ ਇਕੋ ਵਾਰੀ ਦਿੰਦੀ ਹੈ ਅਤੇ ਜੇ ਅਸੀਂ ਇਸ ਮੌਕੇ ਨੂੰ ਖੁੰਝਾ ਦੇਈਏ ਤਾਂ ਸਾਰੀ ਉਮਰ ਪਛਤਾਵਾ ਹੁੰਦਾ ਹੈ। ਇਕ ਨਜ਼ਦੀਕੀ ਰਿਸ਼ਤੇਦਾਰ ਇਸ ਰਿਸ਼ਤੇ ਦੀ ਵਿਚੋਲਗੀ ਕਰ ਰਿਹਾ ਸੀ। ਲੜਕੀ, ਜਿਸ ਦਾ ਨਾਂ ਹਰਸ਼ਰਨ ਕੌਰ ਸੀ ਅਤੇ ਜਿਸ ਨਾਲ਼ ਮੇਰੀ ਸ਼ਾਦੀ ਕਰਨ ਲਈ ਕਿਹਾ ਜਾ ਰਿਹਾ ਸੀ, ਮੇਰੀ ਕੁ ਉਮਰ ਦੀ ਹੀ ਸੀ ਅਤੇ ਅਮਰੀਕਾ ਵਿਚ ਰਹਿ ਰਹੀ ਸੀ। ਹਰਸ਼ਰਨ ਜੰਮੀ-ਪਲ਼ੀ ਪੰਜਾਬ ਵਿਚ ਹੀ ਸੀ। ਜਦੋਂ ਹਰਸ਼ਰਨ ਅਤੇ ਉਸ ਦਾ ਸਾਰਾ ਪਰਿਵਾਰ ਅਮਰੀਕਾ ਗਏ ਸਨ ਤਾਂ ਉਸ ਦੀ ਉਮਰ 17 ਕੁ ਸਾਲਾਂ ਦੀ ਸੀ। ਰਿਸ਼ਤੇਦਾਰਾਂ ਨੇ ਮੈਨੂੰ ਹਰਸ਼ਰਨ ਦੀ ਫ਼ੋਟੋ ਵੀ ਦਿਖਾਈ ਅਤੇ ਮੇਰੀ ਸਲਾਹ ਪੁੱਛੀ। ਮੈਂ ਦੋ-ਤਿੰਨ ਮਹੀਨੇ ਦਾ ਸਮਾਂ ਮੰਗਿਆ ਸੋਚ-ਵਿਚਾਰ ਕਰਨ ਲਈ।

ਇਸ ਰਿਸ਼ਤੇ ਨੇ ਮੈਨੂੰ ਕਸ਼ਮਕਸ਼ ਵਿਚ ਪਾ ਦਿੱਤਾ ਸੀ। ਕਦੇ ਮੈਂ ਸੋਚਦਾ ਕਿ ਮੈਨੂੰ ਆਪਣੀ ਸਹਿਮਤੀ ਦੇ ਦੇਣੀ ਚਾਹੀਦੀ ਹੈ ਕਿਉਂਕਿ ਇਸ ਤਰਾਂ ਮੈਂ ਸੁਖਜੀਤ ਤੋਂ ਦੂਰ ਚਲੇ ਜਾਵਾਂਗਾ ਜੋ ਸ਼ਾਇਦ ਮੇਰੇ ਲਈ ਵਧੀਆ ਹੋਵੇ। ਕਦੇ ਮੈਂ ਸੋਚਦਾ ਕਿ ਸ਼ਾਇਦ ਮੈਂ ਕਿਸੇ ਹੋਰ ਔਰਤ ਨਾਲ਼ ਐਡਜਸਟ ਨਾ ਹੋ ਸਕਾਂ, ਇਸ ਲਈ ਮੈਨੂੰ ਨਾਂਹ ਕਰ ਦੇਣੀ ਚਾਹੀਦੀ ਹੈ। ਮੈਂ ਕੁਝ ਦੋਸਤਾਂ ਦੀ ਸਲਾਹ ਲਈ। ਬਹੁਤਿਆਂ ਨੇ ਕਿਹਾ ਕਿ ਮੈਨੂੰ ਇਹ ਮੌਕਾ ਖੁੰਝਾਉਣਾ ਨਹੀਂ ਚਾਹੀਦਾ

ਅਤੇ ਹਾਂ ਕਰ ਦੇਣੀ ਚਾਹੀਦੀ ਹੈ। ਮੈਂ ਚੰਡੀਗੜ੍ਹ ਜਾ ਕੇ ਰਣਜੀਤ ਅਤੇ ਹਰਮਨ ਨਾਲ਼ ਵੀ ਸਲਾਹ ਕੀਤੀ। ਉਨਾਂ ਦੀ ਸਲਾਹ ਸੀ, "ਮਿੰਦਰ, ਕਾਸ਼ ਤੇਰੀ ਸ਼ਾਦੀ ਸੁਖਜੀਤ ਨਾਲ਼ ਹੋ ਜਾਂਦੀ। ਪਰ ਹੁਣ ਤੂੰ ਇਹ ਰਿਸ਼ਤਾ ਮਨਜ਼ੂਰ ਕਰ ਲੈ। ਸ਼ਾਇਦ ਅਮਰੀਕਾ ਜਾਣ ਨਾਲ਼ ਤੈਨੂੰ ਪਿਛੋਕੜ ਦਾ ਦਰਦ ਭੁੱਲ ਜਾਵੇ।" ਇਸ ਤਰਾਂ ਬਹੁਤੇ ਦੋਸਤਾਂ ਦੀਆਂ ਸਲਾਹਾਂ ਹਾਂ ਵਿਚ ਹੋਣ ਕਰ ਕੇ ਮੈਂ ਇਸ ਰਿਸ਼ਤੇ ਲਈ ਹਾਂ ਕਰ ਦਿੱਤੀ। ਰਿਸ਼ਤੇ ਲਈ ਹਾਂ ਕਰਨ ਤੋਂ ਪਹਿਲਾਂ ਮੈਂ ਅਤੇ ਹਰਸ਼ਰਨ ਨੇ ਦੋ ਵਾਰੀ ਫ਼ੋਨ ਤੇ ਕਾਫ਼ੀ ਲੰਬੀਆਂ ਗੱਲਾਂ ਵੀ ਕੀਤੀਆਂ ਸਨ ਇਕ-ਦੂਜੇ ਬਾਰੇ ਜਾਨਣ ਲਈ। ਮਹੀਨੇ ਕੁ ਵਿਚ ਰਿਸ਼ਤੇ ਦੀ ਗੱਲ ਪੱਕੀ ਹੋ ਗਈ ਸੀ।

ਫ਼ੈਸਲਾ ਇਹ ਹੋਇਆ ਕਿ ਵਿਆਹ ਪੰਜਾਬ ਵਿਚ ਕੀਤਾ ਜਾਵੇਗਾ। ਵਿਆਹ ਦੀ ਤਾਰੀਖ਼ 24 ਫਰਵਰੀ, 1988 ਪੱਕੀ ਹੋ ਗਈ ਸੀ ਅਤੇ ਇਸ ਵਿਚ ਹਾਲੇ ਦੋ ਕੁ ਮਹੀਨੇ ਰਹਿੰਦੇ ਸਨ। ਹਰਸ਼ਰਨ ਅਤੇ ਉਸ ਦੇ ਪਰਿਵਾਰ ਨੇ 10 ਫਰਵਰੀ ਨੂੰ ਪੰਜਾਬ ਆ ਜਾਣਾ ਸੀ। ਮੇਰੇ ਕਹਿਣ ਤੇ ਇਹ ਵੀ ਫ਼ੈਸਲਾ ਹੋਇਆ ਸੀ ਕਿ ਵਿਆਹ ਵਿਚ ਕੋਈ ਲੈਣ-ਦੇਣ ਨਹੀਂ ਹੋਵੇਗਾ, ਵਿਆਹ ਬਹੁਤ ਸਧਾਰਨ ਤਰੀਕੇ ਨਾਲ਼ ਹੀ ਕੀਤਾ ਜਾਵੇਗਾ, ਅਤੇ ਵਿਆਹ ਤੇ ਜਿੰਨਾ ਵੀ ਘੱਟ ਖ਼ਰਚ ਹੋ ਸਕੇ ਕੀਤਾ ਜਾਵੇ। ਵਿਆਹ ਇਸੇ ਢੰਗ ਨਾਲ਼ ਹੋਇਆ ਸੀ। ਹਰਸ਼ਰਨ ਬਹੁਤ ਵਧੀਆ ਔਰਤ ਸੀ। ਉਸ ਦਾ ਸੁਭਾਅ ਅਤੇ ਆਦਤਾਂ ਵੀ ਵਧੀਆ ਸਨ। ਉਹ ਸਾਡੇ ਪਰਿਵਾਰ ਵਿਚ ਪੂਰੀ ਤਰਾਂ ਰਲ਼-ਮਿਲ਼ ਗਈ ਸੀ। ਉਸ ਦਾ ਪਰਿਵਾਰ ਤਾਂ ਵਿਆਹ ਤੋਂ ਦੋ ਕੁ ਹਫ਼ਤਿਆਂ ਬਾਅਦ ਹੀ ਵਾਪਸ ਅਮਰੀਕਾ ਚਲੇ ਗਿਆ ਸੀ ਪਰ ਹਰਸ਼ਰਨ ਮਹੀਨਾ ਕੁ ਸਾਡੇ ਕੋਲ਼ ਰਹਿ ਕੇ ਫਿਰ ਵਾਪਸ ਅਮਰੀਕਾ ਗਈ ਸੀ।

ਅਮਰੀਕਾ ਜਾ ਕੇ ਹਰਸ਼ਰਨ ਨੇ ਛੇਤੀ ਹੀ ਮੇਰੇ ਅਮਰੀਕਾ ਜਾਣ ਲਈ ਪੇਪਰ ਦਾਖ਼ਲ ਕਰ ਦਿੱਤੇ ਸਨ। ਮੇਰੇ ਅਮਰੀਕਾ ਜਾਣ ਲਈ ਵੀਜ਼ਾ ਆਉਣ ਨੂੰ ਇਕ ਸਾਲ ਦੇ ਕਰੀਬ ਲੱਗਾ ਸੀ। ਅਮਰੀਕਾ ਜਾਣ ਤੋਂ ਪਹਿਲਾਂ ਮੈਂ ਚੰਡੀਗੜ੍ਹ ਰਣਜੀਤ ਅਤੇ ਹਰਮਨ ਨੂੰ ਮਿਲ਼ਣ ਗਿਆ। ਉਨਾਂ ਕੋਲ਼ ਇਕ ਰਾਤ ਠਹਿਰਿਆ। ਉਨਾਂ ਨੇ ਮੈਨੂੰ ਦੱਸੇ-ਪੁੱਛੇ ਬਗੈਰ ਹੀ ਸੁਖਜੀਤ ਨੂੰ ਮੇਰੇ ਚੰਡੀਗੜ੍ਹ ਆਉਣ ਬਾਰੇ ਖ਼ਬਰ ਦੇ ਦਿੱਤੀ ਸੀ। ਸ਼ਾਮ ਨੂੰ ਸੁਖਜੀਤ ਮਿਲ਼ਣ ਆ ਗਈ। ਬਹੁਤ ਉਦਾਸ ਲਗਦੀ ਸੀ। ਵੈਸੇ ਉਦਾਸ ਤਾਂ ਮੈਂ ਵੀ ਸੀ ਕਿਉਂਕਿ ਅੱਜ ਮੈਂ ਉਸ ਨੂੰ ਚਾਰ ਕੁ ਸਾਲਾਂ ਬਾਅਦ ਦੇਖਿਆ ਸੀ। ਕੁਝ ਸਰਸਰੀ ਗੱਲਾਂ ਹੋਈਆਂ। ਅਸੀਂ ਇਕ ਦੂਜੇ ਦੀ ਖ਼ਬਰ-ਸਾਰ ਪੁੱਛੀ-ਦੱਸੀ। ਸੁਖਜੀਤ ਨੇ ਮੈਨੂੰ ਮੇਰੇ ਵਿਆਹ ਦੀਆਂ ਵਧਾਈਆਂ ਦਿੱਤੀਆਂ। ਮੈਂ ਸਿਰਫ਼ ਕੁਝ ਹੰਝੂ ਕੇਰ ਕੇ ਹੀ ਜਵਾਬ ਦਿੱਤਾ। ਘੰਟਾ ਕੁ ਬੈਠ ਕੇ ਸੁਖਜੀਤ ਜਾਣ ਲਈ ਤਿਆਰ ਹੋ ਗਈ।

"ਮਿੰਦਰ, ਜਾ ਸੁਖਜੀਤ ਨੂੰ ਬਾਹਰ ਉਸ ਦੀ ਕਾਰ ਕੋਲ਼ ਛੱਡ ਆ।" ਰਣਜੀਤ ਨੇ ਮੈਨੂੰ ਕਿਹਾ। ਸੁਖਜੀਤ ਦੇ ਮਾਤਾ-ਪਿਤਾ ਕਾਫ਼ੀ ਅਮੀਰ ਸਨ ਅਤੇ ਉਨਾਂ ਨੇ ਸੁਖਜੀਤ ਨੂੰ ਇਕ ਛੋਟੀ ਜਿਹੀ ਕਾਰ ਲੈ ਦਿੱਤੀ ਸੀ। ਮੈਂ ਸੁਖਜੀਤ ਨੂੰ ਬਾਹਰ ਉਸ ਦੀ ਕਾਰ ਕੋਲ਼ ਛੱਡਣ ਚਲੇ ਗਿਆ। ਰਣਜੀਤ ਅਤੇ ਹਰਮਨ ਨੇ ਅੰਦਰੋਂ ਹੀ ਸੁਖਜੀਤ ਨੂੰ ਫ਼ਤਿਹ ਬੁਲਾ ਦਿੱਤੀ ਸੀ।

"ਮਿੰਦਰ, ਤੈਨੂੰ ਫਿਰ ਮਿਲ਼ ਕੇ ਬਹੁਤ ਚੰਗਾ ਲੱਗਾ। ਫਿਰ ਪਤਾ ਨਹੀਂ ਕਦੇ ਮਿਲ਼ੀਏ ਵੀ ਕਿ ਨਾ।" ਬਾਹਰ ਜਾ ਕੇ ਆਪਣੀ ਕਾਰ ਕੋਲ਼ ਖੜੀ ਸੁਖਜੀਤ ਨੇ ਕਿਹਾ।

"ਸੁੱਖ, ਕੀ ਕਹਾਂ? ਚੰਗਾ ਤਾਂ ਮੈਨੂੰ ਵੀ ਲੱਗਾ ਤੇਰਾ ਫਿਰ ਮਿਲ਼ਣਾ ਪਰ ਕਿੰਨਾ ਚੰਗਾ ਹੁੰਦਾ ਜੇ ਸਾਡੇ ਮਿਲ਼ਾਪ ਦੇ ਹਾਲਾਤ ਹੋਰ ਹੁੰਦੇ।" ਮੇਰੇ ਇਹ ਕਹਿਣ ਦੀ ਦੇਰ ਸੀ, ਸੁਖਜੀਤ ਮੇਰੇ

ਨਾਲ਼ ਲੱਗ ਕੇ ਰੋ ਪਈ। ਮੈਨੂੰ ਵੀ ਰੋਣਾ ਆ ਗਿਆ। ਪਤਾ ਨਹੀਂ ਅਸੀਂ ਕਿੰਨੀ ਦੇਰ ਇਸੇ ਤਰਾਂ ਇਕ-ਦੂਜੇ ਨੂੰ ਗਲਵੱਕੜੀ ਵਿਚ ਲਈ ਖੜੇ ਰੋਂਦੇ ਰਹੇ।

"ਮਿੰਦਰ, ਤੂੰ ਮੈਨੂੰ ਭੁਲਾਵੀਂ ਨਾ। ਤੂੰ ਮੇਰੇ ਲਈ ਸਭ ਕੁਝ ਏਂ। ਮੈਂ ਤੈਨੂੰ ਪਿਆਰ ਕੀਤਾ ਹੈ। ਮੈਂ ਤੈਨੂੰ ਚਾਹਿਆ ਹੈ। ਜੇ ਫ਼ੈਸਲਾ ਮੇਰੇ ਹੱਥ ਹੁੰਦਾ ਤਾਂ ਗੱਲ ਹੋਰ ਹੋਣੀ ਸੀ। ਕਦੇ ਕਦੇ ਮੇਰੇ ਕਾਲਜ ਦੇ ਪਤੇ ਤੇ ਖ਼ਤ ਲਿਖ ਦਿਆ ਕਰੀਂ। ਤੇਰਾ ਖ਼ਤ ਆਉਣ ਤੇ ਮੇਰੇ ਦਿਲ ਨੂੰ ਖ਼ੁਸ਼ੀ ਮਿਲਿਆ ਕਰੇਗੀ। ਯਾਦ ਰੱਖੀਂ।" ਸੁਖਜੀਤ ਨੇ ਮੇਰੇ ਚਿਹਰੇ ਨੂੰ ਪਲੋਸਦਿਆਂ ਕਿਹਾ। ਉਸ ਨੇ ਆਪਣੇ ਪਰਸ ਵਿਚੋਂ ਰੁਮਾਲ ਕੱਢ ਕੇ ਪਹਿਲਾਂ ਮੇਰੇ ਚਿਹਰੇ ਤੋਂ ਅੱਥਰੂ ਸਾਫ਼ ਕੀਤੇ ਅਤੇ ਫਿਰ ਆਪਣੇ ਚਿਹਰੇ ਤੋਂ ਅੱਥਰੂ ਸਾਫ਼ ਕੀਤੇ।

"ਚੰਗਾ ਸੁੱਖ, ਮੈਂ ਜ਼ਰੂਰ ਤੈਨੂੰ ਕਦੇ-ਕਦੇ ਖ਼ਤ ਲਿਖਿਆ ਕਰਾਂਗਾ। ਤੂੰ ਵੀ ਕਦੇ-ਕਦੇ ਮੈਨੂੰ ਖ਼ਤ ਲਿਖ ਦਿਆ ਕਰੀਂ। ਜੇ ਮੈਂ ਕਦੇ ਤੇਰੇ ਕਿਸੇ ਵੀ ਕੰਮ ਆ ਸਕਾਂ ਤਾਂ ਦੱਸ ਦੇਵੀਂ। ਝਿਜਕੀਂ ਨਾ। ਜੇ ਕਦੇ ਤੇਰਾ ਜੀਅ ਸਭ ਕੁਝ ਛੱਡ ਕੇ ਮੇਰੇ ਨਾਲ਼ ਰਹਿਣ ਨੂੰ ਕੀਤਾ ਤਾਂ ਦੱਸ ਦੇਵੀਂ। ਮੈਂ ਆਪਣੀ ਪਤਨੀ ਨੂੰ ਸਮਝਾ ਕੇ ਤਲਾਕ ਲੈ ਲਵਾਂਗਾ। ਵਾਹਿਗੁਰੂ ਤੈਨੂੰ ਹਰ ਖ਼ੁਸ਼ੀ ਦੇਵੇ।" ਮੈਂ ਹੋਰ ਕੁਝ ਨਾ ਕਹਿ ਸਕਿਆ। ਉਸ ਨੂੰ ਕਲ਼ਾਵੇ ਵਿਚ ਘੁੱਟ ਕੇ ਉਸ ਦੇ ਬੁੱਲਾਂ ਤੇ ਹਲਕਾ ਜਿਹਾ ਚੁੰਮਣ ਦੇ ਕੇ ਮੈਂ ਉਸ ਨੂੰ ਜੁਦਾਈ ਵਾਲੀ ਫ਼ਤਿਹ ਬੁਲਾਈ।

ਅਗਲੇ ਦਿਨ ਮੈਂ ਰਣਜੀਤ ਅਤੇ ਹਰਮਨ ਨੂੰ ਫ਼ਤਿਹ ਬੁਲਾਈ ਅਤੇ ਅਗਲੀ ਵਾਰੀ ਜਦੋਂ ਅਮਰੀਕਾ ਤੋਂ ਹਿੰਦੁਸਤਾਨ ਆਇਆ ਤਾਂ ਉਦੋਂ ਜ਼ਰੂਰ ਮਿਲ਼ਣ ਦਾ ਵਾਅਦਾ ਕੀਤਾ।

"ਕਦੇ ਕਦੇ ਖ਼ਤ ਲਿਖਦੇ ਰਿਹਾ ਕਰਿਓ। ਸੁਖਜੀਤ ਬਾਰੇ ਮੈਨੂੰ ਸਮੇਂ ਸਮੇਂ ਜ਼ਰੂਰ ਪਤਾ ਦਿੰਦੇ ਰਹਿਣਾ। ਜੇ ਕਦੇ ਉਸ ਨੂੰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਮੈਨੂੰ ਦੱਸ ਦੇਣਾ। ਉਸ ਦਾ ਖ਼ਿਆਲ ਰੱਖਣਾ। ਬਹੁਤ ਪਿਆਰੀ ਔਰਤ ਹੈ। ਮੇਰੀ ਕਿਸਮਤ ਵਿਚ ਉਸ ਦਾ ਉਮਰ ਭਰ ਦਾ ਸਾਥ ਨਹੀਂ ਸੀ। ਪਤਾ ਨਹੀਂ ਮੈਂ ਉਸ ਤੋਂ ਬਗੈਰ ਅਮਰੀਕਾ ਵਿਚ ਕਿਵੇਂ ਮਹਿਸੂਸ ਕਰਾਂਗਾ। ਠੀਕ ਹੈ ਦੋਸਤੋ, ਅਲਵਿਦਾ ਅਗਲੀ ਵਾਰੀ ਤੱਕ।" ਇਹ ਕਹਿ ਕੇ ਮੈਂ ਆਪਣੇ ਪਿੰਡ ਨੂੰ ਵਾਪਸ ਜਾਣ ਲਈ ਤੁਰ ਪਿਆ।

*****

ਚੰਡੀਗੜ ਤੋਂ ਵਾਪਸ ਆ ਕੇ ਮੈਂ ਤਿੰਨਾਂ ਦਿਨਾਂ ਬਾਅਦ ਅਮਰੀਕਾ ਲਈ ਜਹਾਜ਼ ਚੜ ਗਿਆ ਸੀ। ਹਰਸ਼ਰਨ ਅਤੇ ਉਸ ਦਾ ਪਰਿਵਾਰ ਨਿਊ ਯਾਰਕ ਦੇ ਬੈੱਲ-ਰੋਜ਼ ਸ਼ਹਿਰ ਵਿਚ ਰਹਿੰਦੇ ਸਨ। ਸਾਰੇ ਪਰਿਵਾਰ ਨੇ ਬਹੁਤ ਵਧੀਆ ਢੰਗ ਨਾਲ਼ ਮੈਨੂੰ ਵੈਲਕਮ ਕੀਤਾ। ਇੰਜ ਲੱਗਾ ਜਿਵੇਂ ਆਪਣੇ ਘਰ ਹੀ ਰਹਿੰਦਾ ਹੋਵਾਂ। ਪਰਿਵਾਰ ਵਿਚ ਹਰਸ਼ਰਨ, ਉਸ ਦੇ ਮਾਤਾ-ਪਿਤਾ, ਅਤੇ ਇਕ ਛੋਟਾ ਭਰਾ ਸਨ। ਹਫ਼ਤਾ ਕੁ ਅਰਾਮ ਕਰ ਕੇ ਅਤੇ ਨਿਊ ਯਾਰਕ ਸ਼ਹਿਰ ਦੇ ਕੁਝ ਹਿੱਸੇ ਦੇਖ ਕੇ ਜੋ ਲੋੜੀਂਦੇ ਪੇਪਰ ਵਗੈਰਾ ਭਰਨੇ ਸਨ ਉਹ ਭਰੇ। ਥੋੜੇ ਸਮੇਂ ਵਿਚ ਜੋ ਪੇਪਰ ਵਗੈਰਾ ਸਰਕਾਰੀ ਦਫ਼ਤਰਾਂ ਤੋਂ ਆਉਣੇ ਸਨ ਆ ਗਏ ਅਤੇ ਫਿਰ ਮੈਂ ਕੰਮ ਲੱਭਣਾ ਸ਼ੁਰੂ ਕਰ ਦਿੱਤਾ ਸੀ। ਅਮਰੀਕਾ ਦੇ ਕੁਝ ਸਰਕਾਰੀ ਦਫ਼ਤਰਾਂ ਵਿਚ ਕੰਮ ਲੈਣ ਲਈ ਇਮਤਿਹਾਨ ਦੇਣੇ ਪੈਂਦੇ ਸਨ। ਮੈਂ ਉਹ ਇਮਤਿਹਾਨ ਦਿੱਤੇ। ਮਹੀਨੇ ਕੁ ਬਾਅਦ ਮੈਨੂੰ ਇਕ ਸਰਕਾਰੀ ਦਫ਼ਤਰ ਵਿਚ ਕਲਰਕ ਦੀ ਨੌਕਰੀ ਮਿਲ਼ ਗਈ ਸੀ।

ਛੇ ਕੁ ਮਹੀਨੇ ਹਰਸ਼ਰਨ ਦੇ ਪਰਿਵਾਰ ਨਾਲ ਰਹਿ ਕੇ ਮੈਂ ਅਤੇ ਹਰਸ਼ਰਨ ਨੇ ਸਲਾਹ

ਕੀਤੀ ਕਿ ਸਾਨੂੰ ਹੁਣ ਵੱਖਰੇ ਰਹਿਣਾ ਚਾਹੀਦਾ ਸੀ। ਹਰਸ਼ਰਨ ਦੇ ਮਾਤਾ-ਪਿਤਾ ਦੇ ਨਾਂਹ-ਨੁੱਕਰ ਕਰਨ ਦੇ ਬਾਵਜੂਦ ਵੀ ਅਸੀਂ ਦੋ ਬੈੱਡ-ਰੂਮ ਵਾਲ਼ਾ ਅਪਾਰਟਮੈਂਟ ਕਿਰਾਏ ਤੇ ਲੈ ਲਿਆ ਜੋ ਉਨਾਂ ਦੇ ਘਰ ਤੋਂ ਨੇੜੇ ਹੀ ਸੀ। ਇਸੇ ਸਮੇਂ ਵਿਚ ਮੈਂ ਡਰਾਈਵਿੰਗ ਲਾਇਸੈਂਸ ਵੀ ਲੈ ਲਿਆ ਸੀ ਅਤੇ ਇਕ ਪੁਰਾਣੀ ਕਾਰ ਵੀ ਖ਼ਰੀਦ ਲਈ ਸੀ। ਵਿਆਹ ਤੋਂ ਤਿੰਨ ਸਾਲਾਂ ਬਾਅਦ ਸਾਡੇ ਘਰ ਬੇਟੀ ਪੈਦਾ ਹੋਈ ਜਿਸ ਦਾ ਨਾਂ ਅਸੀਂ ਗੁਰਲੀਨ ਰੱਖਿਆ। ਦਿਨ ਬੀਤਦੇ ਜਾ ਰਹੇ ਸਨ। ਹਰਸ਼ਰਨ ਬਹੁਤ ਵਧੀਆ ਆਦਤਾਂ ਵਾਲ਼ੀ, ਪਿਆਰ ਕਰਨ ਵਾਲ਼ੀ, ਅਤੇ ਵਧੀਆ ਸੰਸਕਾਰਾਂ ਵਾਲ਼ੀ ਔਰਤ ਸੀ। ਭਾਵੇਂ ਮੈਨੂੰ ਹਰਸ਼ਰਨ ਕਾਫ਼ੀ ਪਸੰਦ ਸੀ ਪਰ ਫਿਰ ਵੀ ਸੁਖਜੀਤ ਦੀ ਯਾਦ ਹਰ ਵੇਲੇ ਮੇਰੇ ਆਲ਼ੇ-ਦੁਆਲ਼ੇ ਰਹਿੰਦੀ ਸੀ। ਉਸ ਦੀ ਯਾਦ ਹਰ ਵੇਲੇ ਮੈਨੂੰ ਸਤਾਉਂਦੀ ਰਹਿੰਦੀ ਸੀ। ਕਈ ਵਾਰੀ ਤਾਂ ਮੈਂ ਬਹੁਤ ਉਦਾਸ ਹੋ ਜਾਂਦਾ ਸੀ। ਹਰਸ਼ਰਨ ਮੈਨੂੰ ਉਦਾਸ ਮੂਡ ਵਿਚ ਦੇਖ ਕੇ ਕਾਰਨ ਪੁੱਛਦੀ ਪਰ ਮੈਂ ਇੰਨਾ ਹੀ ਕਹਿ ਦਿੰਦਾ, "ਮੈਨੂੰ ਆਪਣੇ ਘਰ ਅਤੇ ਪਰਿਵਾਰ ਦੀ ਯਾਦ ਬਹੁਤ ਆਉਂਦੀ ਹੈ।"

"ਹੁਣ ਅਸੀਂ ਵੀ ਤਾਂ ਤੇਰਾ ਪਰਿਵਾਰ ਹਾਂ। ਤੂੰ ਇੱਥੇ ਵੀ ਪਰਿਵਾਰ ਵਿਚ ਹੀ ਰਹਿੰਦਾਂ।" ਹਰਸ਼ਰਨ ਕਹਿੰਦੀ।

"ਉਹ ਤਾਂ ਠੀਕ ਹੈ ਪਰ ਜਿੱਥੇ ਮੈਂ ਲਗਭਗ 30 ਸਾਲ ਬਿਤਾਏ ਹਨ, ਉਸ ਦੀ ਯਾਦ ਤਾਂ ਆਉਣੀ ਹੀ ਹੈ।"

ਮੈਂ ਅਮਰੀਕਾ ਆ ਕੇ ਸੁਖਜੀਤ ਨੂੰ ਖ਼ਤ ਲਿਖਦਾ ਰਹਿੰਦਾ ਸੀ। ਕਦੇ ਕਦੇ ਮੈਨੂੰ ਸੁਖਜੀਤ ਦਾ ਖ਼ਤ ਵੀ ਆ ਜਾਂਦਾ ਸੀ। ਇਕ ਦਿਨ ਸੁਖਜੀਤ ਦਾ ਖ਼ਤ ਆਇਆ ਅਤੇ ਮੈਂ ਪੜ ਕੇ ਬੇਧਿਆਨੇ ਨੇ ਆਪਣੇ ਕਮਰੇ ਵਿਚ ਮੇਜ਼ ਤੇ ਰੱਖ ਦਿੱਤਾ। ਮੈਂ ਕਿਸੇ ਕੰਮ ਬਾਹਰ ਚਲੇ ਗਿਆ। ਮੇਰੇ ਮਗਰੋਂ ਹਰਸ਼ਰਨ ਕੰਮ ਤੋਂ ਘਰ ਆਈ ਅਤੇ ਉਸ ਨੇ ਖ਼ਤ ਦੇਖਿਆ ਅਤੇ ਪੜ੍ਹ ਲਿਆ।

"ਮਿੰਦਰ, ਇਹ ਖ਼ਤ ਕਿਸ ਦਾ ਹੈ ? ਸੁੱਖ ਕੌਣ ਹੈ ?" ਜਦੋਂ ਮੈਂ ਬਾਹਰੋਂ ਵਾਪਸ ਘਰ ਆਇਆ ਤਾਂ ਹਰਸ਼ਰਨ ਨੇ ਸ਼ਾਂਤ ਅਵਾਜ਼ ਵਿਚ ਮੈਨੂੰ ਪੁੱਛਿਆ।

"ਸੁੱਖ ਮੇਰੇ ਨਾਲ ਪੜ੍ਹਦੀ ਸੀ। ਅਸੀਂ ਚਾਰ ਵਿਦਿਆਰਥੀ ਬਹੁਤ ਵਧੀਆ ਦੋਸਤ ਸੀ। ਤੈਨੂੰ ਮੈਂ ਰਣਜੀਤ ਅਤੇ ਹਰਮਨ ਬਾਰੇ ਤਾਂ ਦੱਸਿਆ ਹੋਇਆ ਹੈ। ਚੌਥੀ ਇਹ ਸੁਖਜੀਤ ਸੀ।" ਮੈਂ ਇੰਝ ਕਿਹਾ ਜਿਵੇਂ ਇਹ ਕੋਈ ਵੱਡੀ ਗੱਲ ਨਾ ਹੋਵੇ।

"ਪਰ ਉਸ ਨੇ ਤਾਂ ਬਹੁਤ ਪਿਆਰ ਨਾਲ ਖ਼ਤ ਲਿਖਿਆ ਲਗਦਾ। ਮੈਥੋਂ ਕੁਝ ਛੁਪਾ ਰਿਹਾਂ ?" ਹਰਸ਼ਰਨ ਨੇ ਮੇਰੇ ਵਲ ਅਜੀਬ ਨਜ਼ਰਾਂ ਨਾਲ ਦੇਖਿਆ ਸੀ।

"ਹਰਸ਼ਰਨ, ਉਹ ਐਵੇਂ ਜਵਾਨੀ ਵੇਲੇ ਦਾ ਛੋਟਾ ਜਿਹਾ ਇਸ਼ਕ ਸੀ।"

"ਛੋਟਾ ਜਿਹਾ ? ਕਿੰਨਾ ਕੁ ਛੋਟਾ ?" ਹਰਸ਼ਰਨ ਹਾਲੇ ਵੀ ਬਹੁਤ ਸ਼ਾਂਤ ਸੀ।

ਮੈਂ ਹੁਣ ਹਰਸ਼ਰਨ ਤੋਂ ਕੁਝ ਵੀ ਲੁਕਾਉਣਾ ਠੀਕ ਨਾ ਸਮਝਿਆ ਅਤੇ ਸਭ ਕੁਝ ਸੱਚ-ਸੱਚ ਉਸ ਨੂੰ ਦੱਸ ਦਿੱਤਾ। ਹਰਸ਼ਰਨ ਨੇ ਕੁਝ ਵੀ ਨਾ ਕਿਹਾ ਅਤੇ ਉਹ ਜਾ ਕੇ ਆਪਣੇ ਕੰਮ ਲੱਗ ਗਈ।

ਇਸ ਘਟਨਾ ਤੋਂ ਬਾਅਦ ਮੈਂ ਸੁਖਜੀਤ ਨੂੰ ਖ਼ਤ ਲਿਖ ਕੇ ਕਹਿ ਦਿੱਤਾ ਕਿ ਉਹ ਮੈਨੂੰ ਖ਼ਤ ਨਾ ਲਿਖੇ। ਰਣਜੀਤ ਅਤੇ ਹਰਮਨ ਨੂੰ ਮੈਂ ਕਦੇ ਕਦੇ ਖ਼ਤ ਲਿਖਦਾ ਰਹਿੰਦਾ ਸੀ ਅਤੇ ਉਨਾਂ ਦਾ ਖ਼ਤ ਵੀ ਕਦੇ ਕਦੇ ਆ ਜਾਂਦਾ ਸੀ। ਉਹ ਮੈਨੂੰ ਆਪਣੇ ਖ਼ਤ ਵਿਚ ਗੋਲ਼-ਮੋਲ਼ ਢੰਗ ਨਾਲ

ਸੁਖਜੀਤ ਦੀ ਸੁੱਖ-ਸਾਂਦ ਲਿਖ ਦਿੰਦੇ ਸਨ। ਉਨਾਂ ਦਿਨਾਂ ਵਿਚ ਹਿੰਦੁਸਤਾਨ ਵਿਚ ਹਾਲੇ ਆਮ ਲੋਕਾਂ ਕੋਲ਼ ਫ਼ੋਨ ਬਹੁਤ ਘੱਟ ਸਨ। ਵੈਸੇ ਵੀ ਉਨਾਂ ਦਿਨਾਂ ਵਿਚ ਫ਼ੋਨ ਕਰਨਾ ਬਹੁਤ ਮਹਿੰਗਾ ਹੁੰਦਾ ਸੀ।

ਮੇਰੇ ਅਤੇ ਹਰਸ਼ਰਨ ਦੇ ਵਿਆਹ ਨੂੰ 2੧ ਸਾਲ ਹੋ ਗਏ ਸਨ ਅਤੇ ਮੈਨੂੰ ਅਮਰੀਕਾ ਆਏ ਨੂੰ 20 ਸਾਲ ਹੋ ਗਏ ਸਨ। ਹੁਣ ਤਾਂ ਗੁਰਲੀਨ ਵੀ 18 ਸਾਲਾਂ ਦੀ ਹੋ ਗਈ ਸੀ ਅਤੇ ਕਾਲਜ ਚਲੇ ਗਈ ਸੀ। ਉਹ ਕਾਲਜ ਦੇ ਹੋਸਟਲ ਵਿਚ ਹੀ ਰਹਿੰਦੀ ਸੀ। ਹੁਣ ਅਪਾਰਟਮੈਂਟ ਵਿਚ ਸਿਰਫ਼ ਮੈਂ ਅਤੇ ਹਰਸ਼ਰਨ ਦੋਵੇਂ ਹੀ ਰਹਿੰਦੇ ਸੀ। ਭਾਵੇਂ ਅਸੀਂ ਆਪਣਾ ਘਰ ਖ਼ਰੀਦ ਸਕਦੇ ਸੀ ਪਰ ਕਿਰਾਏ ਤੇ ਅਪਾਰਟਮੈਂਟ ਵਿਚ ਰਹਿਣ ਦਾ ਆਪਣਾ ਹੀ ਸੁੱਖ ਹੈ। ਜੇ ਕੁਝ ਟੁੱਟ-ਭੱਜ ਜਾਵੇ ਤਾਂ ਆਪੇ ਮਾਲਕ ਠੀਕ ਕਰਾ ਕੇ ਦੇਵੇ। ਕੋਈ ਘਾਹ ਕੱਟਣ ਦੀ ਲੋੜ ਨਹੀਂ। ਸਿਆਲ਼ ਵਿਚ ਬਰਫ਼ ਪੈਣ ਤੇ ਬਰਫ਼ ਨੂੰ ਪਾਸੇ ਹਟਾਉਣ ਦੀ ਲੋੜ ਨਹੀਂ।

ਮੇਰੇ ਅਮਰੀਕਾ ਆਉਣ ਤੋਂ ਦੋ ਕੁ ਸਾਲਾਂ ਬਾਅਦ ਸੁਖਜੀਤ ਦਾ ਵਿਆਹ ਇਕ ਪ੍ਰੋਫੈਸਰ ਨਾਲ਼ ਹੋ ਗਿਆ ਸੀ। ਇਨ੍ਹਾਂ ਵੀਹਾਂ ਸਾਲਾਂ ਵਿਚ ਮੈਂ ਚਾਰ ਵਾਰੀ ਹਿੰਦੁਸਤਾਨ ਜਾ ਆਇਆ ਸੀ। ਹਰ ਵਾਰੀ ਰਣਜੀਤ ਅਤੇ ਹਰਮਨ ਨੂੰ ਮਿਲ਼ ਕੇ ਆਉਂਦਾ ਸੀ। ਹਰ ਵਾਰੀ ਸੁਖਜੀਤ ਮੈਨੂੰ ਰਣਜੀਤ ਹੁਰਾਂ ਦੇ ਘਰ ਆ ਕੇ ਥੋੜ੍ਹੇ ਸਮੇਂ ਲਈ ਮਿਲ਼ ਜਾਂਦੀ ਸੀ। ਇਨਾਂ ਮਿਲ਼ਣੀਆਂ ਵਿਚ ਇਕ ਦੂਜੇ ਦਾ ਹਾਲ ਪੁੱਛਣ ਅਤੇ ਆਮ ਗੱਲਾਂ ਕਰਨ ਤੋਂ ਬਗੈਰ ਅਸੀਂ ਹੋਰ ਗੱਲਾਂ ਘੱਟ ਹੀ ਕੀਤੀਆਂ ਸਨ।

ਭਾਵੇਂ ਮੇਰੀ ਅਤੇ ਹਰਸ਼ਰਨ ਦੀ ਵਿਆਹੁਤਾ ਜ਼ਿੰਦਗੀ ਵਿਚ ਕੋਈ ਮਾੜੀ ਗੱਲ ਕਦੇ ਵੀ ਨਹੀਂ ਸੀ ਵਾਪਰੀ ਅਤੇ ਨਾ ਹੀ ਕਦੇ ਕੋਈ ਲੜਾਈ-ਝਗੜਾ ਹੋਇਆ ਸੀ ਪਰ ਫਿਰ ਵੀ ਇਸ ਵਿਚੋਂ ਕੁਝ ਗੁੰਮ ਸੀ। ਜਿਸ ਤਰਾਂ ਦਾ ਪੈਸ਼ਨੇਟ (passionate) ਪਿਆਰ ਸੁਖਜੀਤ ਕਰਦੀ ਸੀ ਉਹ ਹਰਸ਼ਰਨ ਦੇ ਵੱਸ ਦਾ ਰੋਗ ਨਹੀਂ ਸੀ। ਮੈਂ ਵੀ ਹਰਸ਼ਰਨ ਨੂੰ ਉਸ ਤਰ੍ਹਾਂ ਦਾ ਪੈਸ਼ਨੇਟ (passionate) ਪਿਆਰ ਨਹੀਂ ਸੀ ਕਰ ਸਕਿਆ ਜੋ ਸੁਖਜੀਤ ਨੂੰ ਕੀਤਾ ਸੀ।

"ਹਰਸ਼ਰਨ, ਕਈ ਸਾਲ ਪਹਿਲਾਂ ਮੈਂ ਤੈਨੂੰ ਸੁਖਜੀਤ ਬਾਰੇ ਸਭ ਕੁਝ ਦੱਸ ਦਿੱਤਾ ਸੀ। ਮੇਰਾ ਦਿਲ ਤਾਂ ਉਸ ਨੇ ਬਹੁਤ ਸਾਲ ਪਹਿਲਾਂ ਹੀ ਮੈਥੋਂ ਮੰਗ ਕੇ ਲੈ ਲਿਆ ਸੀ। ਤੇਰੇ ਲਈ ਤਾਂ ਮੇਰੇ ਕੋਲ਼ ਸਿਰਫ਼ ਜਿਸਮ ਹੀ ਰਿਹਾ ਸੀ। ਤੂੰ ਬਹੁਤ ਵਧੀਆ ਇਨਸਾਨ ਏਂ। ਮੈਂ ਤੇਰੇ ਨਾਲ਼ ਰਹਿ ਕੇ ਇਨਸਾਫ਼ ਨਹੀਂ ਕਰ ਰਿਹਾ। ਜੇ ਤੂੰ ਚਾਹੇਂ ਤਾਂ ਮੈਂ ਤੈਨੂੰ ਤਲਾਕ ਦੇਣ ਨੂੰ ਤਿਆਰ ਹਾਂ। ਤੇਰੀ ਉਮਰ ਹਾਲੇ ਮਸਾਂ 51 ਕੁ ਸਾਲਾਂ ਦੀ ਹੈ। ਤੈਨੂੰ ਕਿਸੇ ਅਜਿਹੇ ਪਾਰਟਨਰ ਦੀ ਲੋੜ ਹੈ ਜੋ ਤੈਨੂੰ ਦਿਲ, ਰੂਹ, ਅਤੇ ਜਿਸਮ ਸਭ ਕੁਝ ਦੇ ਸਕੇ। ਤੇਰਾ ਕੀ ਵਿਚਾਰ ਹੈ।" ਇਕ ਦਿਨ ਮੈਂ ਹਰਸ਼ਰਨ ਨੂੰ ਆਪਣੇ ਕਲ਼ਾਵੇ ਵਿਚ ਲੈ ਕੇ ਇਹ ਕਹਿ ਤਾਂ ਦਿੱਤਾ ਪਰ ਅੰਦਰੋਂ ਮੈਂ ਡਰ ਰਿਹਾ ਸੀ ਕਿ ਜੇ ਹਰਸ਼ਰਨ ਵੀ ਚਲੇ ਗਈ ਤਾਂ ਮੇਰਾ ਕੀ ਬਣੇਗਾ। ਮੈਂ ਇਹ ਵੀ ਚਾਹੁੰਦਾ ਸੀ ਕਿ ਹਰਸ਼ਰਨ ਜਿਹੀ ਬਹੁਤ ਪਿਆਰੀ ਅਤੇ ਵਧੀਆ ਔਰਤ ਨੂੰ ਕਿਸੇ ਪਿਆਰ ਕਰਨ ਵਾਲੇ ਆਦਮੀ ਦੀ ਜ਼ਰੂਰਤ ਹੈ।

ਹਰਸ਼ਰਨ ਨੇ ਮੇਰੀ ਇਸ ਗੱਲ ਦਾ ਕੋਈ ਜਵਾਬ ਨਾ ਦਿੱਤਾ। ਉਸ ਨੇ ਮੇਰੇ ਨਾਲ਼ ਸੋਫ਼ੇ ਤੇ ਬੈਠੀ ਨੇ ਅੱਖਾਂ ਫ਼ਰਸ਼ ਤੇ ਗੱਡੀਆਂ ਹੋਈਆਂ ਸਨ। ਮੈਂ ਉਸ ਦੇ ਚਿਹਰੇ ਨੂੰ ਆਪਣੇ ਹੱਥ ਨਾਲ਼ ਆਪਣੇ ਵਲ ਮੋੜਿਆ ਤਾਂ ਉਸ ਦੀਆਂ ਅੱਖਾਂ ਵਿਚ ਹੰਝੂ ਸਨ। ਮੇਰੇ ਵਲ ਮੂੰਹ ਕਰਨ ਤੇ ਉਸ ਨੇ ਅੱਖਾਂ ਬੰਦ ਕਰ ਲਈਆਂ।

"ਹਰਸ਼ਰਨ, ਜੇ ਤੈਨੂੰ ਇਸ ਤਰਾਂ ਮੇਰੇ ਨਾਲ ਰਹਿਣ ਵਿਚ ਕੋਈ ਇਤਰਾਜ਼ ਜਾਂ ਦੁੱਖ-ਤਕਲੀਫ਼ ਨਹੀਂ ਤਾਂ ਠੀਕ ਹੈ, ਆਪਾਂ ਇਕੱਠੇ ਰਹਿ ਸਕਦੇ ਹਾਂ। ਪਰ ਜੇ ਤੈਨੂੰ ਮੈਥੋਂ ਉਹ ਸਭ ਕੁਝ ਨਹੀਂ ਮਿਲ਼ਦਾ ਜਿਸ ਦੀ ਤੈਨੂੰ ਲੋੜ ਹੈ, ਜੋ ਤੇਰਾ ਹੱਕ ਬਣਦਾ ਹੈ, ਅਤੇ ਜੋ ਤੂੰ ਡਿਜ਼ਰਵ (deserve) ਕਰਦੀ ਏਂ ਤਾਂ ਮੈਂ ਤੈਨੂੰ ਤਲਾਕ ਦੇਣ ਲਈ ਤਿਆਰ ਹਾਂ ਅਤੇ ਤੂੰ ਹੋਰ ਵਿਆਹ ਕਰਾ ਸਕਦੀ ਏਂ। ਆਪਾਂ ਫਿਰ ਵੀ ਇਸੇ ਤਰਾਂ ਦੋਸਤ ਰਹਾਂਗੇ। ਮੈਂ ਤੇਰੇ ਲਈ ਸਾਰੀ ਉਮਰ ਹਾਜ਼ਰ ਹੋਵਾਂਗਾ ਜੇ ਤੈਨੂੰ ਕਦੇ ਕੋਈ ਲੋੜ ਪਵੇ। ਜੇ ਤੂੰ ਤਲਾਕ ਨਹੀਂ ਦੇਣਾ ਚਾਹੁੰਦੀ ਪਰ ਵੱਖਰਾ ਰਹਿਣਾ ਚਾਹੁੰਦੀ ਏਂ ਤਾਂ ਮੈਨੂੰ ਇਹ ਵੀ ਮਨਜ਼ੂਰ ਹੈ। ਮੈਂ ਤੈਨੂੰ ਉਦਾਸ ਨਹੀਂ ਦੇਖਣਾ ਚਾਹੁੰਦਾ, ਸਗੋਂ ਖੁਸ਼ ਦੇਖਣਾ ਚਾਹੁੰਦਾ ਹਾਂ।"

"ਮਿੰਦਰ, ਮੈਂ ਕੁਝ ਦੇਰ ਲਈ ਆਪਣੇ ਮਾਂ-ਬਾਪ ਕੋਲ਼ ਜਾ ਕੇ ਰਹਿਣਾ ਚਾਹਾਂਗੀ। ਤੂੰ ਬੁਰਾ ਮਹਿਸੂਸ ਤਾਂ ਨਹੀਂ ਕਰੇਂਗਾ?" ਕੁਝ ਦੇਰ ਚੁੱਪ ਰਹਿ ਕੇ ਹਰਸ਼ਰਨ ਨੇ ਆਪਣੀਆਂ ਅੱਖਾਂ ਖੋਲ ਕੇ ਮੈਨੂੰ ਕਿਹਾ।

"ਮੈਨੂੰ ਕੋਈ ਇਤਰਾਜ਼ ਨਹੀਂ। ਤੂੰ ਜਦੋਂ ਜਾਣਾ ਚਾਹੇਂ, ਜਾ ਸਕਦੀ ਏਂ।"

ਅਗਲੇ ਦਿਨ ਆਪਣਾ ਕੁਝ ਲੋੜੀਂਦਾ ਸਮਾਨ ਲੈ ਕੇ ਹਰਸ਼ਰਨ ਆਪਣੇ ਮਾਂ-ਪਿਉ ਦੇ ਘਰ ਚਲੇ ਗਈ ਜੋ ਬਹੁਤਾ ਦੂਰ ਨਹੀਂ ਸੀ। ਆਪਣੇ ਮਾਂ-ਪਿਉ ਦੇ ਘਰ ਰਹਿੰਦੀ ਵੀ ਹਰਸ਼ਰਨ ਮੈਨੂੰ ਰੋਜ਼ ਹੀ ਫ਼ੋਨ ਕਰ ਲੈਂਦੀ ਸੀ ਅਤੇ ਤੀਜੇ-ਚੌਥੇ ਦਿਨ ਆ ਕੇ ਖਾਣਾ ਵੀ ਬਣਾ ਜਾਂਦੀ ਸੀ ਅਤੇ ਮੇਰੀ ਖ਼ਬਰ-ਸਾਰ ਵੀ ਲੈ ਜਾਂਦੀ ਸੀ। ਮੈਂ ਵੀ ਕਦੇ-ਕਦੇ ਉਨਾਂ ਦੇ ਘਰ ਜਾ ਕੇ ਉਨਾਂ ਸਭ ਨੂੰ ਮਿਲ਼ ਆਉਂਦਾ ਸੀ।

"ਹਰਸ਼ਰਨ, ਕੀ ਸਲਾਹ ਹੈ ਤੇਰੀ? ਤੂੰ ਵਾਪਸ ਆਉਣਾ ਹੈ ਜਾਂ ਆਪਾਂ ਹਮੇਸ਼ਾ ਲਈ ਜੁਦੇ ਹੋਣਾ ਹੈ? ਜੋ ਵੀ ਤੇਰੀ ਸਲਾਹ ਹੈ ਮੈਨੂੰ ਮਨਜ਼ੂਰ ਹੈ। ਜਿਵੇਂ ਤੈਨੂੰ ਖੁਸ਼ੀ ਮਿਲ਼ਦੀ ਹੈ।" ਕੁਝ ਮਹੀਨਿਆਂ ਬਾਅਦ ਜਦੋਂ ਹਰਸ਼ਰਨ ਮੈਨੂੰ ਮਿਲ਼ਣ ਆਈ ਤਾਂ ਮੈਂ ਪੁੱਛਿਆ।

"ਮਿੰਦਰ, ਮੇਰੀ ਸਲਾਹ ਹੈ ਕਿ ਆਪਾਂ ਦੋਸਤ ਰਹੀਏ ਪਰ ਵੱਖਰੇ ਹੋ ਜਾਈਏ। ਜੇ ਫਿਰ ਕਦੇ ਦੋਹਾਂ ਨੇ ਚਾਹਿਆ ਤਾਂ ਫਿਰ ਇਕੱਠੇ ਹੋ ਜਾਵਾਂਗੇ। ਮੈਂ ਵੀ ਤੈਨੂੰ ਖੁਸ਼ ਦੇਖਣਾ ਚਾਹੁੰਦੀ ਹਾਂ। ਤੈਨੂੰ ਖੁੱਲ੍ਹ ਹੈ ਕੋਈ ਹੋਰ ਔਰਤ ਲੱਭ ਲੈਣ ਦੀ ਜੋ ਤੈਨੂੰ ਖੁਸ਼ੀ ਦੇ ਸਕੇ। ਜੇ ਤੂੰ ਸੁਖਜੀਤ ਨੂੰ ਇੱਥੇ ਬੁਲਾਉਣਾ ਤਾਂ ਮੈਨੂੰ ਕੋਈ ਇਤਰਾਜ਼ ਨਹੀਂ। ਤੂੰ ਬੁਲਾ ਸਕਦਾਂ।"

"ਹਰਸ਼ਰਨ, ਮੈਂ ਸੁਖਜੀਤ ਤੋਂ ਬਾਅਦ ਕਿਸੇ ਨੂੰ ਉਹੋ ਜਿਹਾ ਪਿਆਰ ਨਹੀਂ ਦੇ ਸਕਦਾ। ਮੇਰਾ ਦਿਲ ਤਾਂ ਹਾਲੇ ਵੀ ਸੁਖਜੀਤ ਕੋਲ਼ ਹੀ ਹੈ। ਤੈਨੂੰ ਵੀ ਖੁੱਲ੍ਹ ਹੈ ਹੋਰ ਆਦਮੀ ਲੱਭ ਲੈਣ ਦੀ ਜੋ ਤੈਨੂੰ ਖੁਸ਼ੀ ਦੇ ਸਕੇ। ਜਿੱਥੋਂ ਤੱਕ ਤਲਾਕ ਦੀ ਗੱਲ ਹੈ, ਜੇ ਤੈਨੂੰ ਲੋੜ ਹੋਈ ਤਾਂ ਆਪਾਂ ਤਲਾਕ ਕਰ ਲਵਾਂਗੇ। ਜੇ ਲੋੜ ਨਾ ਹੋਈ ਤਾਂ ਨਹੀਂ ਕਰਾਂਗੇ। ਗੁਰਲੀਨ ਦਾ ਆਪਾਂ ਰਲ਼-ਮਿਲ਼ ਕੇ ਖ਼ਿਆਲ ਰੱਖਣਾ ਹੈ। ਸੁਖਜੀਤ ਤਾਂ ਹੁਣ ਵਿਆਹੀ ਹੋਈ ਹੈ। ਉਸ ਨੂੰ ਮੈਂ ਕਿਵੇਂ ਬੁਲਾ ਸਕਦਾਂ?"

"ਠੀਕ ਹੈ। ਆਪਾਂ ਇਸੇ ਤਰਾਂ ਮਿਲ਼ਦੇ ਰਹਾਂਗੇ। ਆਪਣੇ ਵਿਚ ਕੋਈ ਨਰਾਜ਼ਗੀ ਨਹੀਂ ਹੋਵੇਗੀ।" ਇਹ ਕਹਿ ਕੇ ਹਰਸ਼ਰਨ ਕਾਫ਼ੀ ਦੇਰ ਚੁੱਪ-ਚਾਪ ਬੈਠੀ ਰਹੀ। ਅਸੀਂ ਦੋਹਾਂ ਨੇ ਕੁਝ ਹੋਰ ਨਾ ਕਿਹਾ। ਕੁਝ ਦੇਰ ਬਾਅਦ ਉਹ ਮੋਹ-ਭਰੀ ਗਲਵੱਕੜੀ ਪਾ ਕੇ ਆਪਣੇ ਮਾਂ-ਪਿਉ ਦੇ ਘਰ ਨੂੰ ਚਲੇ ਗਈ।

*****

ਸੁਖਜੀਤ ਅਤੇ ਉਸ ਦਾ ਪਤੀ ਸੁਖਦੇਵ ਚੰਡੀਗੜ੍ਹ ਹੀ ਰਹਿੰਦੇ ਸਨ। ਪਿਛਲੇ ਕਈ ਸਾਲਾਂ ਤੋਂ ਫ਼ੋਨ ਸਾਰੇ ਲੋਕਾਂ ਕੋਲ਼ ਹੋਣ ਕਾਰਨ ਮੈਂ ਰਣਜੀਤ ਅਤੇ ਹਰਮਨ ਨਾਲ ਫ਼ੋਨ ਤੇ ਹੀ ਗੱਲ ਕਰ ਲੈਂਦਾ ਸੀ। ਭਾਵੇਂ ਸੁਖਜੀਤ ਕੋਲ਼ ਫ਼ੋਨ ਸੀ ਪਰ ਮੈਂ ਉਸ ਨਾਲ ਕਦੇ ਵੀ ਗੱਲ ਨਹੀਂ ਸੀ ਕੀਤੀ। ਜਦੋਂ ਕਿਤੇ ਸੁਖਜੀਤ ਨੇ ਮੇਰੇ ਨਾਲ਼ ਗੱਲ ਕਰਨੀ ਹੁੰਦੀ ਤਾਂ ਉਹ ਰਣਜੀਤ ਅਤੇ ਹਰਮਨ ਦੇ ਘਰ ਚਲੇ ਜਾਂਦੀ ਸੀ ਅਤੇ ਉਨਾਂ ਦੇ ਫ਼ੋਨ ਤੋਂ ਮੇਰੇ ਨਾਲ਼ ਗੱਲ ਕਰ ਲੈਂਦੀ ਸੀ। ਸੁਖਜੀਤ ਦੱਸਦੀ ਸੀ ਕਿ ਭਾਵੇਂ ਉਸ ਦਾ ਪਤੀ ਸੁਖਦੇਵ ਬਹੁਤ ਚੰਗਾ ਇਨਸਾਨ ਸੀ ਪਰ ਉਹ ਮੈਨੂੰ ਕਦੇ ਵੀ ਨਹੀਂ ਸੀ ਭੁੱਲ ਸਕੀ। ਵਿਆਹ ਤੋਂ ਚਾਰ ਸਾਲਾਂ ਬਾਅਦ ਸੁਖਜੀਤ ਦੇ ਇਕ ਬੇਟਾ ਹੋਇਆ ਸੀ ਜਿਸ ਦਾ ਨਾਂ ਉਨਾਂ ਨੇ ਹਰਬਖ਼ਸ਼ ਰੱਖਿਆ ਸੀ। ਦੋ ਵਾਰੀ ਸੁਖਜੀਤ ਨੇ ਹੱਸਦੀ ਨੇ ਕਿਹਾ ਸੀ, "ਕਿੰਨਾ ਚੰਗਾ ਹੋਵੇ ਜੇ ਹਰਬਖ਼ਸ਼ ਦਾ ਵਿਆਹ ਗੁਰਲੀਨ ਨਾਲ ਹੋ ਜਾਵੇ।" ਮੈਂ ਹੱਸ ਕੇ ਗੱਲ ਆਈ-ਗਈ ਕਰਨ ਤੋਂ ਬਗੈਰ ਕੁਝ ਵੀ ਨਹੀਂ ਸੀ ਆਖਿਆ।

*****

ਹਰਸ਼ਰਨ ਦੇ ਮੈਥੋਂ ਜੁਦਾ ਹੋਣ ਤੋਂ ਬਾਅਦ ਵੀ ਉਹ ਕਈ ਵਾਰੀ ਮੈਨੂੰ ਮਿਲ਼ਣ ਆਉਂਦੀ ਰਹਿੰਦੀ ਸੀ ਅਤੇ ਮੇਰਾ ਖ਼ਿਆਲ ਰੱਖਦੀ ਸੀ। ਗੁਰਲੀਨ ਜਦੋਂ ਵੀ ਯੂਨੀਵਰਸਿਟੀ ਤੋਂ ਆਪਣੀ ਮਾਂ ਨੂੰ ਮਿਲ਼ਣ ਆਉਂਦੀ ਤਾਂ ਉਹ ਮੈਨੂੰ ਵੀ ਜ਼ਰੂਰ ਮਿਲ਼ਣ ਆਉਂਦੀ ਸੀ। ਹਰਸ਼ਰਨ ਨੇ ਗੁਰਲੀਨ ਨੂੰ ਸਾਡੇ ਵੱਖਰੇ ਹੋਣ ਦਾ ਕਾਰਨ ਵਿਸਥਾਰ ਨਾਲ ਸਮਝਾ ਦਿੱਤਾ ਸੀ ਅਤੇ ਗੁਰਲੀਨ ਨੇ ਸਾਡਾ ਇਹ ਫ਼ੈਸਲਾ ਠੀਕ ਹੀ ਸਮਝਿਆ ਸੀ।

ਕੁਝ ਮਹੀਨਿਆਂ ਬਾਅਦ ਜਦੋਂ ਹਰਸ਼ਰਨ ਆਈ ਤਾਂ ਮੈਂ ਉਸ ਨੂੰ ਪੁੱਛਿਆ ਕਿ ਜੇ ਉਹ ਕਿਸੇ ਔਰਤ ਨੂੰ ਜਾਣਦੀ ਹੈ ਜੋ ਦੋ-ਤਿੰਨ ਵਾਰੀ ਹਫ਼ਤੇ ਵਿਚ ਆ ਕੇ ਮੇਰਾ ਖਾਣਾ ਬਣਾ ਜਾਇਆ ਕਰੇ ਅਤੇ ਥੋੜੀ-ਬਹੁਤ ਸਫ਼ਾਈ ਵੀ ਕਰ ਜਾਇਆ ਕਰੇ। ਹਰਸ਼ਰਨ ਨੇ ਕਿਹਾ ਸੀ ਕਿ ਉਹ ਇਕ ਪੰਜਾਬੀ ਔਰਤ ਪੁਸ਼ਪਾ ਨੂੰ ਜਾਣਦੀ ਸੀ ਜੋ ਕਿਸੇ ਦੇ ਘਰ ਖਾਣਾ ਬਣਾਉਣ ਜਾਂਦੀ ਸੀ ਅਤੇ ਉਹ ਉਸ ਨੂੰ ਪੁੱਛੇਗੀ। ਉਸੇ ਦਿਨ ਹਰਸ਼ਰਨ ਨੇ ਪੁਸ਼ਪਾ ਨੂੰ ਫ਼ੋਨ ਕਰ ਕੇ ਪੁੱਛਿਆ ਤਾਂ ਪੁਸ਼ਪਾ ਨੇ ਹਾਂ ਕਰ ਦਿੱਤੀ। ਤਿੰਨਾਂ ਦਿਨਾਂ ਬਾਅਦ ਪੁਸ਼ਪਾ ਮੇਰੇ ਘਰ ਆਈ ਅਤੇ ਮੈਂ ਉਸ ਨੂੰ ਸਮਝਾ ਦਿੱਤਾ ਕਿ ਮੈਂ ਉਸ ਤੋਂ ਕਿਹੜੇ-ਕਿਹੜੇ ਕੰਮ ਕਰਾਉਣੇ ਚਾਹੁੰਦਾ ਸੀ। ਪੁਸ਼ਪਾ ਨੂੰ ਸਭ ਕੁਝ ਮਨਜ਼ੂਰ ਸੀ। ਮੈਨੂੰ ਵੀ ਪੁਸ਼ਪਾ ਠੀਕ ਲੱਗੀ। ਉਮਰ ਵਿਚ ਮੈਥੋਂ ਦੋ ਕੁ ਸਾਲ ਵੱਡੀ ਹੋਵੇਗੀ। ਹਰਸ਼ਰਨ ਨੇ ਮੈਨੂੰ ਦੱਸਿਆ ਸੀ ਕਿ ਪੁਸ਼ਪਾ ਦਾ ਇਕ ਬੇਟਾ ਸੀ ਜੋ ਯੂਨੀਵਰਸਿਟੀ ਤੋਂ ਬੀ.ਏ. ਕਰ ਕੇ ਵਾਸ਼ਿੰਗਟਨ ਵਿਚ ਚੰਗੀ ਨੌਕਰੀ ਤੇ ਲੱਗਿਆ ਹੋਇਆ ਸੀ। ਪੁਸ਼ਪਾ ਦੇ ਪਤੀ ਦੀ ਕੁਝ ਸਾਲ ਪਹਿਲਾਂ ਅਚਾਨਕ ਹੀ ਦਿਲ ਦੇ ਦੌਰੇ ਨਾਲ਼ ਮੌਤ ਹੋ ਗਈ ਸੀ। ਭਾਵੇਂ ਪੁਸ਼ਪਾ ਕੋਲ਼ ਆਪਣਾ ਇਕ ਅਪਾਰਟਮੈਂਟ ਸੀ ਜੋ ਉਸ ਦੇ ਪਤੀ ਨੇ ਨਕਦ ਪੈਸੇ ਦੇ ਕੇ ਕਈ ਸਾਲ ਪਹਿਲਾਂ ਖ਼ਰੀਦਿਆ ਸੀ ਅਤੇ ਉਸ ਦੇ ਪਤੀ ਦੀ ਮੌਤ ਤੇ ਪੁਸ਼ਪਾ ਨੂੰ ਇੰਨਸ਼ੋਰੈਂਸ ਦੇ ਕਾਫ਼ੀ ਪੈਸੇ ਵੀ ਮਿਲ਼ ਗਏ ਸਨ ਪਰ ਪੁਸ਼ਪਾ ਘਰ ਵਿਹਲੀ ਨਹੀਂ ਸੀ ਬੈਠਣਾ ਚਾਹੁੰਦੀ।

ਪੁਸ਼ਪਾ ਹਰ ਹਫ਼ਤੇ ਮੇਰੇ ਘਰ ਤਿੰਨ ਵਾਰੀ ਆਉਂਦੀ ਸੀ, ਮੇਰਾ ਖਾਣਾ ਬਣਾ ਜਾਂਦੀ ਸੀ, ਅਤੇ ਥੋੜੀ-ਬਹੁਤ ਸਫ਼ਾਈ ਕਰ ਜਾਂਦੀ ਸੀ। ਕੁਝ ਸਫ਼ਾਈ ਮੈਂ ਆਪ ਕਰ ਲੈਂਦਾ ਸੀ। ਪੁਸ਼ਪਾ ਖਾਣਾ ਬਣਾਉਣ ਵਿਚ ਬਹੁਤ ਮਾਹਿਰ ਸੀ। ਉਸ ਦਿਨ ਮੈਂ ਉਸ ਦੇ ਨਾਲ਼ ਬੈਠ ਕੇ ਖਾਣਾ ਖਾਂਦਾ ਅਤੇ ਅਸੀਂ ਇਕੱਠੇ ਚਾਹ ਜਾਂ ਕੌਫ਼ੀ ਵੀ ਪੀਂਦੇ। ਮੇਰੇ ਇੰਜ ਕਰਨ ਨਾਲ਼ ਉਹ ਖ਼ੁਸ਼ ਹੁੰਦੀ ਸੀ।

ਮੈਨੂੰ ਪਤਾ ਸੀ ਕਿ ਪੁਸ਼ਪਾ ਵੀ ਮੇਰੇ ਵਾਂਗ ਹੀ ਇਕੱਲਤਾ ਦਾ ਸਰਾਪ ਭੁਗਤ ਰਹੀ ਸੀ। ਉਸ ਨਾਲ ਬੈਠ ਕੇ ਕੌਫ਼ੀ ਪੀਣੀ ਮੈਂ ਇਸ ਲਈ ਚੰਗੀ ਸਮਝਦਾ ਸੀ ਕਿ ਪੁਸ਼ਪਾ ਸੋਚੇ ਕਿ ਕੋਈ ਉਸ ਨਾਲ ਵੀ ਹਮਦਰਦੀ ਕਰਨ ਵਾਲਾ ਹੈ।

"ਸਰ, ਹਰਸ਼ਰਨ ਨੇ ਮੈਨੂੰ ਤੁਹਾਡੀ ਜ਼ਿੰਦਗੀ ਬਾਰੇ ਸਭ ਕੁਝ ਦੱਸਿਆ ਹੈ। ਤੁਹਾਡੀ ਜ਼ਿੰਦਗੀ ਬਹੁਤ ਦਰਦ-ਭਰੀ ਹੈ।" ਇਕ ਦਿਨ ਪੁਸ਼ਪਾ ਨੇ ਕੌਫ਼ੀ ਪੀਂਦਿਆਂ ਮੈਨੂੰ ਕਿਹਾ।

"ਪੁਸ਼ਪਾ, ਹਰ ਇਨਸਾਨ ਨੂੰ ਕੋਈ ਨਾ ਕੋਈ ਦੁੱਖ ਹੁੰਦਾ ਹੈ। ਤੇਰੀ ਜ਼ਿੰਦਗੀ ਵੀ ਤਾਂ ਸੌਖੀ ਨਹੀਂ। ਤੇਰਾ ਪਤੀ ਵੀ ਅਚਾਨਕ ਹੀ ਤੁਰ ਗਿਆ ਸੀ। ਇਕ ਹੋਰ ਗੱਲ, ਮੈਨੂੰ ਸਰ ਸ਼ਬਦ ਪਸੰਦ ਨਹੀਂ। ਤੂੰ ਮੈਨੂੰ ਮਿੰਦਰ ਕਿਹਾ ਕਰ। ਅਮਰੀਕਾ ਵਿਚ ਕੋਈ ਵੀ ਕਿਸੇ ਨੂੰ ਸਰ ਨਹੀਂ ਕਹਿੰਦਾ। ਸਾਰੇ ਇਕ ਦੂਜੇ ਨੂੰ ਨਾਂ ਲੈ ਕੇ ਹੀ ਬੁਲਾਉਂਦੇ ਹਨ।"

"ਤੁਹਾਡਾ ਨਾਂ ਲੈਂਦਿਆਂ ਮੈਨੂੰ ਸੰਗ-ਸ਼ਰਮ ਮਹਿਸੂਸ ਹੁੰਦੀ ਹੈ।"

"ਕਿਸੇ ਸੰਗ-ਸ਼ਰਮ ਦੀ ਲੋੜ ਨਹੀਂ। ਮੈਂ ਚਾਹਾਂਗਾ ਤੂੰ ਮੈਨੂੰ ਮੇਰਾ ਨਾਂ ਲੈ ਕੇ ਬੁਲਾਵੇਂ।"

"ਠੀਕ ਹੈ, ਜਿਵੇਂ ਤੁਸੀਂ ਕਹੋ।"

*****

ਮੈਥੋਂ ਜੁਦਾ ਹੋ ਕੇ ਪੰਜ ਕੁ ਮਹੀਨਿਆਂ ਬਾਅਦ ਹਰਸ਼ਰਨ ਨੇ ਮੈਨੂੰ ਦੱਸਿਆ ਸੀ ਕਿ ਉਸ ਨੇ ਆਪਣੇ ਨਾਲ਼ ਕੰਮ ਕਰਦੇ ਇਕ ਗੋਰੇ ਆਦਮੀ ਡੇਵਿਡ ਨੂੰ ਦੋਸਤ ਬਣਾ ਲਿਆ ਸੀ। ਡੇਵਿਡ ਹਰਸ਼ਰਨ ਤੋਂ ਚਾਰ ਕੁ ਸਾਲ ਵੱਡਾ ਸੀ। ਉਸ ਦਾ ਆਪਣੀ ਪਤਨੀ ਤੋਂ ਤਲਾਕ ਹੋ ਚੁੱਕਾ ਸੀ। ਹਰਸ਼ਰਨ ਨੇ ਦੱਸਿਆ ਕਿ ਡੇਵਿਡ ਦੇਖਣ ਨੂੰ ਵੀ ਸੋਹਣਾ-ਸੁਨੱਖਾ ਸੀ ਅਤੇ ਮਜ਼ਾਕੀਆ ਵੀ ਬਹੁਤ ਸੀ। ਉਹ ਜ਼ਿੰਦਗੀ ਖੁਸ਼ ਰਹਿ ਕੇ ਅਤੇ ਹਾਸੇ—ਮਖ਼ੌਲ ਵਿਚ ਜਿਊਣੀ ਚਾਹੁੰਦਾ ਸੀ।

"ਹਰਸ਼ਰਨ, ਮੈਂ ਤੇਰੇ ਲਈ ਬਹੁਤ ਖੁਸ਼ ਹਾਂ। ਮੇਰੀਆਂ ਤੇਰੇ ਲਈ ਸ਼ੁੱਭ ਇੱਛਾਵਾਂ ਹਨ। ਰੱਬ ਤੈਨੂੰ ਹਰ ਖੁਸ਼ੀ ਦੇਵੇ। ਮੈਨੂੰ ਖੁਸ਼ੀ ਹੈ ਕਿ ਤੈਨੂੰ ਇਕ ਵਧੀਆ ਸਾਥੀ ਮਿਲ਼ ਗਿਆ ਹੈ।" ਇਕ ਦਿਨ ਜਦ ਹਰਸ਼ਰਨ ਮੈਨੂੰ ਮਿਲ਼ਣ ਆਈ ਤਾਂ ਮੈਂ ਕਿਹਾ।

"ਮਿੰਦਰ, ਬਹੁਤ ਧੰਨਵਾਦ।"

"ਜੇ ਡੇਵਿਡ ਨਾਲ਼ ਸ਼ਾਦੀ ਕਰਾਉਣੀ ਹੋਈ ਤਾਂ ਦੱਸ ਦੇਵੀਂ। ਮੈਂ ਤੈਨੂੰ ਤਲਾਕ ਦੇ ਦੇਵਾਂਗਾ।"

"ਹਾਲੇ ਸ਼ਾਦੀ ਦਾ ਕੋਈ ਵਿਚਾਰ ਨਹੀਂ। ਹਾਲੇ ਤਾਂ ਦੇਖਾਂਗੇ ਕਿ ਸਾਡੀ ਦੋਹਾਂ ਦੀ ਨਿਭਦੀ ਕਿਵੇਂ ਹੈ। ਕਈ ਵਾਰੀ ਸਮੇਂ ਨਾਲ਼ ਇਨਸਾਨ ਬਦਲ ਜਾਂਦਾ ਹੈ।"

"ਹਰਸ਼ਰਨ, ਤੂੰ ਬਿਲਕੁਲ ਸਹੀ ਕਿਹਾ। ਵਾਹਿਗੁਰੂ ਕਰੇ ਡੇਵਿਡ ਨਾ ਬਦਲੇ। ਉਹ ਵਧੀਆ ਹੀ ਰਹੇ ਅਤੇ ਤੈਨੂੰ ਖੁਸ਼ ਰੱਖੇ।"

"ਮਿੰਦਰ, ਧੰਨਵਾਦ। ਕਿਸੇ ਦਿਨ ਮੈਂ ਡੇਵਿਡ ਨੂੰ ਲੈ ਕੇ ਆਵਾਂਗੀ ਤੈਨੂੰ ਮਿਲ਼ਾਉਣ ਲਈ। ਮੈਂ ਉਸ ਨੂੰ ਦੱਸਿਆ ਹੈ ਕਿ ਤੂੰ ਬਹੁਤ ਵਧੀਆ ਇਨਸਾਨ ਏਂ।"

"ਹਰਸ਼ਰਨ, ਧੰਨਵਾਦ। ਤੁਸੀਂ ਦੋਹਾਂ ਨੇ ਜਦੋਂ ਮਰਜ਼ੀ ਆ ਜਾਣਾ। ਬਹੁਤ ਖੁਸ਼ੀ ਹੋਵੇਗੀ ਡੇਵਿਡ ਨੂੰ ਮਿਲ਼ ਕੇ।"

ਹਫ਼ਤੇ ਕੁ ਬਾਅਦ ਹਰਸ਼ਰਨ ਅਤੇ ਡੇਵਿਡ ਮੈਨੂੰ ਮਿਲ਼ਣ ਆਏ। ਹਰਸ਼ਰਨ ਨੇ ਸਾਡਾ ਦੋਹਾਂ ਦਾ ਤੁਆਰਫ਼ ਕਰਾਇਆ। ਹਰਸ਼ਰਨ ਅਤੇ ਡੇਵਿਡ ਦੋ ਘੰਟੇ ਬੈਠੇ ਮੇਰੇ ਨਾਲ਼ ਗੱਲਾਂ

ਕਰਦੇ ਰਹੇ। ਮੈਂ ਉਨਾਂ ਨੂੰ ਕੌਫ਼ੀ ਬਣਾ ਕੇ ਪਿਲ਼ਾਈ ਅਤੇ ਨਾਲ਼ ਕੁਝ ਸਨੈਕਸ ਖਾਣ ਲਈ ਦਿੱਤੇ। ਡੇਵਿਡ ਅਤੇ ਮੈਂ ਇਕ ਦੂਜੇ ਨੂੰ ਮਿਲ਼ ਕੇ ਬਹੁਤ ਖੁਸ਼ ਹੋਏ। ਅਸੀਂ ਦੋਹਾਂ ਨੇ ਇਕ ਦੂਜੇ ਦੇ ਸੁਭਾਅ ਨੂੰ ਪਸੰਦ ਕੀਤਾ। ਇਸ ਤੋਂ ਬਾਅਦ ਹਰਸ਼ਰਨ ਅਤੇ ਡੇਵਿਡ ਹਰ ਦੋ-ਤਿੰਨ ਹਫ਼ਤਿਆਂ ਪਿੱਛੋਂ ਮੈਨੂੰ ਮਿਲ਼ਣ ਆ ਜਾਂਦੇ ਸਨ।

*****

ਪੁਸ਼ਪਾ ਨੂੰ ਮੇਰੇ ਘਰ ਕੰਮ ਕਰਦੀ ਨੂੰ ਤਿੰਨ ਕੁ ਮਹੀਨੇ ਹੋ ਗਏ ਸਨ। ਇਕ ਦਿਨ ਜਦ ਉਹ ਮੇਰੇ ਘਰ ਕੰਮ ਕਰਨ ਆਈ ਤਾਂ ਖਾਣਾ ਬਣਾਉਣ ਤੋਂ ਬਾਅਦ ਵਿਹਲੀ ਹੋ ਕੇ ਮੇਰੇ ਨਾਲ਼ ਬੈਠੀ ਕੌਫ਼ੀ ਪੀ ਰਹੀ ਸੀ।

"ਮਿੰਦਰ, ਤੂੰ ਇਕੱਲਾ ਰਹਿ ਰਿਹਾ ਏਂ। ਹੋਰ ਵਿਆਹ ਕਰਾਉਣ ਦਾ ਇਰਾਦਾ ਨਹੀਂ ?" ਅਚਾਨਕ ਪੁਸ਼ਪਾ ਨੇ ਮੈਨੂੰ ਪੁੱਛਿਆ।

"ਨਹੀਂ ਪੁਸ਼ਪਾ, ਮੈਂ ਸੁਖਜੀਤ ਨੂੰ ਭੁੱਲ ਨਹੀਂ ਸਕਦਾ। ਇਸ ਲਈ ਕਿਸੇ ਹੋਰ ਔਰਤ ਨਾਲ਼ ਮੇਰੀ ਨਿਭਣੀ ਔਖੀ ਹੈ। ਐਵੇਂ ਕਿਸੇ ਵਿਚਾਰੀ ਦੀ ਜ਼ਿੰਦਗੀ ਖ਼ਰਾਬ ਕਰਾਂਗਾ। ਕੀ ਫ਼ਾਇਦਾ। ਮੇਰਾ ਦਿਲ ਤਾਂ ਹਾਲੇ ਵੀ ਸੁਖਜੀਤ ਕੋਲ਼ ਹੀ ਹੈ। ਮੇਰੇ ਕੋਲ਼ ਤਾਂ ਸਿਰਫ਼ ਮੇਰਾ ਜਿਸਮ ਹੀ ਹੈ।"

"ਤੂੰ ਆਪਣੀ ਜ਼ਿੰਦਗੀ ਵਿਚ ਔਰਤ ਦੀ ਘਾਟ ਮਹਿਸੂਸ ਨਹੀਂ ਕਰਦਾ ?" ਮੈਂ ਸੋਚਿਆ ਵੀ ਨਹੀਂ ਸੀ ਕਿ ਪੁਸ਼ਪਾ ਮੈਨੂੰ ਇਹ ਸਵਾਲ ਪੁੱਛਣ ਦਾ ਹੌਸਲਾ ਕਰੇਗੀ। ਲਗਦਾ ਸੀ ਉਹ ਮੇਰੇ ਨਾਲ਼ ਕਾਫ਼ੀ ਖੁੱਲ ਗਈ ਸੀ।

"ਪੁਸ਼ਪਾ, ਔਰਤ ਦੀ ਘਾਟ ਤਾਂ ਬਹੁਤ ਮਹਿਸੂਸ ਹੁੰਦੀ ਹੈ ਪਰ ਮੈਂ ਕਰ ਕੀ ਸਕਦਾ ਹਾਂ। ਤੁਸੀਂ ਤਕਦੀਰ ਨਾਲ਼ ਲੜ ਨਹੀਂ ਸਕਦੇ। ਮੈਂ ਸਿਰਫ਼ ਸੁਖਜੀਤ ਦੀ ਘਾਟ ਮਹਿਸੂਸ ਕਰ ਰਿਹਾਂ, ਹੋਰ ਕਿਸੇ ਔਰਤ ਦੀ ਨਹੀਂ। ਔਰਤ-ਮਰਦ ਦਾ ਰਿਸ਼ਤਾ ਉਦੋਂ ਹੀ ਸੁਖਾਵਾਂ ਅਤੇ ਖੁਸ਼ੀ ਵਾਲ਼ਾ ਹੁੰਦਾ ਹੈ ਜਦੋਂ ਇਹ ਰਿਸ਼ਤਾ ਰੂਹ ਦਾ ਰਿਸ਼ਤਾ ਹੋਵੇ।"

"ਮਿੰਦਰ, ਮੈਂ ਤੇਰੇ ਨਾਲ ਸਹਿਮਤ ਹਾਂ। ਮੇਰਾ ਵੀ ਮੇਰੇ ਪਤੀ ਨਾਲ ਪਿਆਰ-ਵਿਆਹ ਸੀ। ਸਾਡਾ ਰਿਸ਼ਤਾ ਰੂਹ ਦਾ ਰਿਸ਼ਤਾ ਸੀ। ਬਹੁਤ ਹੀ ਹਾਸੇ-ਮਜ਼ੌਲ ਵਾਲ਼ਾ ਅਤੇ ਅਨੰਦਮਈ ਰਿਸ਼ਤਾ ਸੀ। ਆਈ ਮਿੱਸ ਇਟ ਵੈਰੀ ਮੱਚ।" ਇਹ ਕਹਿੰਦੀ ਪੁਸ਼ਪਾ ਦੀਆਂ ਅੱਖਾਂ ਅੱਥਰੂਆਂ ਨਾਲ਼ ਭਰ ਗਈਆਂ। ਮੈਂ ਟੇਬਲ ਤੇ ਪਿਆ ਨੈਪਕਿਨ ਚੁੱਕ ਕੇ ਪੁਸ਼ਪਾ ਨੂੰ ਫੜਾ ਦਿੱਤਾ ਜਿਸ ਨਾਲ ਪੁਸ਼ਪਾ ਨੇ ਆਪਣੇ ਅੱਥਰੂ ਪੂੰਝੇ। ਥੋੜੀ ਦੇਰ ਬਾਅਦ ਪੁਸ਼ਪਾ ਆਪਣੇ ਘਰ ਨੂੰ ਚਲੇ ਗਈ।

ਪੁਸ਼ਪਾ ਦੇ ਜਾਣ ਤੋਂ ਬਾਅਦ ਮੈਂ ਸੋਚਾਂ ਵਿਚ ਪੈ ਗਿਆ ਕਿ ਪੁਸ਼ਪਾ ਨੇ ਅੱਜ ਇਹ ਗੱਲਾਂ ਕਿਉਂ ਛੇੜੀਆਂ ਸਨ। ਮੈਨੂੰ ਲੱਗਿਆ ਕਿ ਪੁਸ਼ਪਾ ਮੇਰੇ ਨੇੜੇ ਹੁੰਦੀ ਜਾ ਰਹੀ ਸੀ। ਕਈ ਵਾਰੀ ਉਹ ਮੈਨੂੰ ਕੁਝ ਫੜਾਉਂਦੀ ਹੋਈ ਮੇਰੇ ਮੋਢੇ ਤੇ ਹੱਥ ਰੱਖ ਦਿੰਦੀ ਸੀ। ਪਿਛਲੇ ਕੁਝ ਹਫ਼ਤਿਆਂ ਤੋਂ ਉਹ ਜਦੋਂ ਆਉਂਦੀ ਜਾਂ ਵਾਪਸ ਜਾਂਦੀ ਤਾਂ ਆਪਣੀ ਇਕ ਬਾਂਹ ਮੇਰੇ ਸਰੀਰ ਦੁਆਲੇ ਵਲ਼ ਕੇ ਫ਼ਤਿਹ ਬੁਲਾਉਂਦੀ। ਕਈ ਵਾਰੀ ਮੈਨੂੰ ਕੌਫ਼ੀ ਜਾਂ ਕੋਈ ਹੋਰ ਚੀਜ਼ ਫੜਾਉਣ ਲੱਗੀ ਮੇਰੇ ਹੱਥ ਨੂੰ ਜਾਣ-ਬੁੱਝ ਕੇ ਛੋਹ ਲੈਂਦੀ। ਮੈਨੂੰ ਸ਼ੱਕ ਹੋਇਆ ਕਿ ਸ਼ਾਇਦ ਪੁਸ਼ਪਾ ਮੇਰੇ ਵਲ਼ ਖਿੱਚੀ ਗਈ ਸੀ।

ਅਗਲੀ ਵਾਰੀ ਜਦੋਂ ਪੁਸ਼ਪਾ ਆਈ ਤਾਂ ਦਰਵਾਜ਼ਾ ਵੜਦਿਆਂ ਉਸ ਨੇ ਮੈਨੂੰ ਹੈਲੋ

ਕਹਿੰਦਿਆਂ ਮੇਰਾ ਮੋਢਾ ਆਪਣੇ ਹੱਥ ਨਾਲ ਹਲਕਾ ਜਿਹਾ ਥਾਪੜਿਆ। ਖਾਣਾ ਬਣਾਉਣ ਅਤੇ ਸਫ਼ਾਈ ਦਾ ਕੰਮ ਮੁਕਾ ਕੇ ਪੁਸ਼ਪਾ ਨੇ ਸਾਡੇ ਦੋਹਾਂ ਲਈ ਕੌਫ਼ੀ ਬਣਾਈ ਅਤੇ ਟੇਬਲ ਤੇ ਰੱਖ ਕੇ ਮੈਨੂੰ ਹਾਕ ਮਾਰੀ। ਮੈਂ ਦੂਜੇ ਕਮਰੇ ਵਿਚ ਬੈਠਾ ਸੀ।

"ਮਿੰਦਰ, ਸੌਰੀ, ਮੈਂ ਪਿਛਲੀ ਵਾਰੀ ਜੋ ਗੱਲਾਂ ਐਵੇਂ ਦੁਖੀ ਮਨ ਨਾਲ਼ ਛੇੜ ਲਈਆਂ ਸਨ ਤੁਸੀਂ ਉਨਾਂ ਦਾ ਬੁਰਾ ਤਾਂ ਨਹੀਂ ਮਨਾਇਆ ?" ਕੌਫ਼ੀ ਪੀਂਦਿਆਂ ਪੁਸ਼ਪਾ ਨੇ ਕਿਹਾ।

"ਨਹੀਂ, ਮੈਂ ਕੋਈ ਬੁਰਾ ਨਹੀਂ ਮਨਾਇਆ। ਮੈਨੂੰ ਪਤਾ ਤੂੰ ਵੀ ਇਕੱਲੀ ਰਹਿੰਦੀ ਏਂ। ਪਤਾ ਨਹੀਂ ਤੈਨੂੰ ਵੀ ਕਿੰਨਾ ਕੁ ਸਟਰੈੱਸ ਅਤੇ ਟੈਨਸ਼ਨ ਹੈ ਜਿਸ ਲਈ ਕੋਈ ਆਊਟਲੈੱਟ ਤੇਰੇ ਕੋਲ਼ ਨਹੀਂ। ਜੇ ਅਸੀਂ ਆਪਣੇ ਦਿਲ ਦਾ ਦੁੱਖ ਕਿਸੇ ਨਾਲ਼ ਸਾਂਝਾ ਨਾ ਕਰ ਸਕੀਏ ਤਾਂ ਇਹ ਸਾਨੂੰ ਘੁਣ ਵਾਂਗ ਅੰਦਰੋ-ਅੰਦਰੀਂ ਖਾ ਸਕਦਾ। ਜਿਸ ਨੂੰ ਅਸੀਂ ਆਪਣੇ ਨੇੜੇ ਸਮਝੀਏ ਉਸ ਨਾਲ਼ ਆਪਣੇ ਦਿਲ ਦੀ ਗੱਲ ਸਾਂਝੀ ਕਰਨ ਵਿਚ ਕੋਈ ਬੁਰਾਈ ਨਹੀਂ।"

"ਮਿੰਦਰ, ਮੇਰੀ ਸਮੱਸਿਆ ਨੂੰ ਸਮਝਣ ਲਈ ਬਹੁਤ ਧੰਨਵਾਦ। ... ਅਸਲ ਵਿਚ ਇਨਸਾਨ ਨੂੰ ਸਿਰਫ਼ ਭੋਜਨ ਦੀ ਹੀ ਭੁੱਖ ਨਹੀਂ ਹੁੰਦੀ। ਜ਼ਿੰਦਗੀ ਵਿਚ ਹੋਰ ਵੀ ਭੁੱਖਾਂ ਹੁੰਦੀਆਂ ਹਨ। ਜੇ ਅਸੀਂ ਉਹ ਭੁੱਖਾਂ ਤ੍ਰਿਪਤ ਨਾ ਕਰ ਸਕੀਏ ਤਾਂ ਅਸੀਂ ਮਾਨਸਿਕ ਤੌਰ ਤੇ ਵੀ ਰੋਗੀ ਬਣ ਸਕਦੇ ਹਾਂ।"

"ਪੁਸ਼ਪਾ, ਤੂੰ ਬਿਲਕੁਲ ਸਹੀ ਕਿਹਾ ਹੈ। ਇਨਸਾਨ ਦੀ ਜ਼ਿੰਦਗੀ ਦੀ ਹਰ ਪੱਖ ਤੋਂ ਤ੍ਰਿਪਤੀ ਹੋਣੀ ਬਹੁਤ ਜ਼ਰੂਰੀ ਹੈ। ਕਿਸੇ ਪਾਸਿਓਂ ਵੀ ਅਧੂਰੀ ਜ਼ਿੰਦਗੀ ਇਨਸਾਨ ਨੂੰ ਡਿਸਟਰਬ ਕਰ ਸਕਦੀ ਹੈ।"

"ਮਿੰਦਰ, ਜੇ ਤੇਰੀ ਕੋਈ ਲੋੜ ਹੈ ਤਾਂ ਦੱਸ। ਜੇ ਮੈਂ ਕੁਝ ਕਰ ਸਕਦੀ ਹੋਈ ਤਾਂ ਜ਼ਰੂਰ ਕਰਾਂਗੀ।"

ਮੈਂ ਪੁਸ਼ਪਾ ਵਲ਼ ਨੀਝ ਨਾਲ਼ ਦੇਖਿਆ ਤਾਂ ਉਹ ਟਿਕ-ਟਿਕੀ ਲਗਾਈ ਮੇਰੇ ਵਲ਼ ਦੇਖ ਰਹੀ ਸੀ। ਉਸ ਦੀਆਂ ਅੱਖਾਂ ਮੈਨੂੰ ਉਦਾਸ ਲੱਗੀਆਂ ਜਿਵੇਂ ਉਹ ਕੁਝ ਚਾਹੁੰਦੀਆਂ ਹੋਣ। ਮੈਂ ਸਮਝ ਗਿਆ ਸੀ ਕਿ ਪੁਸ਼ਪਾ ਕੀ ਚਾਹੁੰਦੀ ਸੀ। ਮੈਨੂੰ ਲੱਗਾ ਕਿ ਸ਼ਾਇਦ ਉਸ ਲਈ ਆਪਣੀ ਭੁੱਖ ਦੀ ਤ੍ਰਿਪਤੀ ਕਰਨੀ ਬਹੁਤ ਜ਼ਰੂਰੀ ਸੀ ਅਤੇ ਇਸ ਦੇ ਬਾਰੇ ਉਹ ਗੁੱਝੇ ਇਸ਼ਾਰੇ ਇਕ ਮਹੀਨੇ ਤੋਂ ਹੀ ਕਰ ਰਹੀ ਸੀ।

"ਪੁਸ਼ਪਾ, ਮੈਂ ਤਾਂ ਆਪਣੀ ਜ਼ਿੰਦਗੀ ਨਾਲ ਸਮਝੌਤਾ ਕਰ ਲਿਆ ਹੈ। ਮੇਰੀਆਂ ਲੋੜਾਂ ਬਹੁਤ ਘੱਟ ਹਨ। ਸ਼ਾਇਦ ਤੇਰੀਆਂ ਲੋੜਾਂ ਮੇਰੇ ਨਾਲ਼ੋਂ ਵੱਧ ਹੋਣ। ਕੀ ਮੈਂ ਠੀਕ ਕਹਿ ਰਿਹਾਂ ?"

ਕੁਝ ਦੇਰ ਚੁੱਪ ਛਾਈ ਰਹੀ। ਮੈਂ ਪੁਸ਼ਪਾ ਵਲ ਦੇਖਿਆ ਤਾਂ ਉਹ ਬਹੁਤ ਸੀਰੀਅਸ ਹੋਈ ਮੇਰੇ ਵਲ ਦੇਖ ਰਹੀ ਸੀ। ਸ਼ਾਇਦ ਮੇਰੇ ਚਿਹਰੇ ਦੇ ਹਾਵ-ਭਾਵ ਭਾਂਪ ਰਹੀ ਹੋਵੇ।

"ਮਿੰਦਰ, ਆਪਾਂ ਇਕ ਅਜਿਹੇ ਮੁਲਕ ਵਿਚ ਰਹਿੰਦੇ ਹਾਂ ਜਿੱਥੇ ਲੋਕ ਆਪਣੇ ਦਿਲ ਦੀ ਗੱਲ ਕਹਿਣ ਲੱਗੇ ਝਿਜਕਦੇ ਨਹੀਂ। ਮੈਨੂੰ ਤੂੰ ਬਹੁਤ ਚੰਗਾ ਲਗਦਾ ਏਂ। ਜੇ ਤੂੰ ਬੁਰਾ ਨਾ ਮਨਾਵੇਂ ਤਾਂ ਕੀ ਮੈਂ ਕਹਿ ਸਕਦੀ ਹਾਂ ਕਿ ਮੈਨੂੰ ਤੇਰੀ ਲੋੜ ਹੈ ?" ਕੁਝ ਦੇਰ ਬਾਅਦ ਪੁਸ਼ਪਾ ਨੇ ਕਿਹਾ।

"ਦੇਖ ਪੁਸ਼ਪਾ, ਤੂੰ ਬਹੁਤ ਵਧੀਆ ਇਨਸਾਨ ਏਂ। ਖ਼ੂਬਸੂਰਤ ਵੀ ਏਂ। ਜਿਵੇਂ ਮੈਂ ਤੈਨੂੰ ਪਹਿਲਾਂ ਦੱਸਿਆ ਹੈ, ਮੈਂ ਆਪਣਾ ਦਿਲ ਸੁਖਜੀਤ ਨੂੰ ਦੇ ਆਇਆ ਸੀ। ਮੇਰੇ ਕੋਲ਼ ਸਿਰਫ਼ ਮੇਰਾ

ਜਿਸਮ ਹੈ। ਜੇ ਤੈਨੂੰ ਸਿਰਫ਼ ਮੇਰਾ ਜਿਸਮ ਚਾਹੀਦਾ ਤਾਂ ਠੀਕ ਹੈ। ਮੈਂ ਤੈਨੂੰ ਆਪਣਾ ਦਿਲ ਨਹੀਂ ਦੇ ਸਕਦਾ। ਜੇ ਮਨਜ਼ੂਰ ਹੈ ਤਾਂ ਦੱਸ।" ਮੈਂ ਪੁਸ਼ਪਾ ਦੀਆਂ ਅੱਖਾਂ ਵਿਚ ਝਾਕ ਕੇ ਕਿਹਾ।

"ਮਿੰਦਰ, ਮੈਨੂੰ ਮਨਜ਼ੂਰ ਹੈ।"

ਉਸ ਦਿਨ ਪੁਸ਼ਪਾ ਮੇਰੇ ਕੋਲ਼ ਹੀ ਰਹੀ ਸੀ। ਉਸ ਦਿਨ ਤੋਂ ਬਾਅਦ ਪੁਸ਼ਪਾ ਹਰ ਹਫ਼ਤੇ ਦੋ ਜਾਂ ਤਿੰਨ ਵਾਰੀ ਦਿਨ-ਰਾਤ ਮੇਰੇ ਕੋਲ਼ ਰਹਿ ਜਾਂਦੀ ਸੀ।

*****

ਸਾਲ 2015 ਦੀ ਗੱਲ ਹੈ, ਤੜ੍ਹਕੇ 4:00 ਵਜੇ ਰਣਜੀਤ ਦਾ ਫ਼ੋਨ ਆਇਆ। ਮੈਂ ਕੰਬਦੇ ਹੱਥਾਂ ਨਾਲ ਫ਼ੋਨ ਚੁੱਕਿਆ। ਜਦੋਂ ਕਿਸੇ ਨੂੰ ਇਸ ਤਰਾਂ ਫ਼ੋਨ ਆਵੇ ਤਾਂ ਹਮੇਸ਼ਾ ਡਰ ਲਗਦਾ ਹੈ ਕਿ ਕੋਈ ਬੁਰੀ ਗੱਲ ਨਾ ਵਾਪਰ ਗਈ ਹੋਵੇ।

"ਰਣਜੀਤ, ਸਭ ਠੀਕ ਤਾਂ ਹੈ ਇਸ ਵੇਲੇ ਫ਼ੋਨ ਕੀਤਾ?"

"ਮਿੰਦਰ, ਬਹੁਤ ਬੁਰੀ ਖ਼ਬਰ ਹੈ। ਸੁਖਜੀਤ ਦਾ ਪਤੀ ਰੋਪੜ ਤੋਂ ਚੰਡੀਗੜ੍ਹ ਆ ਰਿਹਾ ਸੀ। ਟਰੱਕ ਨਾਲ਼ ਉਸ ਦਾ ਐਕਸੀਡੈਂਟ ਹੋ ਗਿਆ। ਉਸ ਦੀ ਉਸੇ ਵੇਲੇ ਮੌਤ ਹੋ ਗਈ। ਆਹ ਦੋ ਕੁ ਘੰਟੇ ਪਹਿਲਾਂ ਹੀ ਸੁਖਜੀਤ ਨੂੰ ਪਤਾ ਲੱਗਾ। ਉਸ ਨੇ ਆਪਣੇ ਬੇਟੇ ਤੋਂ ਮੈਨੂੰ ਫ਼ੋਨ ਕਰਾਇਆ। ਅਸੀਂ ਸੁਖਜੀਤ ਦੇ ਘਰ ਨੂੰ ਜਾਣ ਦੀ ਤਿਆਰੀ ਕਰ ਰਹੇ ਹਾਂ।"

"ਓਹ ਮੇਰਿਆ ਰੱਬਾ! ਕਿੰਨੀ ਭੈੜੀ ਖ਼ਬਰ ਹੈ। ਯਾਰ, ਸੁਖਜੀਤ ਦੀ ਕੀ ਹਾਲਤ ਹੋਵੇਗੀ? ਉਸ ਦਾ ਖ਼ਿਆਲ ਰੱਖਿਓ। ਜੇ ਕੋਈ ਮਦਦ ਚਾਹੀਦੀ ਹੋਈ ਤਾਂ ਮੈਨੂੰ ਦੱਸਿਓ। ਮੈਂ ਇਸੇ ਹਫ਼ਤੇ ਹਿੰਦੁਸਤਾਨ ਆਉਣ ਦੀ ਕੋਸ਼ਿਸ਼ ਕਰਾਂਗਾ। ਪਤਾ ਨਹੀਂ ਵਿਚਾਰੀ ਦਾ ਕੀ ਹਾਲ ਹੋਵੇਗਾ। ਮੈਨੂੰ ਫ਼ੋਨ ਕਰ ਕੇ ਉਸ ਦੀ ਹਾਲਤ ਦੱਸਦੇ ਰਹਿਣਾ।" ਇਹ ਖ਼ਬਰ ਸੁਣ ਕੇ ਮੈਂ ਅੰਦਰੋਂ-ਬਾਹਰੋਂ ਕੰਬ ਗਿਆ ਸੀ। ਕੁਝ ਸਮਝ ਨਹੀਂ ਸੀ ਆ ਰਿਹਾ ਕਿ ਕੀ ਕਰਾਂ। ਇਸ ਤੋਂ ਬਾਅਦ ਮੈਂ ਬਿਲਕੁਲ ਨਾ ਸੌਂ ਸਕਿਆ। ਸਵੇਰੇ ਕੰਮ ਤੇ ਫ਼ੋਨ ਕਰ ਕੇ ਛੁੱਟੀ ਲੈ ਲਈ। ਪੰਜ ਦਿਨਾਂ ਬਾਅਦ ਦਾ ਹਿੰਦੁਸਤਾਨ ਜਾਣ ਦਾ ਟਿਕਟ ਮਿਲ਼ਿਆ। ਕੰਮ ਤੋਂ ਪਰਿਵਾਰਕ ਐਮਰਜੈਂਸੀ ਕਹਿ ਕੇ ਦੋ ਹਫ਼ਤੇ ਦੀਆਂ ਛੁੱਟੀਆਂ ਲੈ ਕੇ ਹਿੰਦੁਸਤਾਨ ਨੂੰ ਚਲੇ ਗਿਆ।

ਦਿੱਲੀ ਤੋਂ ਪਿੰਡ ਜਾ ਕੇ ਦੂਜੇ ਦਿਨ ਚੰਡੀਗੜ ਰਣਜੀਤ ਅਤੇ ਹਰਮਨ ਦੇ ਘਰ ਚਲੇ ਗਿਆ। ਮੈਂ ਉਨਾਂ ਨੂੰ ਪਹਿਲਾਂ ਹੀ ਆਪਣੇ ਆਉਣ ਬਾਰੇ ਫ਼ੋਨ ਕਰ ਦਿੱਤਾ ਸੀ। ਰਣਜੀਤ ਨੇ ਦੱਸਿਆ ਕਿ ਸੁਖਦੇਵ ਦਾ ਸੰਸਕਾਰ ਤਾਂ ਐਕਸੀਡੈਂਟ ਤੋਂ ਦੂਜੇ ਦਿਨ ਹੀ ਕਰ ਦਿੱਤਾ ਸੀ। ਅਸੀਂ ਤਿੰਨੇ ਸੁਖਜੀਤ ਦੇ ਘਰ ਗਏ। ਸੁਖਜੀਤ ਦਾ ਬੁਰਾ ਹਾਲ ਸੀ। ਉਹ ਮੈਨੂੰ ਦੇਖ ਕੇ ਰੋਣ ਲੱਗ ਪਈ। ਮੈਨੂੰ ਵੀ ਉਸ ਦੀ ਹਾਲਤ ਦੇਖ ਕੇ ਰੋਣਾ ਆ ਗਿਆ। ਜਦੋਂ ਸੁਖਜੀਤ ਰੋਣ ਤੋਂ ਚੁੱਪ ਕੀਤੀ ਤਾਂ ਮੈਂ ਅਫ਼ਸੋਸ ਪਰਗਟ ਕੀਤਾ। ਉਸ ਨੇ ਮੇਰੇ ਆਉਣ ਦਾ ਧੰਨਵਾਦ ਕੀਤਾ। ਮੈਂ ਭੋਗ ਤੱਕ ਰਣਜੀਤ ਕੋਲ਼ ਹੀ ਰਿਹਾ ਅਤੇ ਰੋਜ਼ ਹੀ ਸੁਖਜੀਤ ਨੂੰ ਦੇਖਣ ਅਤੇ ਉਸ ਦੇ ਦੁੱਖ ਵਿਚ ਸ਼ਰੀਕ ਹੋਣ ਲਈ ਜਾਂਦਾ ਰਿਹਾ। ਸੁਖਜੀਤ ਨੇ ਆਪਣੇ ਬੇਟੇ ਨੂੰ ਦੱਸ ਦਿੱਤਾ ਸੀ ਕਿ ਅਸੀਂ ਐੱਮ.ਏ. ਵਿਚ ਇਕੱਠੇ ਪੜ੍ਹਦੇ ਸੀ ਅਤੇ ਬਹੁਤ ਵਧੀਆ ਦੋਸਤ ਸੀ। ਦੋ ਹਫ਼ਤਿਆਂ ਬਾਅਦ ਮੈਂ ਵਾਪਸ ਅਮਰੀਕਾ ਆ ਗਿਆ ਸੀ।

*****

ਹਿੰਦੁਸਤਾਨ ਤੋਂ ਮੇਰੇ ਵਾਪਸ ਆਉਣ ਤੇ ਹਰਸ਼ਰਨ ਅਤੇ ਡੇਵਿਡ ਮੈਨੂੰ ਹਰ ਹਫ਼ਤੇ ਹੀ

ਮਿਲ਼ਣ ਆਉਂਦੇ ਸਨ। ਉਨਾਂ ਨੂੰ ਡਰ ਸੀ ਕਿ ਸੁਖਜੀਤ ਦੇ ਇਸ ਦੁੱਖ ਨਾਲ਼ ਮੈਂ ਵੀ ਕਿਤੇ ਬਹੁਤ ਨਿਰਾਸ਼ ਹੋ ਕੇ ਢਹਿ-ਢੇਰੀ ਨਾ ਹੋ ਜਾਵਾਂ। ਪੁਸ਼ਪਾ ਨੂੰ ਵੀ ਇਹੋ ਡਰ ਖਾਂਦਾ ਸੀ। ਉਹ ਵੀ ਹਰ ਰੋਜ਼ ਮੈਨੂੰ ਦੇਖਣ ਆਉਂਦੀ ਸੀ ਅਤੇ ਕਈ-ਕਈ ਘੰਟੇ ਮੇਰੇ ਕੋਲ਼ ਬੈਠੀ ਰਹਿੰਦੀ ਸੀ। ਕਈ ਵਾਰੀ ਤਾਂ ਉਹ ਰਾਤ ਵੀ ਮੇਰੇ ਕੋਲ਼ ਹੀ ਠਹਿਰ ਜਾਂਦੀ ਸੀ। ਜਿਸ ਤਰਾਂ ਮੈਂ ਸੁਖਜੀਤ ਦੀ ਹਾਲਤ ਦੇਖ ਕੇ ਆਇਆ ਸੀ, ਮੈਨੂੰ ਖ਼ੁਦ ਨੂੰ ਉਸ ਨੇ ਬਹੁਤ ਨਿਰਾਸ਼ ਕੀਤਾ ਸੀ। ਅਮਰੀਕਾ ਵਾਪਸ ਆ ਕੇ ਮੈਂ ਸੁਖਜੀਤ ਨੂੰ ਹਰ ਹਫ਼ਤੇ ਦੋ-ਤਿੰਨ ਵਾਰੀ ਫ਼ੋਨ ਜ਼ਰੂਰ ਕਰ ਲੈਂਦਾ ਸੀ।

ਹਿੰਦੁਸਤਾਨ ਤੋਂ ਵਾਪਸ ਆਉਣ ਤੋਂ ਚਾਰ ਕੁ ਮਹੀਨਿਆਂ ਬਾਅਦ ਮੈਂ ਫਿਰ ਕੰਮ ਤੋਂ ਦੋ ਹਫ਼ਤਿਆਂ ਦੀ ਛੁੱਟੀ ਲੈ ਕੇ ਹਿੰਦੁਸਤਾਨ ਚਲੇ ਗਿਆ ਸੀ। ਸੁਖਜੀਤ ਦੀ ਜੋ ਹਾਲਤ ਮੈਂ ਦੇਖ ਕੇ ਆਇਆ ਸੀ ਉਸ ਨੇ ਮੈਨੂੰ ਫਿਰ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ ਸੀ। ਜਿੰਨੀ ਦੇਰ ਮੈਂ ਹਿੰਦੁਸਤਾਨ ਰਿਹਾ, ਉਸ ਵਿਚੋਂ ਅੱਧੇ ਦਿਨ ਤਾਂ ਮੈਂ ਚੰਡੀਗੜ ਹੀ ਰਿਹਾ ਸੀ। ਉਨਾਂ ਦਿਨਾਂ ਵਿਚ ਮੈਂ ਕਈ-ਕਈ ਘੰਟੇ ਸੁਖਜੀਤ ਨਾਲ਼ ਬਿਤਾਉਂਦਾ ਰਿਹਾ ਸੀ। ਉਸ ਨੇ ਮੇਰੇ ਹਿੰਦੁਸਤਾਨ ਆਉਣ ਕਰ ਕੇ ਕਾਲਜ ਤੋਂ ਇਕ ਹਫ਼ਤੇ ਦੀਆਂ ਛੁੱਟੀਆਂ ਲੈ ਲਈਆਂ ਸਨ।

"ਸੁੱਖ, ਇਕ ਗੱਲ ਕਹਾਂ ਜੇ ਤੂੰ ਠੀਕ ਸਮਝੇਂ ?" ਅਮਰੀਕਾ ਵਾਪਸ ਆਉਣ ਤੋਂ ਇਕ ਦਿਨ ਪਹਿਲਾਂ ਮੈਂ ਸੁਖਜੀਤ ਨੂੰ ਮਿਲ਼ਣ ਗਏ ਨੇ ਕਿਹਾ।

"ਮਿੰਦਰ, ਜ਼ਰੂਰ ਕਹਿ।"

"ਤੈਨੂੰ ਪਤਾ ਹੀ ਹੈ ਕਿ ਮੈਂ ਹਰਸ਼ਰਨ ਤੋਂ ਵੱਖ ਰਹਿੰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਮੈਂ ਉਸ ਤੋਂ ਤਲਾਕ ਲੈ ਕੇ ਤੈਨੂੰ ਅਮਰੀਕਾ ਆਪਣੇ ਨਾਲ਼ ਲੈ ਜਾਵਾਂ। ਉਮਰ ਦੇ ਰਹਿੰਦੇ ਸਾਲ ਆਪਾਂ ਇਕੱਠੇ ਬਿਤਾਈਏ।"

ਸੁਖਜੀਤ ਨੇ ਕੋਈ ਜਵਾਬ ਨਾ ਦਿੱਤਾ। ਉਹ ਸਿਰਫ਼ ਮੇਰੇ ਵਲ ਟਿਕ-ਟਿਕੀ ਲਾ ਕੇ ਦੇਖਦੀ ਰਹੀ।

"ਫਿਰ ਕੀ ਖ਼ਿਆਲ ਹੈ ਤੇਰਾ ?" ਕੁਝ ਦੇਰ ਉਡੀਕ ਕੇ ਮੈਂ ਸੁਖਜੀਤ ਨੂੰ ਪੁੱਛਿਆ।

"ਮਿੰਦਰ, ਜੇ ਮੈਂ ਤੇਰਾ ਕਿਹਾ ਮੰਨ ਲਿਆ ਤਾਂ ਪਤਾ ਨਹੀਂ ਮੇਰਾ ਬੇਟਾ ਕੀ ਸੋਚੇਗਾ ਅਤੇ ਕੀ ਕਹੇਗਾ ਅਤੇ ਸਮਾਜ ਕੀ ਕਹੇਗਾ ? ਮੈਂ ਇਹ ਨਹੀਂ ਕਰ ਸਕਦੀ।"

"ਸੁੱਖ, ਕਦੇ ਤੂੰ ਮਾਤਾ-ਪਿਤਾ ਤੋਂ ਡਰਦੀ ਸੀ ਅਤੇ ਤੈਨੂੰ ਉਨਾਂ ਦੀ ਇੱਜ਼ਤ ਦਾ ਖ਼ਿਆਲ ਸੀ। ਤੈਨੂੰ ਸਮਾਜ ਦਾ ਡਰ ਸੀ। ਫਿਰ ਤੂੰ ਜ਼ਰੂਰ ਆਪਣੇ ਪਤੀ ਤੋਂ ਡਰ-ਡਰ ਕੇ ਜ਼ਿੰਦਗੀ ਜਿਊਂਦੀ ਰਹੀ ਹੋਵੇਂਗੀ। ਹੁਣ ਤੈਨੂੰ ਆਪਣੇ ਬੇਟੇ ਅਤੇ ਸਮਾਜ ਦਾ ਡਰ ਹੈ। ਕਦੇ ਤੂੰ ਆਪਣੇ ਢੰਗ ਨਾਲ਼ ਵੀ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕੀਤੀ ਹੈ ? ਕਦੇ ਤੂੰ ਆਪਣੇ ਦਿਲ ਦਾ ਕਿਹਾ ਵੀ ਮੰਨਿਆਂ ? ਕਦੇ ਤੂੰ ਇਹ ਵੀ ਸੋਚਿਆ ਕਿ ਜੇ ਤੂੰ ਇੰਜ ਨਾ ਕੀਤਾ ਤਾਂ ਤੇਰਾ ਦਿਲ ਕੀ ਕਹੇਗਾ ? ਕਿੰਨਾ ਚੰਗਾ ਹੋਵੇ ਜੇ ਤੂੰ ਰਹਿੰਦੇ ਸਾਲ ਆਪਣੇ ਹਿਸਾਬ ਨਾਲ਼ ਜੀਅ ਲਵੇਂ। ਆਪਣੇ ਦਿਲ ਤੋਂ ਪੁੱਛ ਉਹ ਕੀ ਕਹਿੰਦਾ। ਸਮਾਜ ਤਾਂ ਕਦੇ ਵੀ ਖ਼ੁਸ਼ ਨਹੀਂ ਹੋਇਆ। ਸਮਾਜ ਨੂੰ ਕੌਣ ਖ਼ੁਸ਼ ਕਰ ਸਕਦਾ ਹੈ। ਸਮਾਜ ਅਸੀਂ ਖ਼ੁਦ ਹਾਂ। ਸੋਚ ਜ਼ਰਾ।"

"ਮਿੰਦਰ, ਮੇਰਾ ਦਿਲ ਤਾਂ ਕਹਿੰਦਾ ਕਿ ਮੈਂ ਤੇਰਾ ਕਿਹਾ ਮੰਨ ਲਵਾਂ ਪਰ ਬੇਟੇ ਦੇ ਭਵਿੱਖ ਦਾ ਡਰ ਮੰਨਣ ਨਹੀਂ ਦੇਵੇਗਾ।" ਸੁਖਜੀਤ ਦੀਆਂ ਅੱਖਾਂ ਵਿਚ ਹੰਝੂ ਸਨ।

"ਤੂੰ ਬੇਟੇ ਨੂੰ ਪੁੱਛ ਕੇ ਦੇਖ ਲੈ। ਸ਼ਾਇਦ ਉਹ ਮੰਨ ਜਾਵੇ। ਜੇ ਤੂੰ ਆਖੇਂ ਤਾਂ ਮੈਂ ਪੁੱਛ

ਲੈਂਦਾਂ।"

"ਨਹੀਂ ਮਿੰਦਰ, ਨਾ ਮੈਂ ਉਸ ਨੂੰ ਪੁੱਛਣ ਦਾ ਹੌਸਲਾ ਕਰ ਸਕਦੀ ਹਾਂ ਅਤੇ ਨਾ ਹੀ ਮੈਂ ਚਾਹੁੰਦੀ ਹਾਂ ਤੂੰ ਪੁੱਛੇਂ।"

"ਸੁੱਖ, ਜਿਵੇਂ ਤੂੰ ਚਾਹੇਂ। ਆਈ ਵਿੱਲ ਆਲਵੇਜ਼ ਲਵ ਯੂ ਡਾਰਲਿੰਗ। ਜੇ ਤੇਰਾ ਵਿਚਾਰ ਕਦੇ ਬਦਲ ਜਾਵੇ ਤਾਂ ਦੱਸ ਦੇਵੀਂ। ਮੈਂ ਤੇਰੀ ਉਡੀਕ ਕਰਦਾ ਰਹਾਂਗਾ। ਜਿਊਂਦੇ ਰਹੇ ਤਾਂ ਫਿਰ ਮਿਲ਼ਾਂਗੇ।"

ਅਸੀਂ ਅੱਥਰੂ ਭਰੀਆਂ ਅੱਖਾਂ ਨਾਲ ਗਲਵੱਕੜੀ ਪਾ ਕੇ ਇਕ ਦੂਜੇ ਨੂੰ ਫ਼ਤਿਹ ਬੁਲਾਈ। ਅਗਲੇ ਦਿਨ ਮੈਂ ਵਾਪਸ ਅਮਰੀਕਾ ਆਉਣ ਲਈ ਚੱਲ ਪਿਆ ਸੀ।

*****

ਪਿਛਲੇ ਕੁਝ ਮਹੀਨਿਆਂ ਵਾਂਗ ਮੈਂ ਸੁਖਜੀਤ ਨੂੰ ਹਰ ਹਫ਼ਤੇ ਹੀ ਦੋ-ਤਿੰਨ ਵਾਰੀ ਫ਼ੋਨ ਕਰਦਾ ਰਿਹਾ ਅਤੇ ਉਸ ਦਾ ਹਾਲ ਪੁੱਛਦਾ ਰਿਹਾ। ਉਸ ਨੇ ਕਦੇ ਵੀ ਆਪਣੇ ਦੁੱਖਾਂ-ਤਕਲੀਫ਼ਾਂ ਦਾ ਜ਼ਿਕਰ ਨਹੀਂ ਸੀ ਕੀਤਾ। ਉਹ ਹਮੇਸ਼ਾ ਇਹੋ ਕਹਿੰਦੀ ਸੀ ਕਿ ਉਹ ਠੀਕ-ਠਾਕ ਸੀ ਅਤੇ ਕਾਲਜ ਪੜ੍ਹਾਉਣ ਜਾਂਦੀ ਸੀ। ਉਸ ਦਾ ਬੇਟਾ ਉਸ ਦੇ ਨਾਲ਼ ਹੀ ਰਹਿੰਦਾ ਸੀ ਅਤੇ ਉਸ ਦਾ ਬਹੁਤ ਖ਼ਿਆਲ ਰੱਖਦਾ ਸੀ। ਉਸ ਨੇ ਮੈਨੂੰ ਇਹ ਵੀ ਦੱਸਿਆ ਸੀ ਕਿ ਉਸ ਦੇ ਬੇਟੇ ਦੀ ਇਕ ਲੜਕੀ ਸਵੀਟ-ਹਾਰਟ ਸੀ ਜਿਸ ਨਾਲ਼ ਉਹ ਸ਼ਾਦੀ ਕਰਨਾ ਚਾਹੁੰਦਾ ਸੀ। ਉਸ ਲੜਕੀ ਦਾ ਨਾਂ ਫ਼ਰੀਦਾ ਸੀ। ਸੁਖਜੀਤ ਖੁਸ਼ ਸੀ ਕਿ ਉਸ ਦਾ ਬੇਟਾ ਆਪਣੀ ਮਰਜ਼ੀ ਨਾਲ਼ ਸ਼ਾਦੀ ਕਰਾ ਰਿਹਾ ਸੀ। ਸੁਖਜੀਤ ਨੇ ਮੈਨੂੰ ਦੱਸਿਆ ਸੀ ਕਿ ਹਰਬਖ਼ਸ਼ ਅਤੇ ਫ਼ਰੀਦਾ ਛੇਤੀ ਹੀ ਵਿਆਹ ਕਰਾ ਲੈਣਾ ਚਾਹੁੰਦੇ ਸਨ।

"ਸੁੱਖ, ਉਨਾਂ ਦੇ ਵਿਆਹ ਤੋਂ ਬਾਅਦ ਤੂੰ ਸੁਰਖ਼ਰੂ ਹੋ ਜਾਣਾ। ਮੇਰੇ ਕੋਲ਼ ਆ ਜਾਵੀਂ। ਹਰਬਖ਼ਸ਼ ਤਾਂ ਖੁਸ਼ ਹੋਵੇਗਾ ਕਿ ਤੂੰ ਵੀ ਕੋਈ ਸਾਥੀ ਲੱਭ ਲਿਆ ਹੈ।" ਇਕ ਦਿਨ ਮੈਂ ਸੁਖਜੀਤ ਨੂੰ ਕਿਹਾ।

"ਮਿੰਦਰ, ਮੇਰੀ ਹੁਣ ਉਮਰ ਨਹੀਂ ਇਹ ਕੰਮ ਕਰਨ ਦੀ। ਮੁਆਫ਼ ਕਰ ਦੇ ਮਿੰਦਰ।"

"ਉਮਰ ? ਹਾਲੇ ਤਾਂ ਤੂੰ 60 ਸਾਲ ਦੀ ਵੀ ਨਹੀਂ ਹੋਈ। ਹਾਲੇ ਤਾਂ ਰਿਟਾਇਰ ਵੀ ਨਹੀਂ ਹੋਈ। ਨਾਲ਼ੇ ਉਮਰ ਵਿਚ ਕੀ ਰੱਖਿਆ।"

"ਨਹੀਂ ਮਿੰਦਰ, ਹੁਣ ਤਾਂ ਪਿਛਲੀਆਂ ਯਾਦਾਂ ਦੇ ਸਿਰ ਤੇ ਹੀ ਬਾਕੀ ਜ਼ਿੰਦਗੀ ਗੁਜ਼ਾਰ ਲੈਣੀ ਹੈ।"

"ਚੱਲ ਤੇਰੀ ਮਰਜ਼ੀ। ਜਿਵੇਂ ਤੂੰ ਚਾਹੇਂ।"

ਇਸ ਗੱਲ-ਬਾਤ ਤੋਂ ਕੁਝ ਮਹੀਨੇ ਬਾਅਦ ਹੀ ਹਰਬਖ਼ਸ਼ ਅਤੇ ਫ਼ਰੀਦਾ ਦੀ ਸ਼ਾਦੀ ਹੋ ਗਈ ਸੀ। ਸੁਖਜੀਤ ਨੇ ਮੈਨੂੰ ਸ਼ਾਦੀ ਤੇ ਆਉਣ ਦਾ ਸੱਦਾ ਦਿੱਤਾ ਸੀ ਪਰ ਮੈਂ ਜਾ ਨਹੀਂ ਸੀ ਸਕਿਆ। ਇਸ ਸ਼ਾਦੀ ਤੋਂ ਛੇਤੀ ਬਾਅਦ ਸੁਖਜੀਤ ਰਿਟਾਇਰ ਹੋ ਗਈ ਸੀ।

ਸੁਖਜੀਤ ਦੇ ਰਿਟਾਇਰ ਹੋਣ ਤੋਂ ਦੋ ਕੁ ਮਹੀਨਿਆਂ ਬਾਅਦ ਮੈਨੂੰ ਰਣਜੀਤ ਦਾ ਫ਼ੋਨ ਆਇਆ। ਉਸ ਨੇ ਮੈਨੂੰ ਦੱਸਿਆ ਕਿ ਸੁਖਜੀਤ ਨੂੰ ਕੈਂਸਰ ਹੋ ਗਈ ਸੀ। ਕੈਂਸਰ ਕਾਫ਼ੀ ਵਧ ਗਈ ਸੀ। ਭਾਵੇਂ ਇਲਾਜ ਚੱਲ ਰਿਹਾ ਸੀ ਪਰ ਡਾਕਟਰ ਬਹੁਤੀ ਉਮੀਦ ਨਹੀਂ ਸੀ ਰੱਖਦੇ ਕਿ ਸੁਖਜੀਤ ਇਕ-ਦੋ ਸਾਲਾਂ ਤੋਂ ਜ਼ਿਆਦਾ ਜਿਊਂਦੀ ਰਹੇਗੀ। ਭਾਵੇਂ ਮੈਂ ਅਤੇ ਸੁਖਜੀਤ ਹਰ

ਹਫ਼ਤੇ ਇਕ-ਦੋ ਵਾਰੀ ਫ਼ੋਨ ਤੇ ਗੱਲ ਕਰਦੇ ਸੀ ਪਰ ਉਸ ਨੇ ਆਪਣੀ ਬਿਮਾਰੀ ਬਾਰੇ ਮੈਨੂੰ ਨਹੀਂ ਸੀ ਦੱਸਿਆ। ਮੈਂ ਸੁਖਜੀਤ ਨੂੰ ਫ਼ੋਨ ਕੀਤਾ ਅਤੇ ਪੁੱਛਿਆ ਕਿ ਉਸ ਨੇ ਮੈਨੂੰ ਕਿਉਂ ਨਹੀਂ ਸੀ ਦੱਸਿਆ। ਉਸ ਦਾ ਜਵਾਬ ਸੀ ਕਿ ਉਹ ਮੈਨੂੰ ਫ਼ਿਕਰ ਵਿਚ ਨਹੀਂ ਸੀ ਪਾਉਣਾ ਚਾਹੁੰਦੀ। ਮੈਂ ਉਸ ਨੂੰ ਕਿਹਾ ਕਿ ਜੇ ਉਸ ਨੂੰ ਕਿਸੇ ਤਰਾਂ ਦੀ ਲੋੜ ਹੋਵੇ ਤਾਂ ਮੈਂ ਹਾਜ਼ਰ ਹਾਂ। ਪਰ ਉਸ ਨੇ ਕਿਹਾ ਕਿ ਸਭ ਕੁਝ ਠੀਕ ਸੀ ਅਤੇ ਹਰਬਖ਼ਸ਼ ਅਤੇ ਫ਼ਰੀਦਾ ਉਸ ਦਾ ਬਹੁਤ ਖ਼ਿਆਲ ਰੱਖ ਰਹੇ ਸਨ।

ਸਾਲ 2019 ਦੇ ਜੂਨ ਮਹੀਨੇ ਵਿਚ ਰਣਜੀਤ ਦਾ ਫ਼ੋਨ ਆਇਆ ਕਿ ਸੁਖਜੀਤ ਦੀ ਹਾਲਤ ਬਹੁਤ ਖ਼ਰਾਬ ਸੀ ਅਤੇ ਉਹ ਹਸਪਤਾਲ਼ ਦਾਖ਼ਲ ਸੀ। ਡਾਕਟਰ ਕਹਿ ਰਹੇ ਸਨ ਕਿ ਉਹ ਕੁਝ ਦਿਨਾਂ ਦੀ ਮਹਿਮਾਨ ਸੀ। ਮੈਂ ਅਗਲੇ ਦਿਨ ਹਿੰਦੁਸਤਾਨ ਜਾਣ ਦਾ ਵਿਚਾਰ ਬਣਾ ਲਿਆ ਅਤੇ ਟਿਕਟ ਖ਼ਰੀਦ ਲਈ। ਕੰਮ ਤੋਂ ਪਰਿਵਾਰਕ ਐਮਰਜੈਂਸੀ ਦੇ ਅਧਾਰ ਤੇ ਦੋ ਹਫ਼ਤਿਆਂ ਦੀ ਛੁੱਟੀ ਲੈ ਲਈ।

ਦਿੱਲੀ ਪਹੁੰਚ ਕੇ ਮੈਂ ਸਿੱਧਾ ਚੰਡੀਗੜ੍ਹ ਰਣਜੀਤ ਹੁਰਾਂ ਦੇ ਘਰ ਗਿਆ। ਉੱਥੋਂ ਅਸੀਂ ਹਸਪਤਾਲ਼ ਸੁਖਜੀਤ ਨੂੰ ਦੇਖਣ ਗਏ। ਉਸ ਦੀ ਹਾਲਤ ਬਹੁਤ ਮਾੜੀ ਸੀ। ਲਗਦਾ ਸੀ ਕਿ ਉਹ ਇਕ-ਦੋ ਦਿਨਾਂ ਦੀ ਹੀ ਮਹਿਮਾਨ ਸੀ। ਉਸ ਨੂੰ ਦੇਖ ਕੇ ਮਨ ਬਹੁਤ ਉਦਾਸ ਹੋਇਆ। ਸੁਖਜੀਤ ਨੇ ਮੇਰੇ ਹੱਥ ਆਪਣੇ ਹੱਥਾਂ ਵਿਚ ਲੈ ਕੇ ਹੌਲ਼ੀ ਜਿਹੀ ਘੁੱਟੇ ਅਤੇ ਉਸ ਦੀਆਂ ਮੇਰੇ ਵਲ ਦੇਖਦੀ ਦੀਆਂ ਅੱਖਾਂ ਭਰ ਆਈਆਂ। ਮੇਰੀਆਂ ਅੱਖਾਂ ਵਿਚ ਵੀ ਅੱਥਰੂ ਆ ਗਏ। ਸਿਰਫ਼ ਇਕ-ਦੋ ਗੱਲਾਂ ਤੋਂ ਛੁੱਟ ਨਾ ਉਹ ਕੁਝ ਕਹਿ ਸਕੀ ਅਤੇ ਨਾ ਮੈਂ ਕੁਝ ਕਹਿ ਸਕਿਆ। ਦੋ ਘੰਟੇ ਉਸ ਕੋਲ਼ ਬੈਠ ਕੇ ਮੈਂ ਅਤੇ ਰਣਜੀਤ ਦੂਜੇ ਦਿਨ ਫਿਰ ਸੁਖਜੀਤ ਨੂੰ ਦੇਖਣ ਦਾ ਵਾਅਦਾ ਕਰ ਕੇ ਘਰ ਨੂੰ ਆ ਗਏ।

ਦੂਜੇ ਦਿਨ ਸਵੇਰੇ ਮੈਂ, ਰਣਜੀਤ, ਅਤੇ ਹਰਮਨ ਫਿਰ ਸੁਖਜੀਤ ਨੂੰ ਦੇਖਣ ਗਏ। ਉਸ ਦੀ ਹਾਲਤ ਹੋਰ ਵਿਗੜ ਗਈ ਸੀ। ਲਗਦਾ ਸੀ ਉਹ ਸ਼ਾਇਦ ਇਕ ਦਿਨ ਵੀ ਹੋਰ ਨਾ ਕੱਢੇ।

"ਸੁਖਜੀਤ, ਜਿੰਨਾ ਵੀ ਤੇਰਾ ਸਾਥ ਮੈਨੂੰ ਮਿਲ਼ਿਆ, ਉਸ ਲਈ ਬਹੁਤ ਧੰਨਵਾਦ। ਤੇਰੇ ਦਿੱਤੇ ਪਿਆਰ ਨੂੰ ਮੈਂ ਕਦੇ ਵੀ ਨਹੀਂ ਭੁੱਲ ਸਕਿਆ ਅਤੇ ਨਾ ਹੀ ਭੁੱਲਾਂਗਾ। ... ਜੇ ਕੋਈ ਅਗਲਾ ਜਨਮ ਹੁੰਦਾ ਹੈ ਤਾਂ ਮੈਂ ਤੈਨੂੰ ਅਗਲੇ ਜਨਮ ਵਿਚ ਫਿਰ ਮਿਲ਼ਾਂਗਾ। ਮੇਰੀ ਉਡੀਕ ਕਰੀਂ। ਅਗਲੇ ਜਨਮ ਵਿਚ ਤੂੰ ਸਿਰਫ਼ ਉਹੀ ਕਰੀਂ ਜੋ ਤੇਰਾ ਦਿਲ ਚਾਹੇ। ਸਮਾਜ ਦਾ ਫ਼ਿਕਰ ਨਾ ਕਰੀਂ।" ਮੈਂ ਸੁਖਜੀਤ ਦੇ ਹੱਥ ਆਪਣੇ ਹੱਥਾਂ ਵਿਚ ਲੈ ਲਏ। ਮੇਰੀਆਂ ਅੱਖਾਂ ਵਿਚ ਅੱਥਰੂ ਆ ਗਏ ਸਨ। ਸੁਖਜੀਤ ਦੀਆਂ ਅੱਖਾਂ ਵਿਚ ਅੱਥਰੂ ਨਹੀਂ ਸਨ। ਸ਼ਾਇਦ ਰੋ ਰੋ ਕੇ ਉਸ ਦੀਆਂ ਅੱਖਾਂ ਖ਼ੁਸ਼ਕ ਹੋ ਗਈਆਂ ਸਨ। ਉਸੇ ਦਿਨ ਸ਼ਾਮ ਨੂੰ ਸੁਖਜੀਤ ਇਸ ਸੰਸਾਰ ਤੋਂ ਹਮੇਸ਼ਾ ਲਈ ਤੁਰ ਗਈ ਸੀ। ਉਸ ਦੇ ਸੰਸਕਾਰ ਅਤੇ ਭੋਗ ਤੋਂ ਬਾਅਦ ਮੈਂ ਵਾਪਸ ਅਮਰੀਕਾ ਆ ਗਿਆ ਸੀ।

*****

ਸੁਖਜੀਤ ਗਈ ਨੂੰ ਤਿੰਨ ਸਾਲ ਦੇ ਕਰੀਬ ਹੋ ਗਏ ਹਨ। ਕੱਲ ਸ਼ਾਮ ਟੀ.ਵੀ ਤੇ ਨੈਂਸੀ ਅਤੇ ਥਾਮਸ ਦੀ ਜ਼ਿੰਦਗੀ ਬਾਰੇ ਡਾਕੂਮੈਂਟਰੀ ਦੇਖੀ ਤਾਂ ਮਨ ਬਹੁਤ ਉੱਛਲਿਆ। ਉਸੇ ਸਮੇਂ ਤੋਂ ਬੇਚੈਨੀ ਮੈਨੂੰ ਘੇਰ ਕੇ ਬੈਠੀ ਹੈ। ਮੈਂ ਕੱਲ ਦਾ ਹੀ ਸੋਚ ਰਿਹਾਂ ਕਿ ਕਾਸ਼ ਜੇ ਮੈਂ ਵੀ ਸੁਖਜੀਤ ਦੇ ਆਖ਼ਰੀ ਸਮੇਂ ਉਸ ਕੋਲ ਰਹਿ ਕੇ ਉਸ ਦੀ ਦੇਖ-ਭਾਲ਼ ਕਰ ਸਕਦਾ। ਪਰ ਉਸ ਨੇ ਤਾਂ ਮੈਨੂੰ ਸੇਵਾ ਕਰਨ ਦਾ ਮੌਕਾ ਹੀ ਨਹੀਂ ਸੀ ਦੇਣਾ ਕਿਉਂਕਿ ਉਸ ਨੂੰ ਬੇਟੇ ਅਤੇ ਸਮਾਜ ਦਾ ਡਰ ਸੀ। ਕੱਲ੍ਹ

ਸ਼ਾਮ ਤੋਂ ਮੈਂ ਕੁਝ ਵੀ ਨਹੀਂ ਖਾਧਾ। ਹੁਣ ਦਿਨ ਦੇ ਤਿੰਨ ਵੱਜ ਚਲੇ ਹਨ। ਸਵੇਰ ਦੇ ਛੇ ਕੱਪ ਚਾਹ ਦੇ ਅਤੇ ਦੋ ਕੱਪ ਕੌਫ਼ੀ ਦੇ ਪੀ ਚੁੱਕਾਂ। ਹੁਣ ਫਿਰ ਚਾਹ ਜਾਂ ਕੌਫ਼ੀ ਪੀਣ ਨੂੰ ਜੀਅ ਕਰਦਾ ਹੈ। ਮੈਂ ਉੱਠ ਕੇ ਕੌਫ਼ੀ ਦੀ ਮਸ਼ੀਨ ਤੇ ਕੌਫ਼ੀ ਦਾ ਕੱਪ ਬਣਾਉਣ ਲਈ ਰੱਖ ਦਿੰਦਾ ਹਾਂ।

"ਸੁੱਖ, ਜਿਉਂਦੇ ਜੀਅ ਤੂੰ ਮੇਰਾ ਦਿਲ ਸਾਂਭੀ ਬੈਠੀ ਰਹੀ। ਹੁਣ ਤੂੰ ਮੇਰੀ ਰੂਹ ਵੀ ਆਪਣੇ ਨਾਲ਼ ਹੀ ਲੈ ਗਈ ਏਂ। ਮੇਰੇ ਕੋਲ਼ ਤਾਂ ਮੇਰਾ ਕਲਬੂਤ ਹੀ ਰਹਿ ਗਿਆ ਹੈ।" ਸੁਖਜੀਤ ਨੂੰ ਯਾਦ ਕਰਦਿਆਂ ਮੇਰੇ ਮੂੰਹੋਂ ਨਿਕਲ ਗਿਆ।

✱✱✱




ਡਾ. ਰਜਨੀਸ਼ ਬਹਾਦਰ ਸਿੰਘ ਸਮਕਾਲੀ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਉਹ ਆਲੋਚਕ ਹੈ ਜਿਸਨੇ ਆਪਣੀ ਸਾਰੀ ਊਰਜਾ ਪੰਜਾਬੀ ਗਲਪ ਦੇ ਅਧਿਐਨ ਉੱਤੇ ਲਗਾਈ ਹੈ। ਉਸ ਦੀ ਸਮੀਖਿਆ ਦ੍ਰਿਸ਼ਟੀ ਮਾਰਕਸਵਾਦੀ ਚਿੰਤਨ ਵਿਚੋਂ ਆਕਾਰ ਗ੍ਰਹਿਣ ਕਰਦੀ ਹੈ ਪਰ ਉਹ ਸਿਧਾਂਤਕ ਹੱਠਧਰਮੀ ਦੀ ਥਾਂ ਬਦਲੀਆਂ ਸਥਿਤੀਆਂ ਨੂੰ ਹੁੰਗਾਰਾ ਦੇਣ ਦੀ ਬਿਰਤੀ ਕਾਰਣ ਗਤਿਸ਼ੀਲ ਮਾਰਕਸੀ ਪਹੁੰਚ ਦਾ ਧਾਰਣੀ ਪ੍ਰਤੀਤ ਹੁੰਦਾ ਹੈ। ਨਾਵਲੀ ਪਾਠਾਂ ਦਾ ਅਧਿਐਨ ਕਰਦਿਆਂ ਉਹ ਨਾਵਲੀ ਸੰਸਾਰ ਨੂੰ ਠੋਸ ਇਤਿਹਾਸਕ ਸੰਦਰਭਾਂ ਨਾਲ ਜੋੜ ਕੇ ਵਿਆਖਿਆਉਂਦਾ ਹੈ ਪਰ ਨਾਲ ਹੀ ਉਹ ਨਾਵਲੀ ਰੂਪ-ਵਿਧਾ ਅਤੇ ਕਥਾ-ਭਾਸ਼ਾ ਦੇ ਮਸਲਿਆਂ ਨੂੰ ਅੱਖੋਂ ਪਰੋਖੇ ਨਹੀਂ ਕਰਦਾ। ਡਾ. ਰਜਨੀਸ਼ ਬਹਾਦਰ ਨੇ ਆਪਣੀ ਇਸ ਕਿਤਾਬ ਵਿਚ ਨਾਵਲ ਦੀ ਵਿਧਾ, ਪੰਜਾਬੀ ਨਾਵਲ ਪਰੰਪਰਾ ਅਤੇ ਇਸ ਪਰੰਪਰਾ ਨੂੰ ਨਿਰੰਤਰਤਾ ਬਖ਼ਸ਼ਣ ਅਤੇ ਰੂਪਾਂਤਰਿਤ ਕਰਨ ਵਾਲੇ ਸੱਤ ਨਾਵਲਕਾਰਾਂ ਦੇ ਪ੍ਰਤਿਨਿਧ ਨਾਵਲੀ ਪਾਠਾਂ ਦਾ ਗਹਿਰ ਗੰਭੀਰ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਉਹ ਨਾਵਲ ਦੀ ਵਿਧਾ ਅਤੇ ਪੰਜਾਬੀ ਨਾਵਲ ਪਰੰਪਰਾ ਦੇ ਸਰੂਪ ਨਾਲ ਜੁੜੇ ਬੁਨਿਆਦੀ ਸਵਾਲਾਂ ਨੂੰ ਇੱਕ ਵਾਰ ਫ਼ਿਰ ਉਠਾਉਂਦਾ ਹੈ ਅਤੇ ਆਪਣੀ ਸਮਝ ਅਨੁਸਾਰ ਤਰਕਪੂਰਣ ਵਿਸ਼ਲੇਸ਼ਣ ਉਪਰੰਤ ਉਨ੍ਹਾਂ ਦੇ ਜਵਾਬ ਦਿੰਦਾ ਹੈ। ਉਸ ਨੇ ਪੰਜਾਬੀ ਨਾਵਲ ਪਰੰਪਰਾ ਦੀਆਂ ਮੁੱਲਵਾਨ ਕ੍ਰਿਤੀਆਂ 'ਸੁੰਦਰੀ' (ਭਾਈ ਵੀਰ ਸਿੰਘ), 'ਚਿੱਟਾ ਲਹੂ' (ਨਾਨਕ ਸਿੰਘ), 'ਰਾਤ ਬਾਕੀ ਹੈ' (ਜਸਵੰਤ ਸਿੰਘ ਕੰਵਲ), 'ਮੜ੍ਹੀ ਦਾ ਦੀਵਾ' (ਗੁਰਦਿਆਲ ਸਿੰਘ) ਦਾ ਅਧਿਐਨ ਤਾਂ ਕੀਤਾ ਹੀ ਹੈ ਪਰ ਇਨ੍ਹਾਂ ਦੇ ਨਾਲ ਉਸ ਨੇ ਅਗਲੇ ਦੌਰ ਦੀਆਂ ਨਾਵਲੀ ਕਿਰਤਾਂ 'ਕੰਜਕਾਂ' (ਸਵਰਨ ਚੰਦਨ), 'ਕਾਲ ਕਥਾ' (ਮਨਮੋਹਨ ਬਾਵਾ) ਅਤੇ 'ਬਹੁਤ ਸਾਰੇ ਚੁਰੱਸਤੇ' (ਬਲਬੀਰ ਪਰਵਾਨਾ) ਨੂੰ ਵੀ ਉਨ੍ਹਾਂ ਜਿੰਨਾ ਹੀ ਮਹੱਤਵ ਪ੍ਰਦਾਨ ਕੀਤਾ ਹੈ। ਇਨ੍ਹਾਂ ਨਾਵਲਾਂ ਦਾ ਅਧਿਐਨ ਕਰਦਿਆਂ ਉਸ ਨੇ ਨਾਵਲੀ ਪਾਠਾਂ ਵਿਚ ਯਥਾਰਥ ਦੀ ਗਤੀਸ਼ੀਲਤਾ ਨੂੰ ਗ੍ਰਹਿਣ ਕਰਨ ਅਤੇ ਉਨ੍ਹਾਂ ਦੀ ਬਰਤਾਂਤਕ ਪੇਸ਼ਕਾਰੀ ਦੇ ਮਸਲਿਆ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ ਪੰਜਾਬੀ ਨਾਵਲ ਦੇ ਵਿਕਾਸ ਦੀਆਂ ਸਮੱਸਿਆਵਾਂ ਨੂੰ ਵਿਚਾਰਿਆ ਹੈ। ਡਾ. ਰਜਨੀਸ਼ ਬਹਾਦਰ ਦੀ ਇਹ ਪੁਸਤਕ ਪੰਜਾਬੀ ਨਾਵਲ ਦੇ ਵਿਦਿਆਰਥੀਆਂ ਅਤੇ ਖੋਜੀਆਂ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ।

**-ਡਾ. ਸੁਰਜੀਤ**

**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**

**ਪੰਨੇ, 208 ਕੀਮਤ: 325 ਰੁਪਏ**

**ਕਹਾਣੀ**

# ਸ਼ਾਮ ਸਿੰਘ ਦੀ ਰਾਤ

*ਕੁਲਜੀਤ ਮਾਨ*

"ਹਾਂ ਮੈ ਸਮਝਦੀ ਹਾਂ, ਤੂੰ ਅੱਗੇ ਗੱਲ ਕਰ ?"

"ਮੈਮ ਮੈਂ ਇਹ ਨਹੀਂ ਕਹਿੰਦੀ ਕਿ ਹਰ ਵਾਰ ਮੇਰੇ ਨਾਲ ਰੇਪ ਹੀ ਹੁੰਦਾ ਸੀ। ਕਦੇ ਕਦੇ ਮੇਰੀ ਮਰਜ਼ੀ ਵੀ ਹੁੰਦੀ ਸੀ। ਮੈਨੂੰ ਤੇ ਇਹ ਵੀ ਸਮਝ ਨਹੀਂ ਕਿ ਮੇਰੀ ਮਰਜ਼ੀ ਹੁੰਦੀ ਕਦੋਂ ਸੀ ?"

"ਵੇਖ ਮੀਨਾ, ਇਹ ਬਹੁਤ ਸੰਜੀਦਾ ਮਸਲਾ ਹੈ। ਇਹ ਕੋਈ ਮੀ ਟੂ ਦਾ ਮਸਲਾ ਨਹੀਂ ਹੈ, ਸਗੋਂ ਤੁਹਾਡੇ ਪਤੀ-ਪਤਨੀ ਦਾ ਮਸਲਾ ਹੈ। ਪਤੀ-ਪਤਨੀ ਹੀ ਕਿਉਂ ਤੁਹਾਡੇ ਪਰਵਾਰ ਦਾ ਮਸਲਾ ਹੈ। ਤੇਰਾ ਬੇਟਾ ਹੈ,ਤੇਰੇ ਮਾਪੇ ਹਨ, ਉਸ ਦੀਆਂ ਭੈਣਾਂ ਹਨ। ਸਭ ਨੂੰ ਤਨਾਅ ਹੋਣਾ ਹੈ।"

"ਸਵੀਟੀ ਮੈਮ, ਮੈ ਕਦੋਂ ਇਨਕਾਰ ਕਰਦੀ ਹਾਂ। ਉਸ ਦੀਆਂ ਭੈਣਾਂ ਤੇ ਬਹੁਤ ਚੰਗੀਆਂ ਹਨ। ਸਾਡਾ ਕਲੇਸ਼ ਵੇਖ ਕੇ ਹੀ ਉਹ ਪਿੱਛੇ ਹੱਟ ਗਈਆਂ। ਮੈਨੂੰ ਆਪ ਉਨ੍ਹਾਂ ਨੇ ਕਿਹਾ ਮੀਨਾ, ਕਲ੍ਹ ਦਾ ਭਰੋਸਾ ਨਹੀਂ। ਸ਼ਾਇਦ ਤੁਹਾਡੀ ਸੁਲਾਹ ਹੋ ਜਾਵੇ, ਸ਼ਾਇਦ ਤੁਹਾਡੀ ਸੁਲਾਹ ਨਾਂ ਹੋਵੇ ਪਰ ਅਸੀਂ ਤੁਹਾਡੇ ਰਿਸ਼ਤੇ ਦੀ ਨਬਜ਼ ਪਛਾਣਦੇ ਹਾਂ। ਜਿਤਨਾ ਚਿਰ ਤੁਹਾਡਾ ਕੋਈ ਸਿਰਾ ਬੰਨਾਂ ਨਹੀਂ ਲੱਗਦਾ, ਅਸੀਂ ਕਿਸੇ ਗੱਲ ਵਿੱਚ ਨਹੀਂ ਆਉਣਾ।"

"ਉਹ ਠੀਕ ਹੀ ਤੇ ਕਹਿੰਦੀਆਂ ਹਨ। ਮੈਂ ਕਾਉਂਸਲਰ ਹੋ ਕੇ ਵੀ ਅਜੇ ਤੱਕ ਨਹੀਂ ਸਮਝ ਸਕੀ, ਤੁਹਾਡੀ ਸਮੱਸਿਆ ਕੀ ਹੈ ?"

"ਤੁਸੀਂ ਔਰਤਾਂ ਦੀ ਮਦਦ ਕਰਦੇ ਹੋ, ਮੇਰੀ ਵੀ ਕਰੋ, ਸਵੀਟੀ ਮੈਡਮ।"

ਸਵੀਟੀ ਹੱਸ ਪਈ, ਮੀਨਾ ਨੇ ਸਵੀਟੀ ਮੈਡਮ ਕਿਹਾ ਹੀ ਅਜੀਬ ਅੰਦਾਜ਼ ਵਿੱਚ ਸੀ। ਚੱਲ ਅੱਜ ਤੈਨੂੰ ਇੱਕ ਗੱਲ ਦੱਸਦੀ ਹਾਂ ਆਪਣੇ ਬਾਰੇ, ਤੇਰੇ ਕੇਸ ਨਾਲ ਕੋਈ ਸਿੱਧਾ ਸੰਬੰਧ ਨਹੀਂ ਜੁੜਦਾ ਪਰ ਵਿੰਗੇ ਰੂਪ ਵਿੱਚ ਜੁੜਦਾ ਹੈ।"

"ਚਲੋ ਦੱਸ ਦੇਵੋ ਹੁਣ।" ਮੀਨਾ ਨੇ ਜਗਿਆਸਾ ਨਾਲ ਪੁੱਛਿਆ।

"ਮੇਰੀ ਉਮਰ ਚਾਲੀ ਪਲੱਸ ਹੈ ਹੁਣ। ਤੈਨੂੰ ਲੱਗਦਾ ਹੈ ਕਿ ਮੇਰਾ ਨਾਮ ਸਵੀਟੀ ਹੋਣਾ ਚਾਹੀਦਾ ਹੈ ?"

"ਮੈਨੂੰ ਕੀ ਪਤਾ, ਤੁਸੀਂ ਹੀ ਦੱਸਿਆ ਹੈ।"

"ਹਾਂ, ਮੈਂ ਹੀ ਦੱਸਿਆ ਹੈ, ਇਹ ਨਾਮ ਮੈਂ ਅਡੌਪਟ ਕੀਤਾ ਹੋਇਆ ਹੈ। ਮੇਰਾ ਛੋਟੀ ਹੁੰਦੀ ਦਾ ਨਾਮ ਮਨਮੋਹਨ ਕੌਰ ਢਿੱਲੋਂ ਸੀ। ਵਿਆਹ ਤੋਂ ਬਾਦ ਮੇਰਾ ਨਾਮ ਮਨਮੋਹਨ ਕੌਰ ਬਾਜਵਾ ਹੋ ਗਿਆ। ਪਹਿਲਾਂ ਮੇਰੇ 'ਤੇ ਮੇਰੇ ਡੈਡ ਦੀ ਸੋਚ ਦੀ ਹਕੂਮਤ ਸੀ ਤੇ ਫਿਰ ਜਾਇਦਾਦ ਦਾ ਤਬਾਦਲਾ ਹੋ ਗਿਆ ਤੇ ਮੇਰਾ ਪਤੀ ਮੇਰਾ ਮਾਲਕ ਬਣ ਗਿਆ। ਮੇਰੇ ਸਰੀਰ ਨੇ ਕਬੂਲ ਕਰ ਲਿਆ। ਦਿਲ ਦਿਮਾਗ਼ ਤੇ ਤਸਲੀਮ ਕਰਦਾ ਸੀ ਪਰ ਕੁੱਝ ਚਿਰ ਬਾਦ ਸਰੀਰ ਨੇ ਬਗ਼ਾਵਤ ਕਰ ਦਿੱਤੀ। ਜਦੋਂ ਪਤੀ ਦੇ ਸਰੀਰ ਦੀ ਹਮਕ ਵਧ ਗਈ ਤੇ ਮੈਂ ਸੋਚੀਂ ਪੈ ਗਈ। ਰੰਗ ਬਾਜ਼ ਪਤੀ ਪਹਿਲਾਂ ਤਾਂ ਔਖਾ ਹੋਇਆ, ਫੇਰ ਉਸ ਨੂੰ ਸਮਝ ਆ ਗਿਆ। ਉਹ ਮੇਰੀ ਗੱਲ ਨੂੰ ਸੁਣਨ ਲੱਗ

ਪਿਆ ਪਰ ਮੈਂ ਇੱਥੇ ਹੀ ਬੱਸ ਨਹੀਂ ਕੀਤੀ ਤੇ ਇੱਕ ਦਿਨ ਮੈਂ ਆਪਣਾ ਨਾਮ ਬਦਲ ਲਿਆ। ਮਨਮੋਹਨ ਬਾਜਵਾ ਤੋਂ ਸਿਰਫ਼ ਸਵੀਟੀ ਹੋ ਗਈ। ਲੀਗਲੀ ਨਾਮ ਤਬਦੀਲ ਕਰਨ ਤੋਂ ਬਾਦ ਹੀ ਮੈਂ ਸਭ ਨੂੰ ਦੱਸਿਆ। ਇਹ ਮੇਰਾ ਪਹਿਲਾ ਆਪਣਾ ਫ਼ੈਸਲਾ ਸੀ। ਜਿਸ ਵਿੱਚ ਕਿਸੇ ਦਾ ਦਖ਼ਲ ਨਹੀਂ ਸੀ। ਮੈਂ ਤੇ ਸਭ ਕੁੱਝ ਮਨਫ਼ੀ ਕਰਨਾ ਚਾਹੁੰਦੀ ਸੀ ਤੇ ਸਿਰਫ਼ ਔਰਤ ਬਣ ਕੇ ਹੀ ਜਿਊਣਾ ਚਾਹੁੰਦੀ ਸੀ ਪਰ ਫੇਰ ਮੈਂ ਸੋਚਿਆ, ਬਾਕੀ ਕੰਮ ਅਜੇ ਨਹੀਂ ਹੋਣਾ, ਬਾਕੀ ਦਾ ਕੰਮ ਮੇਰੀ ਬੇਟੀ ਕਰ ਲਵੇਗੀ।''

"ਉਹ ਮਾਈ ਗੌਡ ਸੱਚੀਂ ਸਵੀਟੀ!"

"ਹਾਂ ਮੀਨਾ, ਤੈਨੂੰ ਵੀ ਸ਼ਿਕਾਇਤ ਕਰਨ ਤੋਂ ਪਹਿਲਾਂ ਇਹ ਸੋਚਣਾ ਪਵੇਗਾ ਕਿ ਤੇਰੀ ਆਪਣੀ ਕੀ ਮਰਜ਼ੀ ਹੈ ?"

"ਮੇਰੀ ਮਰਜ਼ੀ ਦਾ ਤੇ ਮੈਨੂੰ ਆਪ ਵੀ ਨਹੀਂ ਪਤਾ, ਸਵੀਟੀ ਮੈਮ।"

"ਫਿਰ ਮੈਂ ਤੇਰੀ ਮਦਦ ਕਿਵੇਂ ਕਰ ਸਕਦੀ ਹਾਂ ?"

"ਬੱਸ ਤੁਸੀਂ ਸ਼ਾਮ ਨੂੰ ਸਮਝਾਵੋ। ਅੱਜ ਔਰਤ ਦੀ ਜਾਗਰਿਤੀ ਦਾ ਸਮਾਂ ਹੈ, ਉਹ ਸਮਝੇ ਇਸ ਗੱਲ ਨੂੰ। ਅਸੀਂ ਹੁਣ ਗਾਵਾਂ ਨਹੀਂ ਰਹੀਆਂ, ਕੋਈ ਵੀ ਚੋਅ ਲਵੇ।"

"ਮੀਨਾ ਜੇ ਤੂੰ ਬਹੁਤ ਹੀ ਤੰਗ ਹੈਂ ਤਾਂ ਤਲਾਕ ਲੈ ਲਵੋ।"

"ਤਲਾਕ ਹੀ ਤੇ ਨਹੀਂ ਲੈ ਸਕਦੀ, ਇਹੋ ਤੇ ਸਮੱਸਿਆ ਹੈ।"

"ਕਿਉਂ ਸਮਾਜ ਤੋਂ ਡਰਦੀ ਹੈਂ ?"

"ਨਹੀਂ ਮੈਮ, ਡਰ ਡੁਰ ਨਹੀਂ ਮੈਨੂੰ ਕਿਸੇ ਦਾ, ਬੱਸ ਤਲਾਕ ਨਹੀਂ ਲੈਣਾ, ਤੁਸੀਂ ਕੁੱਝ ਹੋਰ ਸੋਚੋ।"

"ਮੀਨਾ ਮੈਂ ਤੇ ਸਰਕਾਰੀ ਪਰੋਟੋਕੋਲ ਨੂੰ ਫਾਲੋ ਕਰਨਾ ਹੈ। ਤੇਰੇ ਨਾਲ ਅੱਜ ਮੇਰੀ ਤੀਜੀ ਮੀਟਿੰਗ ਹੈ ਤੇ ਮੈਨੂੰ ਅਜੇ ਇਹ ਹੀ ਨਹੀਂ ਪਤਾ ਕਿ ਕਿਹੜੀਆਂ ਗਾਈਡ ਲਾਈਨਜ਼ 'ਤੇ ਕੰਮ ਕਰਨਾ ਹੈ। ਸਮਝ ਨਹੀਂ ਆ ਰਹੀ ਰਿਪੋਰਟ ਦੀ ਸ਼ੁਰੂਆਤ ਕਿਹੜੇ ਨੁਕਤਿਆਂ ਤੋਂ ਕਰਾਂ। ਤੇਰੇ ਕੇਸ ਵਿੱਚ ਤੇ ਕੋਈ ਡੁਮੈਸਟਿਕ ਵਾਇਲੈਂਸ ਦੀ ਵੀ ਘਟਨਾ ਨਹੀਂ ਹੈ। ਸਿਰਫ਼ ਤੇਰੀ ਸ਼ਿਕਾਇਤ 'ਤੇ ਹੀ ਕੰਮ ਚੱਲ ਰਿਹਾ ਹੈ।"

"ਤੁਹਾਡੀ ਕੀ ਸਲਾਹ ਹੈ ਕਿਸੇ ਦਿਨ ਪੁਲੀਸ ਸੱਦ ਕੇ ਚਾਰਜ ਕਰਵਾ ਦਿਆਂ ?"

"ਨਹੀਂ ਨਹੀਂ ਐਦਾਂ ਕਿੱਦਾਂ ਚਾਰਜ ਕਰਵਾ ਦੇਵੇਂਗੀ ?"

"ਚਾਰਜ ਕਰਵਾਉਣਾ ਤੇ ਸੌਖਾ ਹੀ ਹੈ। ਮੈਨੂੰ ਪਤਾ ਹੈ ਉਸ ਨੂੰ ਕਿਸ ਗੱਲ 'ਤੇ ਗ਼ੁੱਸਾ ਆਉਂਦਾ ਹੈ। ਬੱਸ ਤੀਲ੍ਹੀ ਸੁੱਟਣ ਦੀ ਲੋੜ ਹੈ, ਭਾਂਬੜ ਵਾਂਗ ਮੱਚ ਉੱਠੇਗਾ।"

"ਨਹੀਂ ਮੀਨਾ, ਇੰਜ ਨਹੀਂ ਕਰਨਾ, ਬੱਸ ਇਹ ਗੱਲ ਦੱਸ ਦੇ ਕਿ ਤੇਰੀ ਸਮੱਸਿਆ ਕੀ ਹੈ ? ਤੂੰ ਕਿਉਂ ਉਸ ਨੂੰ ਸੁਧਾਰਨਾ ਚਾਹੁੰਦੀ ਹੈਂ ਉਸ ਦਾ ਕਸੂਰ ਕੀ ਹੈ ? ਹੋ ਸਕਦਾ ਹੈ ਉਸ ਨੂੰ ਵੀ ਕਾਊਸਲਿੰਗ ਦੀ ਲੋੜ ਹੋਵੇ।"

"ਨਹੀਂ ਸਵੀਟੀ ਮੈਮ, ਇਹੋ ਜਿਹੀਆਂ ਜਿਨਸਾਂ ਨੂੰ ਕੀ ਪਤਾ ਕਾਊਸਲਿੰਗ ਕੀ ਹੁੰਦੀ ਹੈ, ਕਾਹਨੂੰ ਸਰਕਾਰੀ ਪੈਸਾ ਖ਼ਰਾਬ ਕਰਨਾ ਹੈ।"

"ਚੰਗਾ ਮੀਨਾ, ਹੁਣ ਮੇਰਾ ਸਮਾਂ ਖ਼ਤਮ ਹੋ ਗਿਆ ਹੈ ਤੇ ਮੈਂ ਚਲਦੀ ਹਾਂ। ਚੌਥੀ ਮੀਟਿੰਗ ਲਈ ਮੇਰੇ ਕੋਲ ਅਗਲੇ ਬੁੱਧਵਾਰ ਦੋ ਤੋਂ ਚਾਰ ਦਾ ਸਮਾਂ ਹੈ। ਦਸ ਕਦੋਂ ਆਵਾਂ, ਦੋ ਵਜੇ ਤਿੰਨ

ਵਜੇ ਜਾਂ ਸਵਾ ਤਿੰਨ ਵਜੇ।”

“ਜਦੋਂ ਤੁਹਾਨੂੰ ਠੀਕ ਲੱਗੇ। ਮੈਂ ਤੇ ਕੰਮ ਤੋਂ ਛੁੱਟੀ ਕਰ ਲਵਾਂਗੀ, ਤੁਸੀਂ ਆਪਣਾ ਵੇਖੋ।”

“ਠੀਕ ਮੈਂ ਤੇਰੇ ਕੋਲ ਬੁੱਧਵਾਰ ਸਵਾ ਦੋ ਵਜੇ ਆ ਜਾਵਾਂਗੀ। ਉਸ ਤੋਂ ਬਾਦ ਇੱਕ ਹੋਰ ਮੀਟਿੰਗ ਤੇ ਬੱਸ, ਜੇ ਅਗਲੀਆਂ ਦੋ ਮੀਟਿੰਗਾਂ ਵਿੱਚ ਮੈਂ ਸਮੱਸਿਆ ਦਾ ਸਿਰਾ ਨਾ ਫੜ ਸਕੀ ਤਾਂ ਮੈਨੂੰ ਰਿਪੋਰਟ ਕਰਨਾ ਪਵੇਗਾ ਕਿ ਕੋਈ ਗੱਲ ਹੈ ਹੀ ਨਹੀਂ।”

“ਸਵੀਟੀ ਮੈਡਮ, ਗੱਲ ਦੋ ਮੀਟਿੰਗਾਂ ਵਿੱਚ ਨਹੀਂ ਬਣਨੀ। ਅਸਲ ਵਿੱਚ ਗੱਲ ਉਹ ਨਹੀਂ ਜੋ ਸਰਕਾਰ ਸਮਝ ਦੀ ਹੈ। ਹੁਣ ਤੁਸੀਂ ਤੇ ਆਪਣੇ ਹੋ, ਥੋੜ੍ਹੀ ਬਹੁਤ ਮਦਦ ਤੇ ਕਰ ਹੀ ਸਕਦੇ ਹੋ। ਸਾਡੀ ਫ਼ੈਕਟਰੀ ਵਿੱਚ ਸਾਡਾ ਫੋਰਮੈਨ ਇਟੈਲੀਅਨ ਹੈ। ਹਮੇਸ਼ਾ ਆਪਣਿਆਂ ਦੀ ਮਦਦ ਕਰਦਾ ਹੈ ਪਰ ਆਪਾਂ ਪੰਜਾਬੀ ਇੰਜ ਨਹੀਂ ਕਰਦੇ।”

“ਕੀ ਮਤਲਬ ਤੇਰਾ ਮੀਨਾ! ਜਿਸ ਦਿਨ ਤੁਸੀਂ ਸਾਨੂੰ ਸੰਪਰਕ ਕੀਤਾ, ਮੈ ਤੇ ਦੋ ਘੰਟਿਆਂ ਬਾਦ ਹੀ ਤੁਹਾਨੂੰ ਫ਼ੋਨ ਕਰ ਲਿਆ ਸੀ ਤੇ ਪੁੱਛਿਆ ਸੀ ਕਿ ਜੇ ਫ਼ੌਰੀ ਲੋੜ ਹੈ ਤਾਂ ਦਸ। ਤੁਸੀਂ ਕਿਹਾ ਸੀ ਨਹੀਂ ਐਡੀ ਤੇ ਕੋਈ ਗੱਲ ਨਹੀਂ। ਹੁਣ ਸਾਫ਼ ਸਾਫ਼ ਦੱਸੋ ਮੀਨਾ ਤੁਹਾਡੀ ਗੱਲ ਅਟਕੀ ਕਿੱਥੇ ਹੈ?”

“ਹੁਣ ਸਵੀਟੀ ਮੈਡਮ ਸਿੱਧੀ ਗੱਲ ਕਰਦੀ ਹਾਂ। ਇਹ ਆਇਆ ਸੀ ਵਿਆਹੁਣ ਮੈਨੂੰ ਪੰਜਾਬ। ਆਪ ਤੇ ਭੈਣ ਦੇ ਦਾਜ ਵਿੱਚ ਕੈਨੇਡਾ ਆਇਆ ਤੇ ਹੁਣ ਮੇਰੇ ਭਰਾ ਨੂੰ ਸੱਦਣ ਲਈ ਪੈਰ ਨਹੀਂ ਲਾਉਂਦਾ। ਰੋਜ਼ ਇਸੇ ਗੱਲ ਦੀ ਲੜਾਈ ਰਹਿੰਦੀ ਹੈ। ਮੈਂ ਕਈ ਵਾਰ ਕਿਹਾ ਵੀ ਕਿ ਮੈਨੂੰ ਹੱਥ ਨਾ ਲਾ। ਕਹਿੰਦਾ ਵਿਆਹ ਕਰਵਾਇਆ ਹੈ ਚੁੱਕ ਕੇ ਨਹੀਂ ਲਿਆਇਆ। ਹੁਣ ਤੁਸੀਂ ਦੱਸੋ, ਜੀਹਦਾ ਜਵਾਨ ਜਹਾਨ ਭਰਾ, ਪੰਜਾਬ ਵਿੱਚ ਰੁਲਦਾ ਫਿਰਦਾ ਹੋਵੇ ਉਸ ਨੂੰ ਸੈਕਸ ਸੁੱਝੇਗਾ? ਕਈ ਵਾਰ ਸੋਚਦੀ ਹਾਂ, ਦਫ਼ਾ ਕਰਾਂ ਇਹਨੂੰ ਤਲਾਕ ਤਲੂਕ ਦੇ ਕੇ ਪਰ ਮੇਰੀ ਗਰੌਂਸ ਨਹੀਂ ਬਣਨੀ, ਮਸਲਾ ਤੇ ਫੇਰ ਉੱਥੇ ਹੀ ਖੜ੍ਹਾ, ਹੁਣ ਤੁਸੀਂ ਦਸੋ, ਮੈਂ ਕਿਹੜੇ ਖੂਹ ਵਿੱਚ ਪਵਾਂ?

“ਅੱਛਾ ਤੇ ਇਹ ਗੱਲ ਹੈ! ਤੂੰ ਮੈਨੂੰ ਪਹਿਲੋਂ ਨਹੀਂ ਦੱਸਿਆ?”

“ਦੱਸਣ ਨੂੰ ਕੀ ਹੈ, ਪਹਿਲਾਂ ਝਿਜਕ ਸੀ ਪਰ ਤੁਸੀਂ ਤੇ ਆਪਣੇ ਹੀ ਬਣ ਗਏ। ਗੱਲ ਦਰਅਸਲ ਇਹ ਹੈ ਇਸ ਦੀ ਇੱਕ ਭੂਆ ਦੀ ਕੁੜੀ ਸਟੂਡੈਂਟ ਸੀ ਤੇ ਹੁਣ ਪੱਕੀ ਹੋ ਗਈ ਹੈ। ਮੇਰਾ ਭਰਾ ਨਾਲ ਉਸ ਦੀ ਜੋੜੀ ਬਹੁਤ ਫੱਬੇਗੀ ਪਰ ਇਹ ਪੈਰ ਹੀ ਨਹੀਂ ਲਾਉਂਦਾ ਕਿ ਸਾਡੇ ਵਾਰੀ ਦਾ ਵਟਾ ਨਹੀਂ ਹੁੰਦਾ। ਹੁਣ ਦੱਸੋ ਜ਼ਮਾਨਾ ਬਦਲ ਗਿਆ ਤੇ ਇਹ ਹੁਣ ਵੀ ਪੰਜਾਹ ਸਾਲ ਪੁਰਾਣੀਆਂ ਗੱਲਾਂ ਕਰੀ ਜਾਂਦੇ ਹਨ। ਨਾ ਉਸ ਨੂੰ ਕਿਤੇ ਤੇ ਵਿਆਹੁਣਾ ਹੀ ਹੈ ਫੇਰ ਮੇਰੇ ਭਰਾ ਨਾਲ ਕਿਉਂ ਨਹੀਂ?”

“ਮੀਨਾ ਤੇਰਾ ਧੰਨਵਾਦ, ਅੱਜ ਤੂੰ ਮੈਨੂੰ ਆਪਣੀ ਰਿਪੋਰਟ ਤਿਆਰ ਕਰਨ ਵਿੱਚ ਸਹਾਈ ਹੋਈ ਹੈਂ। ਤੁਹਾਨੂੰ ਡੁਮੈਸਟਿਕ ਵਾਇਲੈਂਸ ਦੇ ਸੋਸ਼ਲ ਵਰਕ ਦੀ ਲੋੜ ਨਹੀਂ। ਇਹ ਮਸਲਾ ਤੇ ਇਮੀਗਰੇਸ਼ਨ ਕੁਰੈਕਸ਼ਨ ਦਾ ਹੈ।”

“ਹਾਂ ਇਹੋ ਹੀ ਜੋ ਤੁਸੀਂ ਹੁਣੇ ਕਿਹਾ, ਇਮੀਗਰੇਸ਼ਨ...”

“ਮੈਂ ਕਰਦੀ ਹਾਂ ਕੁੱਝ ਮੀਨਾ ਪਰ ਮੇਰਾ ਕੰਮ ਖ਼ਤਮ ਹੈ ਹੁਣ, ਤੁਹਾਨੂੰ ਹੁਣ ਕੋਈ ਹੋਰ ਆਕੇ ਮਿਲੇਗਾ।”

"ਹਾਂ ਹੁਣ ਸਮਝੇ ਤੁਸੀਂ। ਮੈ ਕੀ ਕਰਾਂ ਹੁਣ, ਕਦੋਂ ਤੱਕ ਆਏਗਾ ਨਵਾਂ ਵਰਕਰ ?"

"ਤੁਸੀਂ ਹੁਣ ਕੁੱਝ ਨਹੀਂ ਕਰਨਾ। ਕਈ ਵਾਰੀ ਗ਼ਲਤ ਜਾਣਕਾਰੀ ਮਾਰ ਲੈਂਦੀ ਹੈ ਇਨਸਾਨ ਨੂੰ। ਇੱਕ ਨਵੀਂ ਡਰਾਈਵਰ ਹਾਈਵੇ 'ਤੇ ਚੜ੍ਹ ਗਈ ਤੇ ਐਗਜ਼ਿਟ ਭੁੱਲ ਗਈ ਤੇ ਭੰਬਲਭੂਸੇ ਵਿੱਚ ਪਈ ਨੇ ਸਪੀਡ ਵੀ ਵਧਾ ਲਈ ਤੇ ਪਤਾ ਨਾਂ ਲੱਗੇ ਕੀ ਕਰਨਾ ਹੈ। ਫ਼ੋਨ ਤੇ ਘਰਵਾਲੇ ਨੂੰ ਪੁੱਛਿਆ ਜੀ ਹੁਣ ਮੈਂ ਕੀ ਕਰਾਂ ? ਘਰਵਾਲੇ ਨੇ ਜੁਆਬ ਦਿੱਤਾ, ਹੁਣ ਤੂੰ ਕੀ ਕਰਨਾ ਹੈ ਜੋ ਕਰਨਾ ਹੈ ਹਾਈਵੇ ਹੀ ਕਰੂ।"

"ਜੀ ਮੈਂ ਸਮਝੀ ਨਹੀਂ, ਤੁਸੀਂ ਕੋਈ ਗੁੱਝੀ ਗੱਲ ਤੇ ਨਹੀਂ ਕੀਤੀ ?"

"ਨਹੀਂ ਮੀਨਾ ਮੈਂ ਤੇ ਸਰਕਾਰੀ ਮੁਲਾਜ਼ਮ ਹਾਂ, ਗੁੱਝੀਆਂ ਗੱਲਾਂ ਕਰਨ ਦੀ ਸਾਨੂੰ ਇਜਾਜ਼ਤ ਹੀ ਨਹੀਂ। ਤੁਸੀਂ ਬੱਸ ਇੰਤਜ਼ਾਰ ਹੀ ਕਰ ਸਕਦੇ ਹੋ, ਵਾਹਿਗੁਰੂ ਭਲੀ ਕਰੇਗਾ। ਤੁਹਾਡਾ ਭਰਾ ਤੇ ਆਇਆ ਹੀ ਲਵੋ। ਚੰਗਾ ਹੁਣ ਮੈਂ ਚਲਦੀ ਹਾਂ। ਮੇਰਾ ਕੰਮ ਖ਼ਤਮ ਹੈ, ਇਹ ਮੇਰਾ ਕਾਰਡ ਹੈ ਜੇ ਡੁਮੈਸਟਿਕ ਵਾਇਲੈਂਸ ਹੋਈ ਤਾਂ ਪੁਲੀਸ ਨੂੰ ਕਾਲ ਕਰੀਂ ਤੇ ਜੇ ਡੁਮੈਸਟਿਕ ਵਾਇਲੈਂਸ ਦਾ ਡਰ ਹੋਇਆ ਤਾਂ ਮੈਨੂੰ ਕਾਲ ਕਰ ਲਵੀਂ।" ਸਵੀਟੀ ਜਾਣ ਵਾਸਤੇ ਉੱਠ ਖਲੋਤੀ।

"ਜੀ ਤੁਹਾਡੀਆਂ ਗੱਲਾਂ ਨਾਲ ਪਤਾ ਹੀ ਨਹੀਂ ਲੱਗਾ, ਝੱਟ ਹੀ ਇੱਕ ਘੰਟਾ ਲੰਘ ਗਿਆ। ਤੁਸੀਂ ਤੇ ਦੇਵੀ ਹੋ ਮੇਰੇ ਵਰਗੀਆਂ ਵਾਸਤੇ। ਇਸ ਦੁਨੀਆ ਦੇ ਦੁੱਖਾਂ ਦਾ ਕੋਈ ਅੰਤ ਨਹੀਂ, ਸਵੀਟੀ ਜੀ।"

ਅਗਲੇ ਦਿਨ ਸਵੀਟੀ ਨੇ ਮੀਨਾ ਬਾਰੇ ਰਿਪੋਰਟ ਬਣਾਈ ਤੇ ਉਸ ਦੀ ਇੱਕ ਕਾਪੀ ਇਮੀਗਰੇਸ਼ਨ ਡਿਟੈਨਸ਼ਨ ਨੂੰ ਭੇਜ ਦਿੱਤੀ ਤੇ ਆਪਣੀ ਨੋਟਿੰਗ ਵੀ ਲਿਖ ਦਿੱਤੀ। ਫਰਾਡ ਹੋਇਆ ਨਹੀਂ ਪਰ ਸੋਚਿਆ ਜਾ ਰਿਹਾ ਹੈ। ਸਵੀਟੀ ਨੂੰ ਪਤਾ ਸੀ ਕਿ ਇਹ ਜ਼ਰੂਰੀ ਹੈ, ਕਾਰਵਾਈ ਤੇ ਕੋਈ ਨਹੀਂ ਹੋਣੀ ਸੀ ਪਰ ਨਜ਼ਰ ਰੱਖੀ ਜਾ ਸਕਦੀ ਸੀ। ਇਹ ਉਨ੍ਹਾਂ ਦੀ ਮਰਜ਼ੀ ਸੀ। ਇਹ ਜਾਣਕਾਰੀ ਦੇਣੀ, ਸਵੀਟੀ ਦੀ ਨੈਤਿਕ ਜ਼ਿੰਮੇਵਾਰੀ ਵੀ ਸੀ।

ਇਮੀਗਰੇਸ਼ਨ ਡਿਟੈਨਸ਼ਨ ਸੈਂਟਰ ਬਹੁਤ ਬਿਜ਼ੀ ਹੈ। ਸਵੀਟੀ ਦੀ ਆਈ ਰਿਪੋਰਟ ਨਾਲ ਉਨ੍ਹਾਂ ਦਾ ਸਿੱਧਾ ਸੰਬੰਧ ਨਹੀਂ ਜੁੜਦਾ ਸੀ, ਇਸ ਲਈ ਉਨ੍ਹਾਂ ਨੇ ਰਿਪੋਰਟ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਨੂੰ ਭੇਜ ਦਿੱਤੀ। ਪਹਿਲ ਤੇ ਹੈ ਕੋਈ ਨਹੀਂ ਸੀ ਫਿਰ ਵੀ ਘੁੰਮ ਘੁਮਾ ਕੇ ਫਾਈਲ ਹਰਨਾਮ ਸਿੰਘ ਕੋਲ ਆ ਗਈ ਤੇ ਉਸ ਨੇ ਸਭ ਤੋਂ ਪਹਿਲਾਂ ਮੀਨਾ ਦੇ ਘਰਵਾਲੇ ਸ਼ਾਮ ਸਿੰਘ ਨਾਲ ਸੰਪਰਕ ਕਰਨ ਦਾ ਫ਼ੈਸਲਾ ਲਿਆ। ਮਰਦ ਹੋਣ ਕਰ ਕੇ ਉਸ ਕੋਲੋਂ ਹੀ ਸਾਰੀ ਜਾਣਕਾਰੀ ਮਿਲ ਸਕਦੀ ਸੀ।

ਹਰਨਾਮ ਸਿੰਘ ਨੇ ਆਪਣਾ ਨਿੱਕ ਨੇਮ ਹੈਰੀ ਰੱਖਿਆ ਹੋਇਆ ਸੀ। ਹੈਰੀ ਨੇ ਪਤਾ ਕੀਤਾ ਤਾਂ ਉਹਦੇ ਲਈ ਹੋਰ ਵੀ ਸੌਖਾ ਹੋ ਗਿਆ ਕਿਉਂਕਿ ਸ਼ਾਮ ਸਿੰਘ ਦਾ ਰਿਕਾਰਡ ਪਹਿਲਾਂ ਹੀ ਪੁਲੀਸ ਕੋਲ ਸੀ।

ਸ਼ਾਮ ਸਿੰਘ ਲੜਾਕਾ ਸੀ, ਗੱਲ ਗੱਲ ਤੇ ਅਗਲੇ ਦੇ ਗਲ ਪੈ ਜਾਣਾ, ਸਰੀਰੋਂ ਵੀ ਤਕੜਾ ਸੀ ਤੇ ਅਗਲੇ ਨੂੰ ਢਾਹ ਲੈਣ ਵਾਸਤੇ ਉਹ ਦੇ ਕੋਲ ਕਮਾਈ ਹੋਈ ਸਰੀਰਕ ਤਾਕਤ ਸੀ। ਬਹੁਤ ਹੀ ਸੰਵੇਦਨਸ਼ੀਲ, ਭਾਵੁਕ ਤੇ ਦੋਸਤੀ ਦੇ ਮਿਆਰ ਤੇ ਪੂਰਾ ਉੱਤਰਨ ਵਾਲਾ ਟਿਪੀਕਲ ਪੰਜਾਬੀ ਸੀ। ਇਹੋ ਜਿਹੇ ਵਿਅਕਤੀ ਨਾਲ ਦੋਸਤੀ ਪਾਉਣਾ, ਹੈਰੀ ਲਈ ਬਹੁਤ ਸੌਖਾ ਸੀ। ਸ਼ਾਮ ਸਿੰਘ ਕਿਤੇ ਵੀ ਜਾਵੇ, ਕਿਤੇ ਵੀ ਦਾਰੂ ਪੀਵੇ ਪਰ ਘਰ ਜਾਣ ਤੋਂ ਪਹਿਲਾਂ ਇੱਕ

ਗੇੜਾ, ਘਰ ਦੇ ਕੋਲ ਇੱਕ ਇਟੈਲੀਅਨ ਰੈਸਟੋਰੈਂਟ, ਬੀਅਰ ਪੀਣ ਜ਼ਰੂਰ ਜਾਂਦਾ ਸੀ। ਉੱਥੇ ਹੀ ਉਸ ਦੇ ਹੋਰ ਸੱਜਣ ਬੇਲੀ ਵੀ ਆਉਂਦੇ। ਹੈਰੀ ਲਈ ਇਹੋ ਠੀਕ ਸੀ। ਉਸ ਨੇ ਵੀ ਜਾਣਾ ਸ਼ੁਰੂ ਕਰ ਦਿੱਤਾ। ਦੂਜੇ ਦਿਨ ਹੀ ਉਹ ਸਿੱਧਾ ਉਨ੍ਹਾਂ ਦੇ ਟੇਬਲ ਤੇ ਚਲਾ ਗਿਆ ਤੇ ਲੱਗ ਪਿਆ ਗੱਲਾਂ ਮਾਰਨ।

ਸ਼ੁਰੂ ਹੋ ਗਿਆ ਰੋਜ਼ ਦਾ ਕੰਮ ਤੇ ਹੈਰੀ ਨੇ ਸ਼ਾਮ ਸਿੰਘ ਨਾਲ ਦੋਸਤੀ ਵਾਲੀ ਗੰਢ-ਤੁਪ ਕਰ ਲਈ। ਰੈਸਟੋਰੈਂਟ ਤੋਂ ਘਰ ਦਾ ਸਫ਼ਰ ਤਹਿ ਕਰਨ ਲਈ ਉਸ ਨੇ ਮਿੱਠੀ ਨੂੰ ਤਿਆਰ ਕਰ ਲਿਆ।

ਉਨ੍ਹਾਂ ਹੀ ਦਿਨਾਂ ਵਿੱਚ ਹੈਰੀ ਨੇ ਘਰ ਬਦਲਣਾ ਸੀ ਤੇ ਸਮਾਨ ਚੁੱਕਣ ਥੱਲਣ ਲਈ ਉਸ ਨੇ ਸ਼ਾਮ ਸਿੰਘ ਨੂੰ ਕਹਿਣ ਲਈ ਸੋਚਿਆ ਨਾਲੇ ਤੇ ਰਿਸ਼ਤਾ ਗੂੜ੍ਹਾ ਹੋ ਜਾਵੇਗਾ ਨਾਲੇ ਘਰ ਆਉਣ ਜਾਣ ਹੋ ਜਾਵੇਗਾ। ਉਹ ਮਿੱਠੀ ਨੂੰ ਆਪਣੀ ਪਤਨੀ ਦੇ ਰੂਪ ਵਿੱਚ ਮਿਲਾਵੇਗਾ।

"ਭਾਜੀ ਇਹ ਕੰਮ ਤੁਹਾਡਾ ਨਹੀਂ ਮੇਰਾ ਹੈ, ਤੁਸੀਂ ਬੱਸ ਤਰੀਕ ਦੱਸੋ।" ਦੱਸੀ ਤਰੀਕ ਤੇ ਉਹ ਆਪਣੇ ਨਾਲ ਚਾਰ ਜਣੇ ਹੋਰ ਲੈ ਕੇ ਆ ਗਿਆ। ਥਰੀ-ਟਨ ਟਰੱਕ ਵੀ ਨਾਲ ਤੇ ਟੂ ਵੀਲ੍ਹਰ, ਰੇੜੀਆਂ ਲੈ ਕੇ ਉਨ੍ਹਾਂ ਨੇ ਆ ਬੂਹਾ ਖੜਕਾਇਆ। ਸਮਾਨ ਸਾਰਾ ਪੈਕ ਸੀ। ਉਨ੍ਹਾਂ ਨੇ ਪਹਿਲਾ ਹੁਕਮ ਚਾੜ੍ਹਿਆ ਕਿ ਭਾਬੀ ਜੀ ਘਰੋਂ ਚਲੇ ਜਾਣ ਤੇ ਸ਼ਾਮ ਨੂੰ ਹੀ ਆਉਣ। ਮਿੱਠੀ ਤੇ ਅੱਗੇ ਹੀ ਚਾਹੁੰਦੀ ਸੀ,ਉਸ ਦੀ ਅੱਜ ਆਪਣੇ ਬੁਆਏ ਫਰੈਂਡ ਨਾਲ ਡੇਟ ਸੀ।

ਮਿੱਠੀ ਦੇ ਜਾਣ ਤੋਂ ਬਾਦ, ਉਹ ਸਾਰੇ ਨਿਸ਼ਚਿੰਤ ਹੋਕੇ ਸੋਫ਼ਿਆਂ ਤੇ ਬੈਠ ਗਏ। ਸਭ ਤੋਂ ਪਹਿਲਾਂ ਸ਼ਾਮ ਸਿੰਘ ਨੇ ਹੈਰੀ ਨੂੰ ਕਿਹਾ, ਭਾਜੀ ਚਾਹ ਬਣਾਉ, ਕੰਡੇ ਵਾਲੀ।"

ਹੈਰੀ ਚਾਹ ਬਣਾਉਂਦਿਆਂ ਸੋਚ ਰਿਹਾ ਸੀ ਕਿਹੋ ਜਿਹਾ ਇਨਸਾਨ ਹੈ ਇਹ ਸ਼ਾਮ ਸਿੰਘ, ਦਿਨਾਂ ਵਿੱਚ ਹੀ ਮੇਰਾ ਇਤਨਾ ਕਰਨ ਲੱਗ ਪਿਆ, ਸ਼ਾਇਦ ਪੰਜਾਬ ਦੀ ਮਿੱਟੀ ਦਾ ਅਸਰ ਹੈ। ਉਹ ਸੋਚ ਰਿਹਾ ਸੀ। 'ਮੇਰਾ ਸ਼ਾਮ ਸਿੰਘ ਨਾਲ ਕੋਈ ਸਬੰਧ ਨਹੀਂ, ਨਾ ਇੰਡੀਆ ਦੀ ਕੋਈ ਸਾਂਝ ਤੇ ਨਾ ਕੈਨੇਡਾ ਵਿਚ ਹੀ ਕੋਈ ਆਧਾਰ, ਪਰ ਫਿਰ ਵੀ ਉਹ ਮੇਰਾ ਦੋਸਤ ਬਣ ਗਿਆ। ਅਸਲ ਦੋਸਤ ਤੇ ਉਹ ਹੀ ਹੋ ਸਕਦਾ ਹੈ ਜਿਸ 'ਤੇ ਤੁਸੀਂ ਇਤਬਾਰ ਕਰ ਸਕੋ, ਜਿਸ ਦਾ ਪਤਾ ਹੋਵੇ ਕਿ ਉਸ ਨੇ ਕੀ ਸੋਚਣਾ ਹੈ, ਕੀ ਕਹਿਣਾ ਹੈ ਫਿਰ ਭਾਵੇਂ ਉਹ ਕੋਈ ਚੋਰ ਡਾਕੂ ਜਾਂ ਲੁਟੇਰਾ ਹੀ ਕਿਉਂ ਨਾ ਹੋਵੇ ਕਿਉਂਕਿ ਤੁਹਾਨੂੰ ਪਤਾ ਹੁੰਦਾ ਹੈ। ਪਤਾ ਹੁੰਦਾ ਹੈ ਕਿ ਲਕੀਰ ਦੇ ਕਿਸ ਪਾਸੇ ਖਲੋਤਾ ਹੈ। ਭੈੜੇ ਤੇ ਉਹ ਹਨ ਜੋ ਦੋਸਤੀ ਦਾ ਢੌਂਗ ਕਰ ਕੇ ਤੁਹਾਨੂੰ ਦਗ਼ਾ ਦਿੰਦੇ ਹਨ ਤੇ ਉਹ ਵੀ ਮਾਮੂਲੀ ਗੱਲਾਂ ਤੇ, ਕਈ ਵਾਰ ਤੇ ਹੈਰਾਨੀ ਹੁੰਦੀ ਹੈ ਕਿ ਲੋਕ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਹੀ ਦੋਸਤ ਨੂੰ ਬੱਕਰਾ ਸਮਝ ਕੇ ਕੁਰਬਾਨ ਕਰ ਦਿੰਦੇ ਹਨ। ਇਹ ਮੇਰਾ ਨਵਾਂ ਦੋਸਤ, ਜਿਸ ਨੂੰ ਇਹ ਵੀ ਨਹੀਂ ਪਤਾ ਕਿ ਮੇਰਾ ਮਕਸਦ ਕੀ ਹੈ, ਲਕੀਰ ਦੇ ਉਸ ਪਾਰ ਖਲੋਤਾ ਸੀ ਜਿੱਥੇ ਉਸ ਤੇ ਅੱਖਾਂ ਬੰਦ ਕਰ ਕੇ ਇਤਬਾਰ ਕੀਤਾ ਜਾ ਸਕਦਾ ਸੀ। ਹਾਲਾਤ ਕਿੱਥੇ ਰਹਿਣ ਦਿੰਦੇ ਹਨ ਇਤਬਾਰ ਨੂੰ?"

ਹੈਰੀ ਚਾਹ ਲੈ ਕੇ ਆ ਗਿਆ ਤਾਂ ਉਨ੍ਹਾਂ ਨੇ ਇੱਕ ਪੁੜੀ ਕੱਢੀ ਜਿਸ ਵਿਚ ਡੋਡੇ ਪੀਸ ਕੇ ਪਾਏ ਹੋਏ ਸਨ ਤੇ ਸਾਰਿਆਂ ਨੇ ਫੱਕੇ ਮਾਰ ਲਏ। ਹੈਰੀ ਵਰਗੇ ਘੈਂਟ ਅਫ਼ਸਰ ਨੂੰ ਵੀ ਡਰ ਪੈਦਾ ਹੋ ਗਿਆ ਕਿ ਕਿਤੇ ਉਹ ਗ਼ਲਤ ਕੰਮ ਤੇ ਨਹੀਂ ਕਰ ਬੈਠਾ। ਉਨ੍ਹਾਂ ਨੇ ਇਤਨੇ ਧਿਆਨ ਨਾਲ ਸਾਰਾ ਸਮਾਨ ਮੂਵ ਕੀਤਾ ਕਿ ਕੋਈ ਪਰੋਫੈਸ਼ਨਲ ਵੀ ਨਹੀਂ ਕਰ ਸਕਦਾ। ਦੁਪਹਿਰ ਨੂੰ

ਪੀਜ਼ਾ ਮੰਗਵਾਇਆ ਗਿਆ ਤੇ ਉਸ ਦੇ ਪੈਸੇ ਵੀ ਹੈਰੀ ਨੂੰ ਨਹੀਂ ਦੇਣ ਦਿੱਤੇ। ਉਦੋਂ ਤੇ ਹੈਰੀ ਨੇ ਸੋਚਿਆ ਕਿ ਡੋਡਿਆਂ ਦਾ ਅਸਰ ਹੈ ਪਰ ਬਾਦ ਵਿਚ ਇਹ ਯਕੀਨ ਹੋ ਗਿਆ ਕਿ ਉਹ ਹੈ ਹੀ ਯਾਰਾਂ ਦਾ ਯਾਰ।

ਉਸ ਤੋਂ ਬਾਦ ਉਹ ਆਪਣੀ ਪਤਨੀ ਤੇ ਮੁੰਡੇ ਨੂੰ ਲੈ ਕੇ ਵੀ ਹੈਰੀ ਦੇ ਘਰ ਆਉਣ ਲੱਗ ਪਿਆ। ਉਹ ਦੋਵੇਂ ਇਤਨੇ ਖ਼ੂਬਸੂਰਤ ਸਨ ਕਿ ਫ਼ੈਸਲਾ ਕਰਨਾ ਬਹੁਤ ਔਖਾ ਸੀ ਕਿ ਦੋਵਾਂ ਵਿਚੋਂ ਜ਼ਿਆਦਾ ਖ਼ੂਬਸੂਰਤ ਕੌਣ ਹੈ ? ਘਰਵਾਲੀ ਦਾ ਕੱਦ ਵੀ ਉਹਦੇ ਜਿਤਨਾ ਹੀ ਸੀ ਤੇ ਦੂਰੋਂ ਤੁਰੇ ਆਉਂਦੇ ਦਰਸ਼ਨੀ ਲਗਦੇ। ਉਸ ਦੀ ਘਰਵਾਲੀ ਦਾ ਫ਼ੋਨ ਵੀ ਆਉਣ ਲੱਗ ਪਿਆ। ਉਹ ਮਿੱਠੀ ਨੂੰ ਹੈਰੀ ਦੀ ਪਤਨੀ ਸਮਝ ਕੇ ਉਸ ਦੀ ਸਹੇਲੀ ਬਣ ਗਈ ਸੀ। ਇੱਕ ਦਿਨ ਪੁਲੀਸ ਸਟੇਸ਼ਨ ਤੋਂ ਫ਼ੋਨ ਆਇਆ ਉਦੋਂ ਹੈਰੀ ਘਰ ਇਕੱਲਾ ਹੀ ਸੀ। ਉਨ੍ਹਾਂ ਨੇ ਦੱਸਿਆ ਕਿ ਸ਼ਾਮ ਸਿੰਘ ਉਨ੍ਹਾਂ ਦੀ ਕਸਟਡੀ ਵਿਚ ਹੈ ਤੇ ਉਸ ਨੇ ਤੁਹਾਨੂੰ ਬੁਲਾਇਆ ਹੈ। ਹੈਰੀ ਪੁਲੀਸ ਸਟੇਸ਼ਨ ਚਲੇ ਗਿਆ। ਡੁਮੈਸਟਿਕ ਵਾਇਲੈਂਸ ਦਾ ਕੇਸ ਸੀ, ਰਾਤ ਉਸ ਦਾ ਆਪਣੀ ਬੀਵੀ ਨਾਲ ਝਗੜਾ ਹੋਇਆ ਸੀ ਤੇ ਗੱਲ ਵਧ ਗਈ ਗੁਆਂਢੀਆਂ ਨੇ ਫ਼ੋਨ ਕਰ ਦਿੱਤਾ ਤੇ ਪੁਲੀਸ ਉਸ ਨੂੰ ਲੈ ਗਈ। ਸਮਾਂ ਰਾਤ ਦੇ ਦੋ ਵਜੇ ਦਾ ਸੀ ਤੇ ਉਹ ਡਰੰਕ ਸੀ, ਰਾਤ ਲੌਕ-ਅੱਪ ਵਿੱਚ ਹੀ ਰਿਹਾ ਤੇ ਹੁਣ ਉਸ ਨੂੰ ਛੱਡਣਾ ਸੀ। ਘਰਵਾਲੀ ਨੇ ਚਾਰਜ ਨਹੀਂ ਕਰਵਾਇਆ ਸੀ, ਸੋ ਉਹ ਘਰ ਜਾ ਸਕਦਾ ਸੀ। ਅਸਲ ਵਿਚ ਇਹ ਕੇਸ ਭਾਵੇਂ ਡੁਮੈਸਟਿਕ ਵਾਇਲੈਂਸ ਦਾ ਲੱਗਦਾ ਸੀ ਪਰ ਪੁਲੀਸ ਨੇ ਇਸ ਨੂੰ ਪਬਲਿਕ ਨਿਉਸੈਂਸ ਵਿਚ ਹੀ ਲਿਆ।

ਉਹ ਘਰ ਚਲੇ ਗਏ ਤੇ ਹੈਰੀ ਪੁਲੀਸ ਸਟੇਸ਼ਨ ਹੀ ਰੁਕ ਗਿਆ। ਉਸ ਨੇ ਸਟਾਫ਼ ਇੰਸਪੈਕਟਰ ਦੀ ਇਜਾਜ਼ਤ ਨਾਲ ਸ਼ਾਮ ਸਿੰਘ ਦੀ ਫਾਈਲ ਖੋਲ੍ਹ ਲਈ। ਹੈਰੀ ਦੇ ਚਿਹਰੇ ਤੇ ਮੁਸਕਾਨ ਆ ਗਈ। ਕਿਸੇ ਵੀ ਕੇਸ ਵਿੱਚ ਸ਼ਾਮ ਸਿੰਘ ਭੈੜੀ ਤਰਾਂ ਸ਼ਾਮਲ ਨਹੀਂ ਸੀ ਪਰ ਲੜਾਈਆਂ,ਪਬਲਿਕ ਨਿਉਸੈਂਸ, ਵਿੱਚ ਸ਼ਾਮਲ ਸੀ। ਉਸ ਨੇ ਫਾਈਲ ਬੰਦ ਕੀਤੀ ਤੇ ਬਾਹਰ ਆ ਗਿਆ ਤੇ ਆਪਣੇ ਹੋਰ ਕੰਮਾਂ ਦੀ ਪੜਤਾਲ ਕਰਨ ਲੱਗਾ। ਸ਼ਾਮ ਸਿੰਘ ਦਾ ਕੇਸ ਤੇ ਮਾਮੂਲੀ ਸੀ। ਅਸਲ ਵਿੱਚ ਸਾਰਾ ਤਾਣਾ-ਬਾਣਾ ਤੇ ਇੱਥੇ ਨਿੱਬੜਦਾ ਸੀ ਕੀ ਇਹ ਪਰਿਵਾਰ, ਕਿਸੇ ਗੈਰ-ਕਾਨੂੰਨੀ ਇਮੀਗਰੇਸ਼ਨ ਸਾਜ਼ਿਸ਼ ਵਿੱਚ ਸ਼ਾਮਲ ਤੇ ਨਹੀਂ ਹੈ ? ਕੀ ਇਸ ਦੀ ਸੰਭਾਵਨਾ ਬਣ ਸਕਦੀ ਹੈ ? ਸਵੀਟੀ ਦੇ ਰਿਮਾਰਕਸ ਤੇ ਐਸਾ ਹੀ ਇਸ਼ਾਰਾ ਕਰ ਰਹੇ ਸਨ।

ਹੈਰੀ ਨੂੰ ਯਾਦ ਆਇਆ ਜਦੋਂ ਉਹ ਹਰਨਾਮ ਸਿੰਘ ਸੀ ਤਾਂ ਕਿਵੇਂ ਉਸ ਵੇਲੇ ਕਿਸੇ ਵੀ ਦੇਸ਼ ਤੋਂ ਆਉਣ ਵਾਲੇ ਦਾ ਕਿਹਾ ਸੱਚ ਮੰਨਿਆ ਜਾਂਦਾ ਸੀ ਜਿਤਨਾ ਚਿਰ ਆਪਣੇ ਆਪ ਝੂਠ ਨਾ ਨਿਕਲੇ ਪਰ ਹੁਣ ਸਥਿਤੀ ਬਦਲ ਚੁੱਕੀ ਸੀ। ਹਰ ਸੱਚ ਦਾ ਸਬੂਤ ਦੇਣਾ ਪੈਂਦਾ ਸੀ। ਕਈ ਵਾਰ ਤੇ ਸਬੂਤ ਵੀ ਵਿਲੱਖਣ ਹੁੰਦੇ ਸਨ। ਇਸ ਲਈ ਹੀ ਕੈਨੇਡੀਅਨ ਅੰਬੈਸੀਆਂ ਨੂੰ ਖ਼ਾਸ ਹਦਾਇਤਾਂ ਸਨ। ਕੋਈ ਸੱਚਾ ਭਾਵੇਂ ਲਮਕ ਜਾਵੇ ਪਰ ਗ਼ਲਤ ਇਨਸਾਨ ਨਹੀਂ ਆਉਣਾ ਚਾਹੀਦਾ। ਮੀਨਾ ਦਾ ਕੇਸ ਵੀ ਇਸੇ ਕੈਟਾਗਰੀ ਵਿੱਚ ਆ ਜਾਣਾ ਹੈ ਜਦੋਂ ਹੈਰੀ ਨੇ ਪੁਣਛਾਣ ਕਰ ਕੇ ਰਿਪੋਰਟ ਤਿਆਰ ਕਰ ਲਈ। ਹੋ ਸਕਦਾ ਸਭ ਸਹੀ ਵੀ ਹੋਵੇ ਪਰ ਲਾਲ ਲਕੀਰ ਤੇ ਫਿਰ ਹੀ ਗਈ ਸੀ।

ਸ਼ਾਮ ਸਿੰਘ ਤੇ ਮੀਨਾ ਦਾ ਕੇਸ ਭਾਵੇਂ ਸੀਰੀਅਸ ਨਹੀਂ ਸੀ ਫੇਰ ਵੀ ਰਿਪੋਰਟ ਤੇ ਤਿਆਰ ਕਰਨੀ ਸੀ ਉਹ ਵੀ ਸੀਮਤ ਸਮੇਂ ਵਿੱਚ। ਉਸ ਨੇ ਸ਼ੁਰੂ ਕਰ ਲਿਆ ਇਸ ਕੰਮ ਨੂੰ ਤੇ ਉਸ ਤੋਂ

ਬਾਅਦ ਸ਼ੁਰੂ ਹੋਈਆਂ ਦੋਵਾਂ ਜੀਆਂ ਦੀਆ ਜ਼ਾਤੀ ਗੱਲਾਂ। ਸ਼ਾਮ ਸਿੰਘ ਡੁਮੈਸਟਿਕ ਵਾਇਲੈਂਸ ਵਿਚ ਇੱਕ ਵਾਰ ਚਾਰਜ ਹੋ ਚੁੱਕਾ ਸੀ ਤੇ ਐਂਗਰ ਟਰੀਟਮੈਂਟ ਲਈ 'ਪਾਰ ਪ੍ਰੋਗਰਾਮ' ਤਹਿਤ ਸੋਲ੍ਹਾਂ ਹਫ਼ਤੇ ਦਾ ਸੈਸ਼ਨ ਵੀ ਅਟੈਂਡ ਕਰ ਚੁੱਕਾ ਸੀ।"

"ਹੈਰੀ ਅੱਜ ਰੋਮਾਂਟਿਕ ਮੂਡ ਵਿੱਚ ਸੀ, ਉਸ ਨੇ ਸੋਚਿਆ ਕਿਉਂ ਨਾ ਅੱਜ ਮਿੱਠੀ ਨੂੰ ਬੁਲਾਇਆ ਜਾਵੇ। ਨਾਲੇ ਸ਼ਾਮ ਸਿੰਘ ਦਾ ਕੇਸ ਡਿਸਕਸ ਹੋ ਜਾਏਗਾ ਤੇ ਨਾਲੇ ਮਿੱਠੀ ਦੀਆਂ ਕਰਾਰੀਆਂ ਗੱਲਾਂ ਸੁਣ ਲਵਾਂਗਾ। ਉਸ ਨੇ ਮਿੱਠੀ ਨੂੰ ਫ਼ੋਨ ਕਰ ਲਿਆ, "ਹੈਲੋ, ਨੰਬਰ ਤੇ ਜਾਣਾ ਪਛਾਣਿਆਂ ਹੈ, ਕੀ ਗੱਲ ਹੈ?"

"ਬੜਾ ਰੁੱਖਾ ਬੋਲਦੀ ਹੈਂ, ਬੁਆਏ ਫਰੈਂਡ ਦਾ ਗ਼ੁੱਸਾ ਮੇਰੇ ਤੇ?"

"ਤੇਰੀ ਤੇ ਕੰਮ ਨੇ ਮੱਤ ਮਾਰੀ ਹੈ, ਤੇਰੇ ਨਾਲ ਪਿਆਰ ਨਾਲ ਬੋਲਣ ਦਾ ਫ਼ਾਇਦਾ ਹੀ ਕੀ ਹੈ?"

"ਅੱਛਾ ਗੱਲਾਂ ਨਾ ਮਾਰ ਤੇ ਆਕੇ ਮਿਲ ਮੈਨੂੰ।"

"ਕਿੱਥੇ ਮਿਲਾਂ, ਇਹ ਤੇ ਦੱਸ।"

"ਕਿਉਂ ਤੇਰੇ ਕੋਲ ਫ਼ੋਨ ਨਹੀਂ ਹੈਗਾ, ਸਰਵਲਿੰਸ ਤੇ ਪਾ ਤੇ ਲੱਭ ਲੈ ਫ਼ੋਨ ਨੂੰ, ਫ਼ੋਨ ਮੇਰੇ ਹੱਥ ਵਿੱਚ ਹੈ।"

"ਠੀਕ ਹੈ ਨੰਬਰ ਟੂ, ਨੰਬਰ ਥਰੀ ਤੇਰੇ ਫ਼ੋਨ ਤੋਂ ਦਸ ਮਿੰਟ ਦੀ ਦੂਰੀ ਤੇ ਹੈ।"

ਹੈਰੀ ਸੋਚਣ ਲੱਗਾ, 'ਠੀਕ ਹੀ ਕਲਪਦੀ ਹੈ ਮਿੱਠੀ। ਮੇਰੇ ਤੋਂ ਦੋ ਸਾਲ ਪਹਿਲਾਂ ਜੁਆਇਨ ਕੀਤਾ ਪਰ ਅਜੇ ਵੀ ਇੰਸਪੈਕਟਰ ਥਰੀ ਹੀ ਹੈ,ਜੇ ਮੈ ਇੰਸਪੈਕਟਰ ਟੂ ਬਣ ਗਿਆ ਹਾਂ,ਤਾਂ ਇਸ ਦਾ ਕਾਰਨ ਮੇਰੀ ਪਰੋਗਰੈਸ ਰਿਪੋਰਟ ਹੈ ਪਰ ਮਿੱਠੀ ਇਸ ਗੱਲ ਨੂੰ ਸਮਝ ਦੀ ਹੀ ਨਹੀਂ।' ਟੋਣੇ ਲਾਉਂਦੀ ਹੀ ਰਹਿੰਦੀ ਹੈ। ਪੰਜ ਮਿੰਟ ਰਹਿੰਦਿਆਂ ਹੈਰੀ ਨੇ ਟਿਮ ਹਾਰਟਨ ਦੇ ਡਰਾਈਵ ਥਰੂ ਤੋਂ ਦੋ ਕੌਫ਼ੀ ਲਈਆਂ ਤੇ ਪਾਰਕਿੰਗ ਦੀ ਇੱਕ ਵਿਹਲੀ ਜਿਹੀ ਥਾਂ ਤੇ ਪਰਾਈਵੇਟ ਕਾਰ ਪਾਰਕ ਕਰ ਲਈ।

"ਯੈਸ ਬੌਸ, ਕੀ ਹੁਕਮ ਹੈ?" ਮਿੱਠੀ ਨੇ ਕਾਰ ਦਾ ਡੋਰ ਖੋਲ੍ਹਦਿਆਂ ਕਿਹਾ।

"ਜਿਸ ਕੇਸ ਲਈ ਤੈਨੂੰ ਬੁਲਾਇਆ ਹੈ ਉਸ ਵਿੱਚ ਤੂੰ ਮੇਰੀ ਪਤਨੀ ਹੈਂ, ਇਸ ਲਈ ਬੌਸ ਨਾ ਕਹਿ, ਇਹਦੇ ਨਾਲੋਂ ਤੇ ਚੰਗਾ ਹੈ ਡਾਰਲਿੰਗ ਆਖ ਲਿਆ ਕਰ, ਮੈਂ ਬਰਦਾਸ਼ਤ ਕਰ ਲਵਾਂਗਾ ਦੋ ਕੁ ਮਹੀਨੇ।"

"ਹਾਂ ਡਾਰਲਿੰਗ, ਕੀ ਕਹਿਣਾ ਹੈ।"

"ਮੈਂ ਡਾਰਲਿੰਗ ਕਹਾ ਕੇ ਬਹੁਤਾ ਖ਼ੁਸ਼ ਨਹੀਂ ਹਾਂ, ਬੱਸ ਮਜਬੂਰੀ ਹੈ, ਹੋਰ ਸੁਣਾ ਤੇਰੇ ਬੁਆਏ ਫਰੈਂਡ ਦਾ ਕੀ ਹਾਲ ਹੈ?"

"ਉਹੀ ਜੋ ਸਾਰਿਆਂ ਦਾ ਹੁੰਦਾ ਹੈ, ਤੂੰ ਨਹੀਂ ਸਮਝੇਂਗਾ।"

"ਸ਼ਾਮ ਸਿੰਘ ਬਹੁਤ ਸਿੱਧਾ ਸਾਦਾ ਬੰਦਾ ਹੈ, ਕਿਉਂਕਿ ਇਹ ਵਿਸ਼ਾ ਹੋਰ ਤਫ਼ਸੀਲ ਨਹੀਂ ਮੰਗਦਾ, ਇਸ ਲਈ ਅਸਲ ਗੱਲ ਵੱਲ ਆਉਂਦਾ ਹਾਂ। ਪਹਿਲਾਂ ਤੇ ਆਈ ਚਲਾਈ ਸੀ ਪਰ ਹੁਣ ਗੱਲ ਉਦੋਂ ਵਧੀ ਜਦੋਂ ਪੁਲੀਸ ਕਾਲ ਕਰ ਲਈ ਗਈ ਤੇ ਸ਼ਾਮ ਸਿੰਘ ਚਾਰਜ ਹੋ ਗਿਆ। ਇਸ ਵਕਤ ਗੱਲ ਵੀ ਸੀਰੀਅਸ ਬਣਾਈ ਗਈ ਸੀ। ਘਰਵਾਲੀ ਦਾ ਕਹਿਣਾ ਸੀ ਕਿ ਉਸ ਨੇ ਤੱਤੀ ਪਰੈੱਸ ਉਸ ਦੇ ਹੱਥ ਤੇ ਮਾਰ ਕੇ ਹੱਥ ਦਾ ਪੁੱਠਾ ਪਾਸਾ ਝੁਲਸਾ ਦਿੱਤਾ ਹੈ। ਤੇ ਇਹ

ਕਹਿੰਦਾ ਸੀ ਕਿ ਇਹ ਸਿਰਫ਼ ਐਕਸੀਡੈਂਟ ਹੈ। ਮੈਨੂੰ ਯਕੀਨ ਹੈ ਕਿ ਇਹ ਸਾਰੀ ਦੁਨੀਆ ਨਾਲ ਝੂਠ ਬੋਲ ਸਕਦਾ ਹੈ ਪਰ ਮੇਰੇ ਨਾਲ ਨਹੀਂ।"

"ਹੈਰੀ ਤੂੰ ਇਤਨੇ ਯਕੀਨ ਨਾਲ ਕਿਵੇਂ ਕਹਿ ਸਕਦਾ ਹੈਂ ?"

"ਮਿੱਠੀ ਮੈਂ ਇੱਕ ਕੌਪ ਹਾਂ, ਸਾਇਕੀ ਜਾਣਦਾ ਹਾਂ ਪਰ ਕੌਪ ਤੋਂ ਪਹਿਲਾਂ ਇੱਕ ਇਨਸਾਨ ਵੀ ਹਾਂ। ਪਛਾਣਦਾ ਹਾਂ ਇਨਸਾਨਾਂ ਨੂੰ। ਇਮੀਗਰੇਸ਼ਨ ਮਾਮਲਿਆਂ ਵਿੱਚ ਕਿਤਨਾ ਵੀ ਕੂੜ ਹੋਵੇ ਪਰ ਮੇਰੀ ਅੱਖ ਅਜੇ ਵੀ ਸੱਚ ਵੇਖ ਸਕਦੀ ਹੈ। ਇਹ ਸਾਰਾ ਕੁੱਝ ਸਿਰਫ਼ ਸ਼ਾਮ ਸਿੰਘ ਨੂੰ ਤੋੜਨ ਲਈ ਕੀਤਾ ਗਿਆ ਹੈ। ਜੋ ਦਿਸਦਾ ਹੈ ਉਹ ਹੈ ਨਹੀਂ ਤੇ ਜੋ ਹੈ, ਉਸ ਦਿਸ ਨਹੀਂ ਰਿਹਾ। ਰਿਪੋਰਟ ਤੇ ਮੈ ਹੁਣ ਵੀ ਬਣਾ ਸਕਦਾ ਹਾਂ ਪਰ ਤੈਨੂੰ ਤੇ ਪਤਾ ਹੈ ਰਿਪੋਰਟ ਵਿੱਚ ਤੱਥ ਲਿਖੇ ਜਾਂਦੇ ਹਨ, ਯਕੀਨ ਨਹੀਂ। ਮੈਂ ਸ਼ਾਮ ਸਿੰਘ ਦੀ ਸਾਰੀ ਫਾਈਲ ਪੜ੍ਹੀ ਹੈ। ਕਿਤੇ ਵੀ ਖੋਟ ਨਜ਼ਰ ਨਹੀਂ ਆਇਆ, ਸਿਰਫ਼ ਨਸ਼ੇ ਕਰਦਾ ਹੈ, ਨਸ਼ਿਆਂ ਦਾ ਆਦੀ ਵੀ ਕਹਿ ਸਕਦੇ ਹਾਂ।"

"ਹੁਣ ਫੇਰ ਮੇਰੇ ਤੋਂ ਕੀ ਚਾਹੁੰਦਾ ਹੈਂ ਹੈਰੀ ?"

"ਸ਼ਾਮ ਸਿੰਘ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਉਹ ਸ਼ਰਾਬੀ ਸੀ ਤੇ ਇਹ ਕੱਪੜੇ ਪਰੈੱਸ ਕਰ ਰਹੀ ਸੀ ਤੇ ਮੇਰਾ ਹੱਥ ਵੱਜ ਕੇ ਪਰੈੱਸ ਇਸ ਦੇ ਹੱਥ 'ਤੇ ਡਿਗ ਪਈ। ਮੈਂ ਉਸ ਦੇ ਵਰਸ਼ਨ ਤੇ ਯਕੀਨ ਕਰਦਾ ਹਾਂ ਪਰ ਘਰਵਾਲੀ ਦੇ ਕਹੇ ਨੂੰ ਵੀ ਟਾਲਿਆ ਨਹੀਂ ਜਾ ਸਕਦਾ, ਜਦੋਂ ਉਸ ਦੇ ਮਾਤਾ ਪਿਤਾ ਵੀ ਇਹੀ ਬਿਆਨ ਦੇਣ। ਪਰੋਬੇਸ਼ਨ ਅਫ਼ਸਰ ਵੱਲੋਂ ਉਸ 'ਤੇ ਰੋਕ ਲੱਗ ਗਈ ਹੈ ਕਿ ਉਹ ਆਪਣੇ ਘਰ ਦੇ ਪੰਜ ਸੌ ਗਜ਼ ਰੇਡੀਅਸ 'ਚ ਨਹੀਂ ਜਾ ਸਕਦਾ ਨਾ ਹੀ ਫ਼ੋਨ ਕਰ ਸਕਦਾ ਹੈ। ਇਸ ਦਾ ਠਿਕਾਣਾ ਹੁਣ ਮੇਰਾ ਘਰ ਬਣ ਗਿਆ ਹੈ। ਮੇਰੇ ਕੋਲੋਂ ਵੀ ਗ਼ਲਤੀ ਹੋ ਗਈ। ਮੈ ਬਹੁਤਾ ਹੀ ਪਿਆਰ ਜਤਾ ਬੈਠਾ। ਉਸ ਨੂੰ ਨਹੀਂ ਪਤਾ ਮੇਰੀ ਸੀਮਾ ਕੀ ਹੈ ? ਗਿੱਲੇ ਕੰਬਲ ਵਾਲਾ ਹਾਲ ਹੈ। ਮੈ ਜਲਦੀ ਤੋਂ ਜਲਦੀ ਇਹ ਨਿਪਟਾਉਣਾ ਚਾਹੁੰਦਾ ਹਾਂ। ਅਸਲ ਵਿੱਚ ਤੇ ਤੈਨੂੰ ਪਤਾ ਹੈ ਕਿ ਮੇਰੀ ਬਣਨ ਵਾਲੀ ਰਿਪੋਰਟ ਦਾ ਤੇ ਮਤਲਬ ਹੀ ਕੁੱਝ ਹੋਰ ਹੈ। ਇਹ ਲੜਾਈ ਝਗੜੇ ਸਾਡਾ ਮੁੱਦਾ ਨਹੀਂ ਹੈ। ਇਸ ਲਈ ਸਭ ਕੁੱਝ ਛੱਡ ਛਡਾ ਕੇ ਪਹਿਲਾਂ ਇੱਧਰ ਹੋਈਏ।"

"ਗੱਲ ਤੇਰੀ ਠੀਕ ਹੈ ਹੈਰੀ,ਜਿਵੇਂ ਤੂੰ ਕਹੇਂ।"

"ਇਹ ਜਾਣਨ ਦੇ ਬਾਵਜੂਦ ਕਿ ਉਹ ਮੇਰੇ ਕੋਲ ਰਹਿੰਦਾ ਹੈ ਉਸ ਦੀ ਘਰਵਾਲੀ ਦਾ ਵੀ ਮੈਨੂੰ ਫ਼ੋਨ ਆਉਂਦਾ ਹੈ ਤੇ ਮੈਨੂੰ ਇੰਜ ਲੱਗਦਾ ਕਿ ਉਹ ਵੀ ਸੁਲ੍ਹਾ ਕਰਨਾ ਚਾਹੁੰਦੀ ਹੈ। ਮੈਂ ਉਸ ਨੂੰ ਮਿਲਣ ਲਈ ਕਿਹਾ ਕਿ ਮੈਂ ਤੇਰੀ ਫ਼ੈਕਟਰੀ ਆਵਾਂਗਾ, ਜਦੋਂ ਤੂੰ ਕੰਮ ਛੱਡੇਂਗੀ।"

"ਇਕੱਲਾ ਜਾਵੇਂਗਾ, ਵੇਖੀਂ ਕਿਤੇ ਗ਼ਲਤੀ ਨਾਂਹ ਕਰ ਲਵੀਂ।"

"ਹਾਂ ਮੈਨੂੰ ਪਰੋਟੋਕੋਲ ਦਾ ਪਤਾ ਹੈ, ਇਸੇ ਲਈ ਮੈਂ ਚਾਹੁੰਦਾ ਹਾਂ ਤੂੰ ਵੀ ਮੇਰੇ ਨਾਲ ਚੱਲੇਂ। ਮੀਨਾ ਦਾ ਅਸਲ ਮੁੱਦਾ, ਆਪਣੇ ਭਰਾ ਨੂੰ ਸੱਦਣ ਦਾ ਹੈ। ਤੂੰ ਆਪਣਾ ਰਿਕਾਰਡਿੰਗ ਸਿਸਟਮ ਤਿਆਰ ਰੱਖੀਂ। ਹਰ ਗੱਲ ਦੀ ਪੁਣ ਛਾਣ ਬਾਦ ਵਿੱਚ ਕਰਾਂਗੇ।"

"ਕਦੋਂ ਜਾਣਾ ਹੈ ?"

"ਕਲ੍ਹ ਹੀ।"

ਹੈਰੀ ਦਾ ਯਕੀਨ ਦੋਸਤ ਤੇ ਸੀ ਪਰ ਉਸ ਨੂੰ ਭੁਲੇਖਾ ਸੀ ਕਿ ਆਸੇ ਪਾਸੇ ਦੇ ਹਾਲਾਤ ਕਿਵੇਂ ਬੁੱਤਾਂ ਨੂੰ ਵੀ ਤੋੜ ਦਿੰਦੇ ਹਨ ਇਨਸਾਨ ਦੀ ਤੇ ਔਕਾਤ ਹੀ ਕੀ ਹੈ ? ਬਾਅਦ ਦੀਆਂ

ਗੱਲਾਂ ਨੇ ਇਹ ਵੀ ਸਾਬਤ ਕਰ ਦਿੱਤਾ ਕਿ ਆਸਾ ਪਾਸਾ, ਇਤਨਾ ਗੰਦਾ ਹੋ ਗਿਆ ਹੈ ਕਿ ਇਸ ਵਿਚ ਸਵਿਮਿੰਗ ਨਹੀਂ ਕੀਤੀ ਜਾ ਸਕਦੀ ਸਿਰਫ਼ ਇਸ ਵਿਚ ਡੁੱਬ ਕੇ ਮਰਿਆ ਹੀ ਜਾ ਸਕਦਾ ਹੈ।

ਮੀਨਾ ਨੇ ਅਗਲੇ ਦਿਨ ਮਿਲਣ ਦੀ ਹਾਂ ਕਰ ਦਿੱਤੀ ਤੇ ਨਾਲ ਇਹ ਵੀ ਕਿਹਾ ਕਿ ਉਸ ਦੇ ਪਤੀ ਨੂੰ ਪਤਾ ਨਾ ਲੱਗੇ।

ਹੈਰੀ ਨੇ ਸੋਚਿਆ ਕਿਸੇ ਮੁਸੀਬਤ ਵਿੱਚ ਹੀ ਨਾ ਪੈ ਜਾਵਾਂ ਇਸ ਲਈ ਉਸ ਨੇ ਸ਼ਾਮ ਸਿੰਘ ਨੂੰ ਦੱਸ ਦਿੱਤਾ ਤੇ ਪੱਕੀ ਕੀਤੀ ਕਿ ਉਹ ਨਾਲ ਨਹੀਂ ਜਾਵੇਗਾ। ਉਸ ਨੇ ਕਿਹਾ ਕਿ ਉਹ ਨਾਲ ਤੇ ਚਲੇ ਜਾਵੇਗਾ ਪਰ ਉਹ ਦੂਰ ਹੀ ਉੱਤਰ ਜਾਵੇਗਾ। ਹੈਰੀ ਨੇ ਇਹੋ ਹੀ ਸੋਚਿਆ ਕਿ ਹੋਈ ਗੱਲ ਨੂੰ ਛੇਤੀਂ ਜਾਣਨ ਲਈ ਇਹ ਨਾਲ ਜਾਣਾ ਚਾਹੁੰਦਾ ਹੈ।

ਹੈਰੀ ਉਸ ਨੂੰ ਵੀ ਨਾਲ ਲੈ ਗਿਆ ਤੇ ਦੋ ਕੁ ਸੌ ਮੀਟਰ ਦੂਰ ਉਤਾਰ ਦਿੱਤਾ ਤੇ ਉੱਥੇ ਹੀ ਇੰਤਜ਼ਾਰ ਕਰਨ ਨੂੰ ਕਿਹਾ। ਵੈਨ ਵਿਚ ਉਹ ਬੈਠ ਗਈ ਤੇ ਸੁਆਲੀਆਂ ਨਜ਼ਰਾਂ ਨਾਲ ਮਿੱਠੀ ਵੱਲ ਵੇਖਿਆ।

"ਇਹ ਮੇਰੀ ਮੰਗੇਤਰ ਹੈ, ਕੋਈ ਫ਼ਿਕਰ ਨਾ ਕਰੋ।" ਮੀਨਾ ਦੱਸਣ ਲੱਗ ਪਈ ਘਰ ਦੀਆਂ ਗੱਲਾਂ, ਜਿਨ੍ਹਾਂ ਦਾ ਹੈਰੀ ਨਾਲ ਕੋਈ ਸਬੰਧ ਨਹੀਂ ਸੀ ਤੇ ਉਹ ਸੁਣਨਾ ਵੀ ਨਹੀਂ ਚਾਹੁੰਦਾ ਸੀ ਤੇ ਇਹੋ ਕਹਿ ਰਿਹਾ ਸੀ ਕਿ ਐਸੀਆਂ ਛੋਟੀਆਂ ਗੱਲਾਂ ਨੂੰ ਭੁੱਲ ਜਾਵੋ ਤੇ ਆਪਣੇ ਮੁੰਡੇ ਦਾ ਸੋਚੋ, ਉਸ ਦੀ ਮਾਨਸਿਕਤਾ ਬਾਰੇ ਸੋਚੋ। ਗੱਲਾਂ ਕਰ ਹੀ ਰਹੇ ਸਨ ਕਿ ਸ਼ਾਮ ਸਿੰਘ ਵੀ ਉੱਥੇ ਆ ਗਿਆ। ਉਸ ਨੂੰ ਵੇਖ ਕੇ ਉਸ ਦੀ ਘਰਵਾਲੀ ਬਹੁਤ ਅਪਸੈੱਟ ਹੋਈ। ਉਸ ਦੇ ਭਰਵੱਟਿਆਂ ਨੇ ਸ਼ਿਕਵਾ ਕੀਤਾ ਕਿ ਹੈਰੀ ਪਾਸਕੂ ਕਰ ਰਿਹਾ ਹੈ। ਉਸ ਦਾ ਇਤਬਾਰ ਤੋੜਿਆ ਹੈ। ਹੈਰੀ ਨੂੰ ਵੀ ਪਹਿਲੀ ਵਾਰ ਅਹਿਸਾਸ ਹੋਇਆ ਕਿ ਇਹ ਇਨਸਾਨ ਉਹ ਨਹੀਂ ਹੈ ਜੋ ਉਹ ਸਮਝ ਦਾ ਹੈ। ਸ਼ਾਇਦ ਉਹ ਸ਼ਾਮ ਸਿੰਘ ਦੀ ਘੋਰ ਨਿਰਾਸ਼ਾ ਨੂੰ ਸਮਝਣ ਤੋਂ ਅਸਮਰਥ ਰਹਿ ਗਿਆ।

ਉਹਦੇ ਆਉਣ ਨਾਲ ਬੇਰੁਖ਼ੀ ਪੈਦਾ ਹੋ ਗਈ ਤੇ ਇਹੋ ਹੀ ਫ਼ੈਸਲਾ ਹੋਇਆ ਕਿ ਉਹ ਇੱਕ ਵਾਰ ਇਕੱਲੇ ਹੈਰੀ ਦੇ ਘਰ ਮਿਲ ਲੈਣ। ਇਸ ਦੀ ਸਹਿਮਤੀ ਦੋਵਾਂ ਨੇ ਦੇ ਦਿੱਤੀ ਤੇ ਸ਼ੁੱਕਰਵਾਰ ਦਾ ਦਿਨ ਤੇ ਸਮਾਂ ਨਿਸ਼ਚਿਤ ਹੋ ਗਿਆ।

ਅਗਲੇ ਦਿਨ ਸ਼ਾਮ ਸਿੰਘ ਬਹੁਤ ਖ਼ੁਸ਼ ਸੀ। ਉਸ ਨੂੰ ਲੱਗਦਾ ਸੀ ਕਿ ਉਹ ਆਪਣੀ ਪਤਨੀ ਨੂੰ ਮਿਲਣ ਜਾ ਰਿਹਾ ਹੈ, ਅੱਜ ਉਸ ਦਾ ਮਿਲਾਪ ਹੋਵੇਗਾ। ਉਸ ਨੇ, ਪਤਨੀ ਦੇ ਆਉਣ ਤੋਂ ਪਹਿਲਾਂ ਡੋਡਿਆਂ ਦਾ ਫੱਕਾ ਵੀ ਮਾਰ ਲਿਆ। ਸੋਫ਼ੇ ਦੇ ਪਿੱਛੇ ਮੈਟਰਸ ਵੀ ਡਾਹ ਲਈ। ਸਿਰਹਾਣਾ ਵੀ ਰੱਖ ਲਿਆ ਤੇ ਤਹਿ ਕੀਤਾ ਕੰਬਲ ਵੀ। ਉਹ ਆ ਗਈ ਤੇ ਹੈਰੀ ਪੰਜ ਕੁ ਮਿੰਟ ਬੈਠਕੇ ਘਰੋਂ ਚਲੇ ਗਿਆ। ਇੱਕ ਘੰਟੇ ਬਾਦ ਹੈਰੀ ਘਰ ਵਾਪਸ ਆ ਗਿਆ। ਵਾਪਸੀ ਤੇ ਉਸ ਨੇ ਮਹਿਸੂਸ ਕੀਤਾ ਕਿ ਗੱਲ ਨਹੀਂ ਬਣੀ। ਕੰਬਲ ਦੀ ਤਹਿ ਉਸੇ ਤਰਾਂ ਵੱਜੀ ਹੋਈ ਸੀ। ਦੋਵੇਂ ਹੀ ਤਨਾਅ ਵਿਚ ਸਨ ਤੇ ਪਤਨੀ ਬਿਫਰੀ ਹੋਈ ਸੀ। ਹੈਰੀ ਦੇ ਆਉਂਦਿਆਂ ਹੀ ਪਤਨੀ ਜਾਣ ਲਈ ਉੱਠ ਪਈ। ਜਾਣ ਲੱਗੀ ਨੇ ਕਿਸੇ ਨੂੰ ਵੀ ਨਹੀਂ ਬੁਲਾਇਆ ਤੇ ਦਰਵਾਜਿਉਂ ਬਾਹਰ ਹੋ ਗਈ।

ਦੋਵੇਂ ਚੁੱਪਚਾਪ ਬੈਠੇ ਹੋਏ ਸਨ ਤਾਂ ਸ਼ਾਮ ਸਿੰਘ ਬੋਲਿਆ, "ਭਾਅ ਜੀ, ਇਸ ਦਾ ਕੋਈ ਕਸੂਰ ਨਹੀਂ, ਸਾਰਾ ਕਸੂਰ ਇਸ ਦੇ ਪਿਉ ਦਾ ਹੈ,ਉਹ ਹੀ ਗੱਲ ਨੂੰ ਕਿਸੇ ਬੰਨੇ ਕੰਢੇ ਨਹੀਂ

ਲੱਗਣ ਦਿੰਦਾ।" ਉਦੋਂ ਤਾਂ ਹੈਰੀ ਦੇ ਪਿੜ ਪੱਲੇ ਕੁੱਝ ਨਹੀਂ ਪਿਆ ਪਰ ਬਾਦ ਵਿਚ ਵਿਚਲੀ ਗੱਲ ਦਾ ਪਤਾ ਲੱਗਾ।

ਉਸ ਦੀ ਕੋਰਟ-ਡੇਟ ਆਉਣ ਵਾਲੀ ਸੀ ਕਿਉਂਕਿ ਇਹ ਵਾਇਲੈਂਸ ਦਾ ਦੂਜਾ ਕੇਸ ਸੀ, ਇਸ ਵਿਚ ਸੱਟ ਵੀ ਸੀ ਸੋ ਕੋਰਟ ਵਿਚ ਜਾਣਾ ਪੈਣਾ ਸੀ ਤੇ ਉੱਥੇ ਘਰਵਾਲੀ ਦੇ ਬਿਆਨ ਵੀ ਹੋਣੇ ਸਨ। ਬਿਆਨਾਂ ਵਿਚ ਜੇ ਘਰਵਾਲੀ ਇਹ ਕਹਿ ਦਿੰਦੀ ਕਿ ਇਹ ਐਕਸੀਡੈਂਟ ਹੈ ਤਾਂ ਉਸ ਦਾ ਬਚਾਅ ਹੋ ਸਕਦਾ ਹੈ ਵਰਨਾ ਜੇਲ੍ਹ ਤਾਂ ਇੱਟ ਵਾਂਗ ਪੱਕੀ ਸੀ।

ਅਗਲੇ ਦਿਨ ਮੀਨਾ ਦਾ ਹੈਰੀ ਨੂੰ ਫ਼ੋਨ ਆਇਆ ਉਸ ਦੀ ਗੱਲਬਾਤ ਤੋਂ ਲੱਗਦਾ ਸੀ ਕਿ ਉਹ ਸੁਲ੍ਹਾ ਦੇ ਰੌਂਅ ਵਿਚ ਹੈ। ਉਹ ਚਾਹੁੰਦੀ ਸੀ ਕਿ ਹੈਰੀ ਉਸ ਦੇ ਬਾਪ ਨੂੰ ਮਿਲੇ। ਇਹੋ ਤੇ ਹੈਰੀ ਚਾਹੁੰਦਾ ਸੀ,ਸ਼ਾਇਦ ਇਹ ਮੀਟਿੰਗ ਹੀ ਉਸ ਦੀ ਰਿਪੋਰਟ ਦਾ ਆਧਾਰ ਬਣ ਜਾਵੇ, ਉਸ ਨੇ ਫ਼ੌਰਨ ਹਾਂ ਕਰ ਦਿੱਤੀ। ਆਉਂਦੇ ਸ਼ਨੀਵਾਰ ਦਾ ਪਰੋਗਰਾਮ ਬਣ ਗਿਆ।

ਹੈਰੀ ਨੇ ਫ਼ੋਨ ਤੇ ਮਿੱਠੀ ਨੂੰ ਤਿਆਰ ਰਹਿਣ ਲਈ ਕਿਹਾ। ਸ਼ਨੀਵਾਰ ਹੈਰੀ ਤੇ ਮਿੱਠੀ, ਦੋਵੇਂ ਮੀਨਾ ਦੇ ਘਰ ਚਲੇ ਗਏ। ਇਹ ਉਨ੍ਹਾਂ ਦੀ ਔਫੀਸ਼ਲ ਫੇਰੀ ਸੀ। ਹਰ ਗੱਲ ਰਿਕਾਰਡ ਹੋਵੇ, ਇਸ ਦੀ ਇਜਾਜ਼ਤ ਹੈਰੀ ਨੇ ਸਿਨੀਅਰਜ਼ ਕੋਲੋਂ ਲੈ ਲਈ ਸੀ। ਇਸ ਰਿਕਾਰਡਿੰਗ ਨੂੰ ਰਿਪੋਰਟ ਤੋਂ ਬਗੈਰ ਹੋਰ ਕਿਤੇ ਵੀ ਇਸਤੇਮਾਲ ਨਹੀਂ ਕੀਤਾ ਜਾ ਸਕਦਾ ਸੀ,ਕੋਰਟ ਵਿੱਚ ਵੀ ਨਹੀਂ।

ਮੀਨਾ ਨੇ ਦਰਵਾਜ਼ਾ ਖੋਲਿਆ ਤੇ ਉਨ੍ਹਾਂ ਦਾ ਗਰਮ-ਜੋਸ਼ੀ ਨਾਲ ਸੁਆਗਤ ਹੋਇਆ। ਉਨ੍ਹਾਂ ਦੇ ਜਾਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਉਚੇਚ ਨਾਲ ਲੰਚ ਤਿਆਰ ਕੀਤਾ ਹੋਇਆ ਸੀ ਲੰਚ ਵੀ ਐਸਾ, ਜਿਹੋ ਜਿਹਾ ਕਿਸੇ ਵਧੀਆ ਮਹਿਮਾਨ ਨੂੰ ਖਵਾਈਦਾ ਹੈ। ਉਹ ਉੱਥੇ ਦੋ ਘੰਟੇ ਰਹੇ। ਇੱਕ ਘੰਟੇ ਤੱਕ ਤਾਂ ਉਹ ਸ਼ਿਕਾਇਤਾਂ ਹੀ ਕਰਦੇ ਰਹੇ। ਅਸਲ ਗੱਲ ਵੱਲ ਆਉਣ ਲਈ ਉਹ ਜ਼ਮੀਨ ਤਿਆਰ ਕਰ ਰਹੇ ਸਨ। ਹੌਲੀ ਹੌਲੀ ਹੈਰੀ ਤੇ ਮਿੱਠੀ ਨੂੰ ਵੀ ਉਹ ਜ਼ਮੀਨ ਦਿਸਣ ਲੱਗ ਪਈ।

"ਵੇਖੋ ਜੀ ਜਿਨ੍ਹਾਂ ਕੁੜੀ ਹੀ ਦੇ ਦਿੱਤੀ, ਉਨ੍ਹਾਂ ਨੇ ਹੋਰ ਪਿੱਛੇ ਕੀ ਰੱਖ ਲਿਆ,ਅਸੀਂ ਤੇ ਉਸ ਘੜੀ ਨੂੰ ਪਛਤਾਉਂਦੇ ਹਾਂ ਜਦੋਂ ਇਹ ਵਿਆਹ ਹੋਇਆ। ਸਾਨੂੰ ਇਹ ਕੋਈ ਦੁਪਿਆਰਾ ਤੇ ਨਹੀਂ ਸਾਡਾ ਜੁਆਈ ਹੈ, ਅਸੀਂ ਵੀ ਚਾਹੁੰਦੇ ਹਾਂ ਸਾਡੀ ਕੁੜੀ ਸੁਖੀ ਵੱਸੇ। ਸਾਡੇ ਸਿਵਾਏ ਸਾਡੀ ਕੁੜੀ ਦਾ ਇੱਥੇ ਹੋਰ ਹੈ ਵੀ ਕੌਣ। ਅਸੀਂ ਕਿਹੜਾ ਸਾਰੀ ਉਮਰ ਬੈਠੇ ਰਹਿੰਣਾ ਹੈ ? ਸਾਡੇ ਬਾਦ ਕੁੜੀ ਇਕੱਲੀ ਨਾ ਰਹਿ ਜਾਵੇ, ਇਸ ਦਾ ਕੀ ਭਰੋਸਾ ?"

"ਫਿਰ ਤੁਸੀਂ ਕੀ ਚਾਹੁੰਦੇ ਹੋ। ਤੁਸੀਂ ਮੇਰੇ ਤੇ ਹੀ ਇਤਬਾਰ ਕਰੋ, ਇਹ ਮੇਰੀ ਭੈਣਾਂ ਵਰਗੀ ਹੈ।" ਹੈਰੀ ਨੇ ਕਿਹਾ।

"ਨਹੀਂ ਜੀ, ਹਰ ਕੋਈ ਆਪੋ ਆਪਣੀ ਜ਼ਿੰਦਗੀ ਵਿਚ ਰੁੱਝ ਜਾਂਦਾ ਹੈ, ਤੁਸੀਂ ਵਧੀਆ ਇਨਸਾਨ ਹੋ ਪਰ ਅਸੀਂ ਚਾਹੁੰਦੇ ਹਾਂ ਕਿ ਇਸ ਦਾ ਭਰਾ, ਕੈਨੇਡਾ ਆ ਜਾਵੇ ਤੇ ਇਸ ਦੀ ਰਾਖੀ ਕਰੇ ਤੇ ਅਸੀਂ ਵੀ ਨਿਸ਼ਚਿੰਤ ਹੋ ਜਾਈਏ। ਇਸ ਨੂੰ ਕਿਤਨੀ ਵਾਰ ਕਿਹਾ ਹੈ ਕਿ ਆਪਣੀ ਭੂਆ ਦੀ ਕੁੜੀ ਨਾਲ ਉਸ ਦਾ ਰਿਸ਼ਤਾ ਕਰਵਾ ਦੇਵੇ ਪਰ ਇਹ ਪੈਰਾਂ ਤੇ ਪਾਣੀ ਹੀ ਨਹੀਂ ਪੈਣ ਦਿੰਦਾ। ਸ਼ਰਾਬ ਪੀ ਕੇ ਹਾਂ ਕਰ ਦੇਵੇਗਾ ਤੇ ਸਵੇਰੇ ਫਿਰ ਮੁੱਕਰ ਜਾਵੇਗਾ, ਬੱਸ ਜੀ ਇਸ ਦੀ ਸ਼ਰਾਬ ਬਹੁਤ ਮਾੜੀ ਹੈ, ਕੁੜੀ ਨੂੰ ਤੇ ਜਾਨ ਦਾ ਖ਼ਤਰਾ ਹੈ ਤੇ ਜੇ ਸਾਡਾ ਮੁੰਡਾ ਇੱਥੇ ਆ ਜਾਵੇ ਸਾਡੀ ਕੁੜੀ ਦਾ

ਵੀ ਕੋਈ ਹੋਵੇ ਤਾਂ ਅਸੀਂ ਨਿਸ਼ਚਿੰਤ ਹੋ ਜਾਵਾਂਗੇ। ਤੁਸੀਂ ਗੱਲ ਕਰ ਕੇ ਵੇਖਿਓ, ਬਿਆਨ ਹੋਣ ਤੋਂ ਪਹਿਲਾਂ ਹੀ ਸੁਲਾਹ ਹੋ ਜਾਵੇ ਤਾਂ ਚੰਗਾ ਹੈ ਨਹੀਂ ਤਾਂ ਇਹ ਘਰ ਤਾਂ ਉੱਜੜਿਆ ਹੀ ਸਮਝੋ।"

ਹੈਰੀ ਤੇ ਮਿੱਠੀ ਅਖੀਰਲੀ ਗੱਲ ਵਿਚ ਛੁਪਿਆ ਹੋਇਆ ਸੁਨੇਹਾ ਸਮਝ ਗਏ ਤੇ ਮੁੜ ਆਏ।

"ਤਾਂ ਅਸਲ ਗੱਲ ਇਹ ਹੈ।"ਮਿੱਠੀ ਨੇ ਪੁੱਛਿਆ।

"ਮੈਨੂੰ ਤੇ ਸਵੀਟੀ ਦੀ ਫਾਰਵਰਡਿੰਗ ਲੈਟਰ ਤੋਂ ਹੀ ਪਤਾ ਲੱਗ ਗਿਆ ਸੀ ਪਰ ਹੁਣ ਤੇ ਸਬੂਤ ਹੈ। ਤੂੰ ਇੱਦਾਂ ਕਰ ਮਿੱਠੀ, ਇਸ ਰਿਕਾਰਡਿੰਗ ਦੀ ਟਰਾਂਸ-ਕਰਿਪਟ ਬਣਾ ਤੇ ਰਿਪੋਰਟ ਨੂੰ ਫਾਈਨਲ ਕਰ ਕੇ ਜਬ ਮੁਕਾਈਏ।"

"ਹੈਰੀ ਕੀ ਤੂੰ ਰੋਬੋਟ ਹੈਂ ? ਸ਼ਾਮ ਸਿੰਘ ਤੇਰਾ ਕੁੱਝ ਨਹੀਂ ਲੱਗਦਾ ਹੁਣ ? ਪੁਲੀਸ ਦੀ ਨੌਕਰੀ ਨੇ ਤੈਨੂੰ ਇਤਨਾ ਪੱਥਰ ਬਣਾ ਦਿੱਤਾ ਹੈ ? ਕੀ ਤੇਰੇ ਲਈ ਰਿਪੋਰਟ ਹੀ ਸਭ ਕੁੱਝ ਹੈ ? ਕੀ ਤੇਰੀ ਤਰੱਕੀ ਦਾ ਇਹੋ ਰਾਜ ਹੈ ? ਲਾਹਨਤ ਹੈ ਤੇਰੇ ਤੇ ?"

"ਭਾਵੁਕ ਨਾਂ ਹੋ, ਮਿੱਠੀ, ਮੇਰਾ ਇਹ ਮਤਲਬ ਨਹੀਂ ਸੀ।"

"ਸਭ ਸਮਝ ਦੀ ਹਾਂ ਤੇਰਾ ਮਤਲਬ, ਤੂੰ ਆਪਣਾ ਉੱਲੂ ਸਿਧਾ ਕਰਨਾ ਹੀ ਜਾਣਦਾ ਹੈਂ। ਸ਼ੁਕਰ ਹੈ ਤੂੰ ਮੇਰਾ ਕੁੱਝ ਨਹੀਂ ਲੱਗਦਾ।"

"ਬਹੁਤਾ ਨਾ ਬੋਲ, ਤੂੰ ਬੱਸ ਉਹ ਕਰ ਜੋ ਮੈ ਤੈਨੂੰ ਕਿਹਾ ਹੈ।" ਹੈਰੀ ਨੇ ਕਿਹਾ।

ਮਿੱਠੀ ਨੇ ਚਾਬੀਆਂ ਚੁੱਕੀਆਂ ਤੇ ਚਲੇ ਗਈ। ਉਸ ਦੇ ਜਾਣ ਤੋਂ ਬਾਦ ਹੈਰੀ ਕਿਤਨਾ ਚਿਰ ਪਤਾ ਨਹੀਂ ਕੀ ਸੋਚਦਾ ਰਿਹਾ।

ਇਨ੍ਹਾਂ ਹੀ ਦਿਨਾਂ ਵਿਚ ਮੁੰਡੇ ਲਈ ਵਿਜ਼ਟਿੰਗ ਆਵਰਜ਼ ਸੈੱਟ ਹੋ ਗਏ ਸਨ, ਹਫ਼ਤੇ ਵਿਚ ਦੋ ਵਾਰ ਤੇ ਮੁੰਡੇ ਦੀ ਅਦਲਾ ਬਦਲੀ ਹੈਰੀ ਦੇ ਘਰ ਹੀ ਹੁੰਦੀ। ਕਾਰ ਪਤਨੀ ਕੋਲ ਹੀ ਸੀ, ਸ਼ਾਮ ਸਿੰਘ ਨੇ ਕਦੇ ਕਾਰ ਦੀ ਮੰਗ ਵੀ ਨਹੀਂ ਕੀਤੀ ਸੀ। ਹਰ ਵਾਰ ਉਸ ਦੀ ਪਤਨੀ ਦੀਆਂ ਅੱਖਾਂ ਵਿਚ ਇੱਕ ਸੁਆਲ ਹੁੰਦਾ ਜਿਸ ਦਾ ਹੈਰੀ ਕੋਲ ਕੋਈ ਉੱਤਰ ਨਹੀਂ ਸੀ। ਸ਼ਾਮ ਸਿੰਘ ਉਦਾਸ ਰਹਿਣ ਲੱਗ ਪਿਆ ਤੇ ਉਹ ਪਤਾ ਨਹੀਂ ਕੀ ਸੋਚ ਰਿਹਾ ਸੀ। ਇੱਕ ਰਾਤ ਹੈਰੀ ਨੂੰ ਉਸ ਦਾ ਫ਼ੋਨ ਆਇਆ,ਸ਼ਰਾਬੀ ਹਾਲਤ ਵਿਚ ਸੀ, ਜਲਦ ਹੀ ਉਸ ਦੇ ਦਿਲ ਦੀ ਗੱਲ ਸਾਹਮਣੇ ਆ ਗਈ, ਉਹ ਕਹਿ ਰਿਹਾ ਸੀ ਕਿ ਉਹ ਸੁਲਾਹ ਨਹੀਂ ਕਰਵਾ ਰਿਹਾ ਸਗੋਂ ਹੋਰ ਵੀ ਦੁਫੇੜ ਪਾ ਰਿਹਾ ਹੈ, ਤੇ ਕਾਰਨ ਇਹ ਹੈ ਕਿ ਉਹ ਉਸ ਤੇ ਮਾੜੀ ਨਜ਼ਰ ਰੱਖਦਾ ਹੈਂ।

ਬੁੱਤ ਚਕਨਾਚੂਰ ਹੋ ਕੇ ਰੇਤ ਵਾਂਗ ਢਹਿ ਢੇਰੀ ਹੋ ਗਿਆ ਤੇ ਹੈਰੀ ਨੇ ਇਤਨਾ ਹੀ ਕਿਹਾ ਕਿ ਅੱਗੇ ਤੋਂ ਉਸ ਨੂੰ ਨਾ ਮਿਲੇ ਨਾਂ ਫ਼ੋਨ ਕਰੇ। ਜਿਹੜਾ ਕੰਮ ਆਪ ਕਿਸੇ ਬਹਾਨੇ ਕਰਨਾ ਚਾਹੁੰਦਾ ਸੀ ਉਹ ਆਪ ਹੀ ਹੋ ਗਿਆ। ਹੈਰੀ ਨੇ ਰਿਪੋਰਟ ਬਣਾ ਕੇ ਭੇਜ ਦਿੱਤੀ।

ਦੋ ਮਹੀਨੇ ਬਾਦ, ਹੈਰੀ ਨੂੰ ਪਤਾ ਲੱਗਾ ਕਿ ਉਨ੍ਹਾਂ ਦੀ ਸੁਲ੍ਹਾ ਹੋ ਗਈ ਹੈ, ਕਿਵੇਂ ਹੋਈ, ਨਹੀਂ ਪਤਾ ਪਰ ਜਲਦੀ ਹੀ ਪਤਾ ਲੱਗਾ ਕਿ ਫਿਰ ਵੱਖ ਹੋ ਗਏ ਹਨ।

ਦੋ ਸਾਲ ਬੀਤ ਗਏ। ਇਸ ਦੌਰਾਨ ਉਹ ਹੈਰੀ ਨੂੰ ਇੱਕ ਵਾਰ ਵੰਡਰਲੈਂਡ ਵੀ ਮਿਲਿਆ। ਟਰੱਕ ਚਲਾਉਂਦਾ ਸੀ ਤੇ ਛੜਿਆਂ ਨਾਲ ਹੀ ਰਹਿੰਦਾ ਸੀ। ਦਾਰੂ ਵੀ ਵਧ ਚੁੱਕੀ ਸੀ। ਮੀਨਾ ਵੀ ਇੱਕ ਵਾਰ ਹੈਰੀ ਨੂੰ ਵਾਲਮਾਰਟ ਮਿਲੀ। ਓਪਰਿਆਂ ਵਾਂਗ ਮਿਲੀ ਤੇ ਨਹੀਂ ਪਤਾ ਲੱਗਾ ਕਿ ਉਸ ਨੇ ਹੋਰ ਵਿਆਹ ਕਰਵਾ ਲਿਆ ਹੈ ਕਿ ਨਹੀਂ।

ਇੱਕ ਦਿਨ ਹੈਰੀ ਮਾਲਟਨ ਦੇ ਪੁਲੀਸ ਸਟੇਸ਼ਨ ਗਿਆ ਤੇ ਅਚਾਨਕ ਉਸ ਨੇ ਸ਼ਾਮ ਸਿੰਘ ਬਾਰੇ ਪੁੱਛ ਲਿਆ।

"ਲੈ ਤੈਨੂੰ ਪਤਾ ਨਹੀਂ ਲੱਗਾ?"

"ਕਾਹਦਾ?"

"ਉਹ ਤੇ ਪਿਛਲੇ ਸਾਲ ਕਰਿਸਮਿਸ ਤੋਂ ਇੱਕ ਦਿਨ ਪਹਿਲਾਂ ਮਰ ਗਿਆ ਸੀ।"

"ਉਹ ਮਾਈ ਗੌਡ, ਕੀ ਹੋਇਆ?"

"ਹੋਣਾ ਕੀ ਸੀ, ਬੱਸ ਤਿੰਨ ਦਿਨ ਸ਼ਰਾਬ ਪੀਂਦਾ ਰਿਹਾ ਤੇ ਬੱਸ ਸੁੱਤਾ ਹੀ ਨਹੀਂ ਉੱਠਿਆ।"

ਹੈਰੀ ਡਾਢੀ ਉਦਾਸੀ ਵਿੱਚ ਸੀ ਜਦੋਂ ਉਸ ਨੂੰ ਮਿੱਠੀ ਮਿਲੀ ਤੇ ਉਹ ਝੱਟ ਤਾੜ ਗਈ ਕਿ ਜ਼ਰੂਰ ਕੋਈ ਗੱਲ ਹੈ।

"ਕਿਉਂ ਕੀ ਹੋਇਆ?" ਉਸ ਨੇ ਆਪਣਾ ਫ਼ੋਨ ਕੌਫੀ ਟੇਬਲ ਤੇ ਰੱਖ ਕੇ ਪੁੱਛਿਆ। ਹੈਰੀ ਦੀਆਂ ਅੱਖਾਂ ਭਰ ਆਈਆਂ।

"ਨਾ ਹੋਇਆ ਕੀ?"

'ਸ਼ਾਮ ਸਿੰਘ ਮਰ ਗਿਆ।'

"ਹਾਏ ਹਾਏ ਕਦੋਂ?"

"ਸਾਲ ਹੋ ਗਿਆ, ਮੈਨੂੰ ਤੇ ਪਤਾ ਹੀ ਅੱਜ ਲੱਗਿਆ।"

"ਵਿਚਾਰੇ ਨੇ ਮਰਨਾ ਹੀ ਸੀ।" ਉਸ ਨੇ ਇੰਜ ਕਿਹਾ ਜਿਵੇਂ ਉਸ ਨੂੰ ਪਹਿਲੋਂ ਹੀ ਪਤਾ ਹੋਵੇ।"

***


*ਤ੍ਰੈਮਾਸਿਕ 'ਪ੍ਰਵਚਨ' ਪਿਛਲੇ 22 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ ਅਤੇ ਇਸ ਨੂੰ ਚੱਲਦਾ ਰੱਖਣ ਵਿਚ ਹਰ ਤਰ੍ਹਾਂ ਦੀ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1500 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

**KULWANT SINGH**

Ac. no. 07141000085751 IFSC PSIB0000714

PUNJAB & SINDH BANK

Defence Colony, Jalandhar

# ਕਈ ਰੰਗਾਂ ਵਿਚ ਰੰਗਿਆ ਚਾਚਾ ਜਗੀਰਾ

*ਅਵਤਾਰ ਸਿੰਘ ਬਿਲਿੰਗ*

ਜਗੀਰਾ ਸਾਡਾ ਗੁਆਂਢੀ ਸੀ। ਪੇਂਡੂ ਭਾਈਚਾਰੇ ਵਜੋਂ ਅਸੀਂ ਉਸ ਨੂੰ ਚਾਚਾ ਆਖਦੇ। ਤਿੱਖੇ ਨੈਣ ਨਕਸ਼। ਗੋਰਾ ਨਿਛੋਹ ਚਿਹਰਾ। ਸਡੌਲ ਸਰੀਰ ਨਾਲ ਉਹ ਕੋਈ ਭਲਵਾਨ ਜਾਪਦਾ। ਸੱਤਰਵਿਆਂ ਦੇ ਅਖੀਰ ਵਿਚ ਜਦੋਂ ਕਣਕ ਦਾ ਝਾੜ ਦੁੱਗਣਾ ਤਿੱਗਣਾ ਵਧ ਗਿਆ ਤਾਂ ਜਗੀਰੇ ਹੋਰਾਂ ਗਧੇ ਛੱਡ ਕੇ ਖੱਚਰ ਰੇਹੜੇ ਖਰੀਦ ਲਏ।ਖੰਨਾ ਮੰਡੀ ਲਈ ਟੰਨਾਂ ਦੇ ਟੰਨ ਕਣਕ ਢੋਂਹਦਾ ਉਹ ਇਕ ਕਵਿੰਟਲ ਦੀ ਬੋਰੀ ਨੂੰ ਗੇਂਦ ਵਾਂਗ ਵਗਾਹ ਕੇ ਮਾਰਦਾ। ਫਿਰਨੀ ਵੱਲੋਂ ਜਾਂਦਿਆਂ ਨੂੰ ਉਸ ਦਾ ਘਰ ਸਾਥੋਂ ਪਹਿਲਾਂ ਆਉਂਦਾ। ਰਾਹ ਦੇ ਨਾਲ ਲੱਗਦਾ ਵਿਹੜਾ। ਚੀਰੂਆਂ ਦੀ ਕੰਧੋਲੀ ਉਹਲੇ ਆਰਜ਼ੀ ਆਵਾ। ਇਸ ਆਵੀ ਨੂੰ ਉਹ ਸਾਲ ਵਿਚ ਦੋ ਵਾਰ ਅੱਗ ਦਿੰਦਾ ਤਾਂ ਫੂਸ ਕੂੜੇ ਦੇ ਸੁਲਘਣ ਨਾਲ ਸਾਰਾ ਮੁਹੱਲਾ ਧੂੰਆਂਧਾਰ ਹੋ ਜਾਂਦਾ। ਮੁੱਢ ਕਦੀਮੀ ਸਾਂਝਾ ਆਵਾ ਉਸ ਦੀ ਬਰਾਦਰੀ ਨੇ ਕਦੋਂ ਦਾ ਵੇਚ ਵੱਟ ਲਿਆ ਸੀ। ਘੁਮਾਰਾਂ ਲਈ ਛੱਡਿਆ ਖ਼ਾਸ ਚੀਕਨੀ ਮਿੱਟੀ ਵਾਲਾ ਅੱਧੇ ਏਕੜ ਦਾ ਵਿਹਲਾ ਪਿਆ 'ਜੰਡਿਆਲਾ ਟੋਭਾ' ਆਲੇ ਦੁਆਲੇ ਦੇ ਕਿਸਾਨਾਂ ਨੇ ਇਕ ਦੂਜੇ ਦੇ 'ਕੰਨਾਂ ਵਾਟੀ ਕੁਰ-ਰ' ਕਰਦਿਆਂ ਆਪੋ ਆਪਣੇ ਖੇਤਾਂ ਵਿਚ ਰਲਾ-ਮਿਲਾ ਲਿਆ ਸੀ। ਮਿੱਟੀ ਦੇ ਭਾਂਡੇ ਪੱਥਣਾ ਹੁਣ ਮੁੱਖ ਕਿੱਤਾ ਨਹੀਂ ਸੀ ਰਿਹਾ। ਲਗਪਗ ਸਾਰੇ ਪਰਜਾਪਤ ਭਾਈਚਾਰੇ ਨੇ 'ਪਸੂ' ਰੱਖਣੇ ਛੱਡ ਦਿੱਤੇ ਸਨ। ਕਈ ਹੋਰਾਂ ਨੇ ਵੀ ਖੱਚਰ ਰੇਹੜੇ ਖਰੀਦ ਕੇ ਭੱਠੇ ਉੱਤੇ ਲਾ ਦਿੱਤੇ। ਨਵੇਂ ਮੁੰਡਿਆਂ ਨੂੰ ਗਧਿਆਂ ਨਾਲ 'ਕੁਰੂ-ਕੁਰੂ' ਕਰਨ ਤੋਂ ਹੁਣ ਨਫ਼ਰਤ ਸੀ। ਉਹਨਾਂ ਵਿਚੋਂ ਕੋਈ ਟੇਲਰ ਬਣ ਗਿਆ, ਕੋਈ ਦੁਕਾਨਦਾਰ; ਕੋਈ ਲੁਧਿਆਣੇ ਹੌਜ਼ਰੀ ਵਿਚ ਜਾ ਲੱਗਿਆ। ਕੋਈ ਰੇਹੜੇ ਉੱਤੇ ਪਿੰਡ ਪਿੰਡ ਘੁੰਮਦਾ ਸਬਜ਼ੀ ਵੇਚਦਾ। ਜਗੀਰੇ ਦੀ ਉਪਜੀਵਕਾ ਵੀ ਉਸ ਦਾ ਖੱਚਰ ਰੇਹੜਾ ਸੀ ਜਿਸ ਨਾਲ ਹਾੜ੍ਹੀ ਸਾਉਣੀ ਉਹ ਭਾੜਾ ਢੋਂਹਦਾ। ਬਰਸਾਤ ਦੇ ਦੋ ਮਹੀਨਿਆਂ ਨੂੰ ਛੱਡ ਕੇ ਸਾਰਾ ਸਾਲ ਭੱਠੇ ਉੱਤੇ ਕੱਚੀਆਂ ਪੱਕੀਆਂ ਇੱਟਾਂ ਦੀ ਭਰਵਾਈ ਕਰਦਾ। ਮੁਰਗਾ ਬੋਲਦੇ ਸਾਰ ਉਸ ਦਾ ਖੱਚਰ ਰੇਹੜਾ ਘੁੰਗਰੂ ਛਣਕਾਉਂਦਾ ਘਰੋਂ ਨਿਕਲਦਾ, ਪਿੰਡ ਦੀ ਫਿਰਨੀ ਪੈਂਦਾ, ਸੂਏ ਦੀ ਸੜਕ ਚੜ੍ਹਨ ਤੱਕ ਸਾਨੂੰ ਸੁੱਤਿਆਂ ਨੂੰ ਝੁਣਝੁਣਾਉਂਦਾ; ਦਿਨ ਚੜ੍ਹਨ ਦਾ ਸੁਨੇਹਾ ਦਿੰਦਾ। ਕੂਲੇ ਦੁਪਹਿਰੇ ਉਹ ਵਾਪਸ ਵਾਗਲੇ ਵਿਚ ਆ ਵੜਦਾ। ਖੱਚਰ ਨੂੰ ਜੌਂ ਛੋਲਿਆਂ ਦਾ 'ਪਾਣਾ' ਪਿਲਾਉਂਦਾ। ਸ਼ਾਮਲਾਤ ਵਿਚ ਚੁਗਣ ਲਈ ਛੱਡ ਦਿੰਦਾ। ਆਪ ਰੋਟੀ ਪਾਣੀ ਛਕਦਾ। ਸਿਗਰਟ-ਬੀੜੀ ਸੁਲਘਾਉਂਦਾ। ਹਰੇ ਕਚੂਰ ਬ੍ਰਿਛਾਂ ਹੇਠ ਮੰਜੀ ਡਾਹੁੰਦਾ, ਸੌਂ ਜਾਂਦਾ। ਕਦੇ ਕਦਾਈ ਉਹ ਸ਼ੌਕੀਆ ਤੌਰ ਉੱਤੇ ਆਪਣੇ ਬਾਈ ਸਿਆਮੇ ਵਾਲਾ ਪੰਜ ਸੇਰ ਭਾਰਾ ਹੁੱਕਾ ਭਰਦਾ। ਸ਼ੁ਼ਗਲ ਕਰਦਾ।ਮਿੱਤਰ ਮੇਲੀਆਂ ਵਿਚਕਾਰ ਬੈਠਾ ਕੋਈ ਚੌਧਰੀ ਜਾਪਦਾ।

ਬਰਸਾਤ ਲੰਘਦੀ। ਉਹ ਪੜਛੱਤੀ ਉੱਤੇ ਸੰਭਾਲ ਕੇ ਰੱਖੇ ਸਰਹੰਦੀ ਮਿੱਟੀ ਦੇ ਪੱਥਨਿਆਂ ਨੂੰ ਭੰਨ-ਸੁਆਰ ਕੇ ਘਾਣੀ ਬਣਾਉਂਦਾ। ਕਈ ਵਾਰੀ ਮਿੱਧਦਾ, ਗੁੰਨ੍ਹਦਾ, ਪਿੰਨੇ ਬਣਾਉਂਦਾ; ਕੁੰਭਲ ਵਿਚ ਰੱਖੀ ਜਾਂਦਾ। ਤੜਕੇ ਉੱਠ ਕੇ ਭਾਂਡੇ ਘੜਦਾ। ਹਰ ਰੋਜ਼ ਵੱਡੇ ਤੜਕੇ ਉਸ ਦੇ ਥੱਥੂਏ ਦੀ 'ਥੱਪ ਥੱਪ' ਸ਼ੁਰੂ ਹੋ ਜਾਂਦੀ। ਇਕ ਤਾਲ ਵੱਜਦੀ ਟੁਣਕਵੀਂ ਥੱਪ -ਥੱਪ ਨਾਲ ਸੌਣ ਵਾਲਿਆਂ ਨੂੰ ਹੋਰ ਘੂਕੀ ਚੜ੍ਹਦੀ। ਕੰਮ ਉੱਤੇ ਜਾਣ ਵਾਲੇ ਕਾਹਲੀ ਨਾਲ ਉੱਠਦੇ। ਉਹ ਲਗਾਤਾਰ ਲੱਗਿਆ ਰਹਿੰਦਾ। ਡੰਡੇ ਨਾਲ ਚੱਕ ਘੁਮਾਉਂਦਾ। ਅਨਘੜ ਭਾਂਡੇ ਲਾਹੁੰਦਾ। ਕੁਝ

ਵਕਫ਼ੇ ਬਾਅਦ ਚੱਕ ਰੁਕਦਾ। ਜਗੀਰਾ ਨੇੜੇ ਪਈ ਕੂੰਡੀ ਵਿਚ ਲੀਰ ਡਬੋਂਦਾ, ਬੇਸ਼ਕਲ ਬਰਤਨ ਉੱਤੇ ਗਾੜ੍ਹਾ ਲੇਪ ਚੜ੍ਹਾਉਂਦਾ; ਮਨਮਰਜ਼ੀ ਦੀ ਸ਼ਕਲ ਦਿੰਦਾ। ਚੂੰਗੜਿਆਂ ਤੇ ਦੀਵਿਆਂ ਨੂੰ ਚੱਕ ਉੱਤੇ ਚੜ੍ਹਾਉਣ ਦੀ ਲੋੜ ਨਹੀਂ ਸੀ। ਅਗਲੇ ਚਾਰ ਪੰਜ ਘੰਟਿਆਂ ਵਿਚ ਉਥੇ ਘੜੇ, ਝੱਕਰੇ, ਝੱਕਰੀਆਂ, ਕੁੱਜੇ ਕੁੱਜੀਆਂ ਦੀਆਂ ਕਤਾਰਾਂ ਦਿਖਾਈ ਦਿੰਦੀਆਂ। ਧੁੱਪ ਵਿਚ ਸੁੱਕਦੇ ਬਰਤਨਾਂ ਉੱਤੇ ਚਾਚੀ ਨੌਰਾਤੀ ਕੁੱਟੇ ਹੋਏ ਰੋੜਾਂ ਦੇ ਰੰਗ ਨਾਲ ਵੇਲ ਬੂਟੀਆਂ ਵਾਹੁੰਦੀ। ਇਕ ਦਿਨ ਸੁੱਕਾ ਅੰਬਰ ਵੇਖ ਕੇ ਤੀਵੀਂ ਮਾਲਕ ਆਵਾ ਪਾਉਂਦੇ। ਨੌਰਾਤੀ ਸੁੱਕੇ ਬਰਤਨ ਚੁੱਕ-ਚੁੱਕ ਫੜਾਉਂਦੀ। ਜਗੀਰਾ ਵਿੱਥ ਰੱਖ ਕੇ ਕਤਾਰਾਂ (ਥਰਾਂ) ਚਿਣਦਾ। ਪਹਿਲਾਂ ਘੜੇ, ਝੱਕਰੇ, ਤੌੜੀਆਂ। ਸਭ ਤੋਂ ਉੱਤੇ ਕੁੱਜੇ, ਕੁੱਜੀਆਂ, ਦੀਵੇ ਠੂਠੀਆਂ, ਚੱਪਣੀਆਂ ਰੱਖ ਕੇ ਉਪਰੋਂ ਸੁੱਕੇ ਗੋਹੇ, ਲਿੱਦ ਅਤੇ ਗੋਹੇ ਦੇ ਚੂਰੇ ਨਾਲ ਆਵੇ ਨੂੰ ਐਨ ਢਕ ਦਿੰਦਾ। ਇਸ ਤੋਂ ਮਗਰੋਂ ਸੌ ਸੁੱਖਾਂ ਮਨਾਉਂਦਾ, ਮੰਤਰ ਗੁਣਗੁਣਾਉਂਦਾ;

*"ਨੈਣਾਂ ਦੇਵੀ, ਮਣਸਾ ਦੇਵੀ, ਕਾਲ਼ੀ ਮਾਈ, ਚਿੰਤਪੂਰਨੀ*
*ਸੱਤੇ ਭੈਣਾਂ, ਭੇਟਾ ਕਬੂਲ ਪਾਓ, ਲੇਖੇ ਲਾਓ.."*

ਆਵੇ ਦੇ ਵਿਚਕਾਰ ਰੱਖੇ ਵੱਡੇ ਮਘੋਰੇ ਰਾਹੀਂ ਅੱਗ ਵਿਖਾਉਂਦਾ। ਕਦੇ ਵੀ ਸਾਰਾ ਆਵਾ ਸਾਬਤ ਨਾ ਨਿਕਲਦਾ। ਕਈ ਭਾਂਡੇ ਕੱਚੇ-ਪਿੱਲੇ ਰਹਿ ਜਾਂਦੇ। ਕਈਆਂ ਦੇ ਪਟਾਕੇ ਬੋਲ ਜਾਂਦੇ। ਇਕਾ ਦੁੱਕਾ ਲੋਕ ਉਸ ਦੇ ਘਰੋਂ ਆ ਕੇ ਲੋੜੀਂਦਾ ਬਰਤਨ ਲੈ ਜਾਂਦੇ। ਪਰ ਤਿੰਨ ਤਿਉਹਾਰ ਉਸ ਲਈ ਖ਼ਾਸ ਹੁੰਦੇ। ਉਹ ਕਰਵਾ ਚੌਥ ਨੂੰ ਕੁੱਜੇ-ਠੂਠੀਆਂ ਘਰ ਘਰ ਜਾ ਕੇ ਵੰਡਦਾ। ਚਾਰ ਦਿਨ ਬਾਅਦ ਝੱਕਰੀਆਂ ਦੇ ਤਿਉਹਾਰ ਮੌਕੇ ਝੱਕਰੇ -ਝੱਕਰੀਆਂ ਦੇ ਆਉਂਦਾ।ਕੁਝ ਦਿਨ ਅਟਕ ਕੇ ਦੀਵਾਲੀ ਆ ਜਾਂਦੀ ਜਦੋਂ ਉਹ ਦੀਵੇ ਵੰਡ-ਵੇਚ ਕੇ ਸਾਲ ਲਈ ਵਿਹਲਾ ਹੋ ਜਾਂਦਾ।

"ਥੋਨੂੰ ਪਰਜਾਪਤ ਕਿਉਂ ਕਹਿੰਦੇ, ਚਾਚਾ ?" ਇਕ ਵਾਰੀ ਮੈਂ ਪੁੱਛਿਆ।

"ਅਸੀਂ ਪਰਜਾ ਦੀ ਪੱਤ ਰੱਖੀ ਤੀ ਮੱਲਾ!.." ਮਿੱਠਬੋਲੜੇ ਜਗੀਰੇ ਨੇ ਆਪਣਾ ਸੁਨੱਖਾ ਚਿਹਰਾ ਉਪਰ ਚੁੱਕਿਆ। ਉਸ ਦੇ ਭਰਵੱਟਿਆਂ ਅਤੇ ਨੱਕ ਦੇ ਦੋਹੀਂ ਪਾਸੀਂ ਚਿੰਬੜੀ ਹੋਈ ਚਿੱਕਨੀ ਮਿੱਟੀ ਦੇ ਸੁੱਕ ਕੇ ਚਿੱਟੇ ਚਟਾਕ ਪੈ ਗਏ ਸਨ। ਕਤਰੀ ਹੋਈ ਦਾਹੜੀ ਵਿਚ ਵੀ ਕਿਤੇ ਕਿਤੇ ਗਾੜ੍ਹੀ ਚਿੱਕ ਦੇ ਛਿੱਟੇ ਚਮਕਦੇ। ਉਹ ਚੱਕ ਰੋਕ ਕੇ ਦੱਸਦਾ ਰਿਹਾ।

.. ਉਹਨਾਂ ਵੇਲਿਆਂ ਦੀ ਗੱਲ ਐ ਜਦ ਇੱਖ ਨਹੀਂ ਸੀ ਹੁੰਦੇ। ਪਰਜਾਪਤੀ ਬ੍ਰਹਮਾ ਨੇ ਸਾਰੇ ਲੋਕਾਂ ਨੂੰ ਦੋ ਦੋ ਪੋਰੀਆਂ ਗੰਨੇ ਦੀਆਂ ਅੱਗੇ ਬੀਜਣ ਵਾਸਤੇ ਪਤਾ ਨ੍ਹੀਂ ਕਿਥੋਂ ਲਿਆ ਕੇ ਵੰਡੀਆਂ। ਪਹਿਲੀ ਵਾਰ ਮਿਲੀਆਂ ਸ਼ਹਿਦ ਵਰਗੀਆਂ ਮਿੱਠੀਆਂ ਪੋਰੀਆਂ ਸਭ ਨੂੰ ਮਸਾਂ ਮਿਲੀਆਂ। ਲੈ ਭਾਈ, ਸਭਨਾਂ ਨੇ ਚੂਪ ਲਈਆਂ। ਕੁਛ ਦਿਨਾਂ ਪਿੱਛੋਂ ਸਾਧ ਦੇ ਰੂਪ 'ਚ ਆਏ ਦੇਵਤੇ ਨੇ ਉਹ ਵਾਪਸ ਮੰਗੀਆਂ ਤਾਂ ਸਾਰੇ ਨਿੰਮੋਝੂਣੇ ਹੋਏ ਬਾੜ 'ਚ ਫਸੀ ਗੁਟਾਰ ਵਾਗੂੰ ਝਾਕਣ। ਕਿਥੋਂ ਦਿੰਦੇ ? ਓੜਕ ਨੂੰ ਬ੍ਰਹਮਾ ਜੀ ਆ ਗੇ ਘੁਮਾਰ ਕੋਲ਼। ਲਿਆ ਬਈ ਭਗਤਾ ਸਾਡੀ ਅਮਾਨਤ। ਪਸੀਨਾ ਪਸੀਨਾ ਹੋਏ ਘੁਮਾਰ ਨੇ ਗਾੜ੍ਹੇ ਗਾਰੇ ਆਲ਼ੀ ਕੂੰਡੀ ਲਿਆ ਕੇ ਦੇਵਤੇ ਮੂਹਰੇ ਲਿਆ ਧਰੀ। ਉਹ ਭਾਂਡੇ ਪੱਥਦਾ ਉਥੇ ਈ ਕਿਤੇ ਰੱਖ ਕੇ ਭੁੱਲ ਗਿਆ ਸੀ। ਲੈ ਬਈ ਮੱਲਾ, ਪੋਰੀ ਦੀਆਂ ਗੱਠਾਂ ਵਿਚੋਂ ਲਹਿਲਹਾਉਂਦੇ ਹਰੇ ਕਚੂਰ ਪੋਗੇ ਫੁੱਟੇ ਹੋਏ। ਓਸ ਟੈਮ ਬ੍ਰਹਮਾ ਜੀ ਨੇ ਘੁਮਾਰ ਨੂੰ ਥਾਪੀ ਦਿੱਤੀ। ਵਾਹ ਓਏ ਪਰਜਾਪਤਾ! ਤੈਂ ਪਰਜਾ ਦੀ ਪੱਤ ਰੱਖ ਕੇ ਦਿਖਾ ਦਿੱਤੀ।

ਗੱਲੀਂ ਲੱਗਿਆ ਚਾਚਾ ਜਗੀਰਾ ਜਿਵੇਂ ਗਾਉਣ ਲਾ ਦਿੰਦਾ। ਬਾਬਾ ਬਾਲਕ ਨਾਥ ਦੇ

ਡੇਰੇ ਦੀ ਕਥਾ। ਜਿਥੇ ਉਹ ਹਰ ਸਾਲ 'ਚਾਲੇ' ਜਾਂਦਾ। ਦੇਵੀਆਂ ਦੀ ਕਹਾਣੀ। ਗੁੱਗੇ ਜ਼ਾਹਰ ਪੀਰ ਦੀ ਕਥਾ। ਜਿਊਣੇ ਮੌੜ ਦਾ ਕਿੱਸਾ। ਜਿਊਣਾ ਜਦੋਂ ਨੈਣਾ ਦੇਵੀ ਉੱਤੇ ਛਤਰ ਚੜ੍ਹਾਉਣ ਗਿਆ, ਪੁਲਸ ਪਿੱਛੇ ਪੈ ਗਈ ਤਾਂ ਦੇਵੀ ਨੇ ਗੁਫ਼ਾ ਦੇ ਵਿੱਚੋ ਵਿੱਚ ਉਸ ਨੂੰ ਦੂਜੇ ਪਾਰ ਲੰਘਾ ਦਿੱਤਾ। ਇਕ ਦਿਨ ਸਾਡੀਆਂ ਗੱਲਾਂ ਚਲਦੀਆਂ ਸਨ ਜਦੋਂ ਅੰਦਰਲੀ ਬੀਹੀ ਵਿਚ ਸਾਡੇ ਗੁਆਂਢੀ ਰਹੇ ਮੀਤੇ ਨੇ ਆ ਖੰਘੂਰਾ ਮਾਰਿਆ।

"ਕਿਉਂ ? ਕਿੱਕਣ ਐਂ ਭਗਤਾ ? ਦਾਲ਼ ਦਾ ਘੁੱਟ ਸੁਖਾਲਾ ਲੰਘਦਾ ?" ਮੀਤੇ ਦਾ ਲਟਕਿਆ ਮੂੰਹ ਵੇਖਦਾ ਜਗੀਰਾ ਮੁਸਕੜੀਆਂ ਹੱਸਿਆ।

"ਕਿੱਥੇ ਲੰਘਦਾ ਦਾਲ਼ ਦਾ ਘੁੱਟ ਸੁਖਾਲ਼ਾ ? ਕਲ਼ੇਸ ਰਹਿੰਦੈ, ਸਾਡੇ ਘਰੇ। ਚਾਰ ਸਾਲ ਹੋ ਗੇ ਮੁੰਡਾ ਵਿਆਹੇ ਨੂੰ। ਅਜੇ ਨੂੰਹ ਕੁੱਖੋਂ ਨ੍ਹੀਂ ਫੁੱਟੀ।" ਮੀਤੇ ਨੇ ਰੋਣਾ ਰੋਇਆ।

"ਏਹ ਤਾਂ ਔਹ ਉਪਰ ਆਲ਼ੇ ਦੇ ਵੱਸ ਦੀ ਬਾਤ ਹੈ ਵੀਰ। ਜੰਮਣਾ ਮਰਨਾ ਉਸ ਨੇ ਬੰਦੇ ਦੇ ਹੱਥ 'ਚ ਨ੍ਹੀਂ ਦਿੱਤਾ।"ਜਗੀਰੇ ਨੇ ਆਕਾਸ਼ ਵੱਲ ਇਸ਼ਾਰਾ ਕੀਤਾ।

"ਤੂੰ ਗੁੱਗੇ ਪੀਰ ਅਰ ਦੇਵੀ ਦਾ ਭਗਤ ਹੈਂ। ਭੈਰੋਂ ਤੇਰੇ ਕੋਲ ਚਲਦੈ। ਤੂੰ ਨ੍ਹੀਂ ਕੋਈ ਰੇਖ 'ਚ ਮੇਖ ਮਾਰ ਸਕਦਾ ਬੜੇ ਭਾਈ ?

"ਨੁਸਖੇ ਦੋ ਨੇ ਮੇਰੇ ਕੋਲ਼। ਉਹ ਤੈਨੂੰ ਬਖਸ਼ੇ। ਜਾਹ ਅਜ਼ਮਾ ਕੇ ਦੇਖ ਲੀਂ। ਜੇ ਉਪਰ ਆਲ਼ੇ ਨੇ ਚਾਹਿਆ, ਤੇਰੀ ਮੂੰਹੀਂ ਲੱਗ ਜੂ।"ਜਗੀਰੇ ਨੇ ਆਖਿਆ।

ਮੋਰ ਦਾ ਖੰਭ ਲੈਣਾ। ਕਟਾਰੀਆ ਖੰਭ ਨਹੀਂ। ਟਿੱਕੀ ਵਾਲਾ। ਇਕੱਲੀ ਟਿੱਕੀ ਨੂੰ ਦਿਨ ਟੱਪਿਆਂ ਤੋਂ ਸਵਾ ਮਹੀਨੇ ਦੇ ਅੰਦਰ ਬਾਰੀਕ ਕੁਤਰ ਕੇ ਪੁਰਾਣੇ ਗੁੜ ਵਿਚ ਗੋਲੀ ਬਣਾ ਕੇ, ਵੱਛੇ ਵਾਲੀ ਗਊ ਦੇ ਦੁੱਧ ਨਾਲ ਸਵੇਰੇ ਖਾਲੀ ਪੇਟ ਖਾਣੀ ਸੀ।

"ਭਲਾ ਮਾਹਵਾਰੀ ਬੰਦ ਹੋਈ ਤੋਂ ਸਵਾ ਮਹੀਨੇ ਦੇ ਅੰਦਰ ਬਾਈ ?"ਜਗੀਰੇ ਕੋਲ ਪੀਹੜੀ ਉੱਤੇ ਬੈਠਾ ਮੀਤਾ ਬੋਲਿਆ।

"ਆਹੋ। ਮਹੀਨਾ ਆਏ ਤੋਂ ਦਸ ਦਿਨਾਂ ਦੇ ਅੰਦਰ ਹਫ਼ਤਾ ਭਰ ਖਾਣ ਆਲ਼ੀ ਇਕ ਹੋਰ ਔਸ਼ਧੀ ਲੜ ਬੰਨ੍ਹ ਲੈ। ਕਿਸੇ ਦਾ ਭਲਾ ਕਰੇਂਗਾ। ਆਥਣ ਵਖਤ ਚਾਰ ਛੁਆਰੇ ਬਾਰੀਕ ਕੁਤਰ ਕੇ ਦੇਸੀ ਘਿਓ ਦਾ ਤੜਕਾ ਲਾਉਣਾ। ਕਿੱਲੋ ਦੁੱਧ 'ਚ ਉਬਾਲ ਕੇ ਦੋਹਾਂ ਨੇ ਅੱਧੋ ਅੱਧ ਪੀਣਾ। ਪੂਰਾ ਇਕ ਸਾਤਾ। ਉਪਰ ਆਲ਼ਾ ਸੁਣੂੰਗਾ ਜਰੂਰ। ਪੀਂਦੇ ਰਹਿਣਾ ਜਿੰਨਾ ਚਿਰ ਜੜ੍ਹ ਨ੍ਹੀਂ ਲੱਗਦੀ। ਮਹੀਨਾ ਰੁਕੇ ਤੋਂ ਤੁਰੰਤ ਬੰਦ।"ਭਾਂਡੇ ਘੜਦੇ ਚਾਚੇ ਜਗੀਰੇ ਕੋਲ ਅਕਸਰ ਕੋਈ ਅਜਿਹਾ ਜਗਿਆਸੂ ਆਇਆ ਰਹਿੰਦਾ।

"ਚਾਚਾ। ਹੁਣ ਏਹਨਾਂ ਨੁਸਖਿਆਂ ਨਾਲ ਉਹਦੇ ਪੋਤਾ ਹੋ ਜਾਊ ?"ਮੈਂ ਪੁੱਛਿਆ।

"ਪੋਤਾ ਨਾ ਸਹੀ। ਸਾਲ ਦੋ ਸਾਲ 'ਚ ਪੋਤੀ ਤਾਂ ਹੋ ਈ ਜਾਣੀ। ਏਸੇ ਪੱਜ ਬੇਚਾਰੀ ਨੂੰਹ ਨੂੰ ਆਏ ਮਹੀਨੇ ਹਫਤਾ ਦਸ ਦਿਨ ਚੱਜ ਦਾ ਦੁੱਧ ਘਿਓ ਤਾਂ ਨਸੀਬ ਹੋ ਜੂ। ਨਹੀਂ ਏਹ ਅਮਲੀ ਠਮਲੀ ਨੂੰਹ ਧੀ ਨੂੰ ਕਿੱਥੇ ਪੁੱਛਦੇ ਹੁੰਦੇ ?"ਜਗੀਰੇ ਨੇ ਮੁੜ ਚੱਕ ਵਾਲਾ ਡੰਡਾ ਘੁਮਾ ਦਿੱਤਾ।

ਰੱਖੜੀ ਲੰਘਦੀ। ਪਿੰਡ ਵਿਚ ਡਾਉਰੂ ਖੜਕਦੇ। ਗੁੱਗਾ ਭਗਤ ਚੰਨਣ ਕੰਬਣ ਲੱਗਦਾ। ਭਾਦੋਂ ਦੇ ਮਹੀਨੇ ਉਸ ਵਿਚ 'ਮਿਹਰ' ਆਉਂਦੀ। ਪੰਚਵੀਂ ਨੂੰ 'ਨਿਸ਼ਾਨ' ਨਿਕਲਦਾ। ਜਗੀਰਾ ਇਕ ਦੋ ਸਾਥੀਆਂ ਨੂੰ ਨਾਲ ਲੈਂਦਾ। ਬਾਂਸ ਦੇ ਛੱਬੀ ਸਤਾਈ ਫੁੱਟ ਲੰਬੇ ਢਾਂਗੇ ਨੂੰ ਨਹਿਰ ਵਿਚ 'ਇਸ਼ਨਾਨ' ਕਰਵਾ ਕੇ ਲਿਆਉਂਦਾ। ਉਸ ਨੂੰ 'ਬਸਤਰ' ਪਹਿਨਾਉਂਦਾ। ਰੰਗ ਬਿਰੰਗੀਆਂ, ਲੂਲ੍ਹਾਂ, ਪੱਖੀਆਂ, ਫਿੰਡਾਂ-ਗੇਂਦਾਂ, ਗੋਟੇ ਲੱਗੀਆਂ ਰੇਸ਼ਮੀ ਰੁਮਾਲੀਆਂ ਨਾਲ ਸ਼ਿੰਗਾਰਦਾ। ਟੀਸੀ

ਉੱਤੇ ਕਟਾਰੀਏ ਅਤੇ ਟਿੱਕੀਦਾਰ ਖੰਭਾਂ ਦੀ 'ਮੋਰ ਪੰਖੀ' ਜੜਦਾ। ਪਿੰਡ ਦੀ 'ਫੇਰੀ' ਦੌਰਾਨ ਖੁੱਲ੍ਹੀਆਂ ਭੀੜੀਆਂ ਗਲੀਆਂ ਵਿਚ ਇਸ ਭਾਰੇ 'ਨਿਸ਼ਾਨ' ਨੂੰ ਸੰਭਾਲਣਾ ਹਮੇਸ਼ਾ ਜਗੀਰੇ ਦੀ ਡਿਊਟੀ ਹੁੰਦੀ।ਪਿੰਡ ਦੇ ਹਰੇਕ ਦਰ ਅੱਗੇ ਗੁੱਗੇ ਦੇ ਗਮੰਤਰੀ 'ਸਵੱਈਏ' ਡਾਉਰੂ-ਸਾਰੰਗੀ ਨਾਲ ਮੰਗਲਾਚਰਨ ਪੜ੍ਹਦੇ, ਗੋਰਖ ਨਾਥ ਦੀ ਮਹਿਮਾ ਗਾਉਂਦੇ:

ਰੱਬ ਰੁੱਸ ਜਾਵੇ ਮੇਰਾ ਗੁਰੂ ਮੇਲ ਦੇਵੇ
ਗੁਰ ਰੁੱਠੜੇ ਨਾ ਕੋਈ ਠਾਉਰ।
ਮੇਰਾ ਨਾਰੈਣ ਜਾਣੈ..।

ਤੇ ਫੇਰ ਉਹ 'ਬਾਗੜ ਦੇਸ' ਦੇ ਗੁੱਗੇ ਮਹਾਰਾਜੇ ਦੀ ਜੀਵਨ ਕਥਾ ਸੁਣਾਉਂਦੇ:

ਸੱਤ ਕੰਧਾਰਾਂ ਬਾਦਸ਼ਾਹ ਦੀਆਂ ਮਾਰੀਆਂ, ਦੋ ਦਲ ਜੌੜੇ ਨਾਲ਼।
ਜੌੜੇ ਭਾਈਆਂ ਦੇ ਸੀਸ ਕੱਟ ਕੇ ਗੁੱਗਾ, ਆਇਆ ਮਾਤਾ-ਦਰਬਾਰ।
ਰੰਗਲੇ ਪੀਹੜੇ ਮਾਂ ਬਾਛਲ ਬੈਠੀ, ਮਾਤਾ ਨੂੰ ਆਖੀ ਪ੍ਰਨਾਮ।
ਮੈਂ ਪਿਆਸਾ, ਨੀਲਾ ਘੋੜਾ ਪਿਆਸਾ, ਪਿਆਸਿਆਂ ਨੂੰ ਪਾਣੀ ਪਿਲਾਅ।
ਪਾਣੀ ਨਹੀਂ, ਤੈਨੂੰ ਦੁੱਧ ਮੈਂ ਪਿਲਾਵਾਂ, ਮੈਨੂੰ ਦਲਾਂ ਦੀਆਂ ਖ਼ਬਰਾਂ ਸੁਣਾਅ..।

ਪਿੱਛੇ ਤੁਰਦੀ ਸਾਡੀ ਜਵਾਕਾਂ ਦੀ ਭੀੜ ਲਈ ਇਹ ਵੱਡਾ ਦਿਲਪਰਚਾਵਾ ਹੁੰਦਾ।

ਪਿੰਡ ਵਿਚ ਵੱਖੋ ਵੱਖਰੇ ਟਿਕਾਣਿਆਂ ਉੱਤੇ 'ਭਗਤ' ਖੇਡਦਾ। 'ਸਵਾ ਮਣ'( ਵੀਹ ਕਿਲੋ) ਭਾਰੀਆਂ ਲੋਹੇ ਦੀਆਂ ਛੜੀਆਂ ਨੂੰ ਨੰਗੇ ਪਿੰਡੇ ਉੱਤੇ 'ਦੈੜ ਦੈੜ' ਮਾਰਦਾ। ਕੁਝ ਪਲ ਬਾਅਦ ਜਗੀਰਾ ਉਸ ਨੂੰ ਰੋਕਦਾ, ਉਸ ਦੇ ਪੈਰੀਂ ਹੱਥ ਲਾਉਂਦਾ; ਛਾਂਟਾਂ ਫੜ ਲੈਂਦਾ, "ਸਲਾਮੀ ਆ ਜੋ ਮਹਾਰਾਜ! ਏਨੀ ਕਰੋਪੀ ਨਾ ਧਾਰੋ!"ਚੰਨਣ ਭਗਤ ਛੜੀਆਂ ਨੂੰ ਇਕ ਹੱਥ ਵਿਚ ਲਹਿਰਾਉਂਦਾ, ਅੱਗੇ ਪਿੱਛੇ ਝੂਲਦਾ, ਸੁਰਖ਼ ਅੱਖਾਂ ਨਾਲ ਦੁਆਲੇ ਝਾਕਦਾ ਤਾਂ 'ਪੁੱਛਾਂ' ਪੁੱਛਣ ਵਾਲੇ ਹੱਥ ਜੋੜੀਂ ਨੇੜੇ ਢੁੱਕਦੇ। ਜਗੀਰਾ ਜਗਦੀ ਜੋਤ ਅੱਗੇ 'ਹਵਨ' ਦਿੰਦਾ। ਜਗੀਰੇ ਦਾ ਸੰਭਾਲਿਆ ਸ਼ਾਂਤ ਹੋਇਆ ਬੁੱਢਾ ਭਗਤ 'ਜੋਤ' ਅੱਗੇ ਬੈਠ ਕੇ ਸਿਰ ਘੁਮਾਉਂਦਾ 'ਪੁੱਛਿਆ' ਦਿੰਦਾ।

ਚੰਨਣ ਭਗਤ ਵਿਹਲੇ ਵੇਲੇ 'ਹਜਰਾਇਤ' ਕੱਢਦਾ। ਉਹ ਕਿਸੇ ਪਾਸੇ ਚੜ੍ਹਿਆ ਹੁੰਦਾ ਤਾਂ ਕਈ ਅਭਿਲਾਸ਼ੀ ਚਾਚੇ ਜਗੀਰੇ ਦਾ ਦਰ ਖੜਕਾਉਂਦੇ। ਵੱਡੀ ਗੱਲ। ਉਹ ਕਿਸੇ ਤੋਂ ਕੋਈ ਝਾਕ ਨਾ ਰੱਖਦਾ।"ਤੂੰ ਹੀ ਕਰ ਕੋਈ ਹੀਲਾ ਬੜੇ ਭਾਈ। ਤੈਨੂੰ ਵੀ ਤਾਂ ਨਹੁੰ 'ਚ ਫੋਟੂਆਂ ਦਿਖਾਉਣ ਆਲ਼ੇ ਭਗਤ ਨੇ ਕੋਈ ਸਿੱਖਿਆ ਦਿੱਖਿਆ ਦਿੱਤੀਓ ਹੋਊ। ਪੋਤਾ ਬਾਹਲ਼ਾ ਔਖੈ। ਪਤਾ ਨ੍ਹੀਂ ਕੀਹਦਾ ਪਰਛਾਵਾਂ ਪੈ ਗਿਐ। ਪਤਾ ਨ੍ਹੀਂ ਪਿਉਕਿਆਂ ਤੋਂ ਮੁੜੀ ਨੂੰਹ ਕਿਹੜੀ ਗੰਦੀ ਮੰਦੀ ਜਗ੍ਹਾ ਤੋਂ ਲੰਘਾ ਲਿਆਈ। ਮੇਰੇ ਕੁੜਮਾਂ ਦਾ ਟੱਬਰ ਵੀ ਬਾਹਲ਼ਾ ਸੋਧੀ ਨਹੀਂ। ਫੁੱਲ ਵਰਗੇ ਜਵਾਕ ਨੂੰ ਤਾਂ ਰੇਸ਼ਮੀ ਰੁਮਾਲੀਆਂ 'ਚ ਲਵ੍ਹੇਟ ਕੇ ਰੱਖਣਾ ਹੁੰਦਾ।" ਇਕ ਦਿਨ ਭੱਠੇ ਤੋਂ ਮੁੜ ਕੇ ਡਕਾਇਣਾਂ ਹੇਠ ਸੁਸਤਾ ਰਹੇ ਜਗੀਰੇ ਅੱਗੇ ਚਰਨੇ ਢੋਲਚੀ ਦੀ ਮੁਹਾਰਨੀ ਜਾਰੀ ਸੀ।

"ਮੰਤਰ ਪੜ੍ਹਨਾ ਪਊ। ਤੂੰ ਯਾਦ ਰੱਖ ਲਏਂਗਾ ?"ਜਗੀਰਾ ਮੰਜੀ ਉੱਤੇ ਸਿੱਧਾ ਹੋ ਕੇ ਬੈਠਦਾ, ਮੈਨੂੰ ਰਾਹ ਜਾਂਦੇ ਨੂੰ ਮਜ਼ਾਕੀਆ ਰੌਂਅ ਵਿਚ ਬੋਲਦਾ ਜਾਪਿਆ। ਮੇਰੇ ਪੈਰ ਰੁਕ ਗਏ। ਪਹਿਲਾਂ ਵੀ ਮੈਂ ਅਜਿਹੇ ਮੌਕੇ ਕੋਲੋਂ ਲੰਘਦਾ ਉਸ ਕੋਲ ਅਟਕ ਜਾਂਦਾ।

"ਯਾਦ ਕਰਨ ਨੂੰ ਕਿਹੜੇ ਵੇਦ ਪੜ੍ਹਨੇ ? ਤੂੰ ਦੱਸ ਤਾਂ ਸਹੀ ?"

"ਸੌਦਾ ਮਹਿੰਗਾ ਪੈ ਜੂ, ਗਮੰਤਰੀ।

"ਮਖਿਆ, ਮੂੰਹੋਂ ਫੁੱਟ ਤਾਂ ਸਹੀ। ਤੈਂ ਕਿਹੜੀ ਕਸਤੂਰੀ ਮੰਗ ਲੈਣੀ ? ਜੇ ਚਿੜੀਆਂ ਦਾ ਦੁੱਧ ਮੰਗੇਂ, ਸ਼ੇਰ ਦੀ ਮੁੱਛ ਦਾ ਵਾਲ਼ ਮੰਗ ਲਵੇਂ; ਪੋਤੇ ਖਾਤਰ ਮੈਂ ਉਹ ਵੀ ਲਿਆ ਦਊਂ।

"ਦੇਖ ਬਈ ਵਜੰਤਰੀ। ਮੈਂ ਕੁਛ ਨਹੀਂ ਲੈਣਾ। ਖੁਆਜੇ ਖਿਜਰ ਦੀ ਨਜ਼ਰ ਨਿਆਜ ਤੈਂ ਦੇਣੀ ਐ।

"ਮਖਿਆ, ਫੇਰ ਉਹੀ ਗੱਲ! ਕਥਾ ਸੁਣਾਉਣ ਆਲ਼ੇ ਪ੍ਰੋਹਤ ਵਾਂਗੂੰ ਤੂੰ ਗੋਪੀਆਂ ਨੂੰ ਜਮਨਾ 'ਚੋਂ ਬਾਹਰ ਕੱਢੇਂਗਾ ਵੀ ਯਾ ਏਕਣੇ 'ਹੋਰ ਉੱਤੇ! ਹੋਰ ਉੱਤੇ!' ਕਰੀ ਜਾਏਂਗਾ ?"

ਚਰਨੇ ਨੇ ਪੰਜ ਆਂਡੇ ਦੇਸੀ ਮੁਰਗੀ ਦੇ ਧੋਣੇ-ਸੁਆਰਨੇ ਸਨ। ਉਹਨਾਂ ਨੂੰ ਸਰ੍ਹੋਂ ਦੇ ਤੇਲ ਨਾਲ ਚੋਪੜ ਕੇ ਤਿੰਨ ਉੱਤੇ ਤਵੇ ਦੀ ਕਾਲਸ ਮਲ਼ਣੀ ਸੀ।ਦੋ ਉਪਰ ਸੱਤ ਸੱਤ ਚਟਿੱਕਣੇ ਹਲਦੀ ਦੇ ਲਾਉਣੇ ਸਨ। ਪੱਕੀ ਨਜ਼ਰ ਨਿਆਜ਼ ਵਜੋਂ ਦੇਸੀ ਘਿਓ ਦਾ ਤੜਕਾ ਲਾ ਕੇ ਮਿੱਠੇ ਚੌਲਾਂ ਦੀ 'ਕੜਾਹੀ' ਕਰਨੀ ਸੀ। ਤਾਜ਼ੀ ਰੂੰ ਦੀ ਬੱਤੀ ਵਾਲਾ ਆਟੇ ਦਾ ਚਿਰਾਗ਼ ਬਣਾਉਣਾ ਸੀ।

"ਲੈ। ਬੱਸ ਆਹੀ ਦੋ ਤਿੰਨ ਚੀਜਾਂ ? ਏਹ ਤਾਂ ਘਰ 'ਚੋਂ ਈ ਥਿਆ ਜਾਣੀਆਂ। ਮਖਿਆ, ਪਤਾ ਨਹੀਂ ਕਿਹੜੇ ਕਲਾਖਰ ਭੇਜੇਂਗਾ ?" ਕਾਹਲੇ ਪਏ ਚਰਨੇ ਨੇ ਹਥੇਲੀ ਉੱਤੇ ਮਲ਼ਿਆ ਜਰਦਾ ਬੁੱਲ੍ਹਾਂ ਵਿਚ ਅੜਾਉਂਦਿਆਂ ਆਖਿਆ।

"ਹੋਰ ਵੀ ਸੁਣ। ਇਕ ਕਾਲ਼ਾ ਮੁਰਗਾ। ਉਹਦੀਆਂ ਦੋਵੇਂ ਟੰਗਾਂ ਲਾਲ ਧਾਗੇ ਨਾਲ਼ ਬੰਨ੍ਹਣੀਆਂ। ਸਿਖਰ ਦੁਪਹਿਰੇ ਮੰਤਰ ਪੜ੍ਹਦੇ ਉਜਾੜ ਬੀਆਬਾਨ 'ਚ ਨਿਕਲਣਾ। ਪਾਣੀ ਕੰਢੇ ਉੱਗੀ ਹਰੇਵਾਈ 'ਚ ਉਸ ਜਿਊਂਦੇ ਜੀਅ ਨੂੰ ਛੱਡ ਆਉਣਾ। ਜੇ ਤੂੰ ਪਿੱਛੇ ਮੁੜ ਕੇ ਦੇਖ ਲਿਆ, ਸ਼ੈਅ ਨੇ ਉਲਟੀ ਤੈਨੂੰ ਚਿੰਬੜ ਜਾਣੈ। ਏਨਾ 'ਰਿਸਕ' ਲੈ ਲਏਂਗਾ ?"

"ਓਏ ਆਹ ਦੋਏ ਹੱਥ ਬਨ੍ਹਾਅ ਲੈ ਖਸਮਾਂ। ਬਾਣੀਏ ਨੂੰ ਮੂਲ਼ ਨਾਲੋਂ ਵਿਆਜ ਪਿਆਰਾ ਹੁੰਦੈ।"

"ਮੰਤਰ ਵੀ ਸੁਣ ਲੈ ਜਿਹੜਾ ਤੈਂ ਪੜ੍ਹਨੈਂ: 'ਬਿਸਮਿੱਲਾ! ਰਹਿਮਾਨ ਰਹੀਮ! ਖੁਆਜਾ ਖਿਜਰ ਮੌਜਦੀਨ! ਬਾਈ ਖੁਆਜੇ ਤੇਈ ਕੁਤਬ! ਗੜ੍ਹ ਜਾਮੇਰ ਕੇ ਰਾਜੇ! 'ਮਾਰ ਮਾਰ' ਕਰਦੇ ਆਓ! 'ਧਾੜ ਧਾੜ' ਕਰਦੇ ਜਾਓ! ਨਾ ਰਹੇ ਅਠਰਾਹ! ਨਾ ਰਹੇ ਪਰਛਾਵਾਂ! ਕੋਈ ਚੀਜ ਨੇੜੇ ਨਾ ਆਵੇ!'" ਚਾਚਾ ਜਗੀਰਾ ਚੁੱਪ ਕਰ ਕੇ ਬੈਠ ਗਿਆ।

"ਜੇ ਕੁਛ ਉਲਟ ਪੁਲਟ, ਮੇਰਾ ਮਤਬਲ ਐ, ਕੋਈ ਅੱਖਰ ਅੱਗੇ ਪਿੱਛੇ ਬੋਲਿਆ ਗਿਆ ?"ਪੈਰਾਂ ਭਾਰ ਬੈਠਾ ਚਰਨਾ ਸਸ਼ੋਪੰਜ ਵਿਚੋਂ ਜਗੀਰੇ ਵੱਲ ਝਾਕਿਆ।

"ਉਹਦੀ ਜੁੰਮੇਵਾਰੀ ਤੇਰੀ। ਮਗਰ ਮੁੜ ਕੇ ਝਾਕਣ ਦਾ ਜੁੰਮੇਵਾਰ ਵੀ ਤੂੰ ਹੀ ਹੈਂ। ਮੈਂ ਤੈਨੂੰ ਗਿੱਦੜਸਿੰਗੀ ਮੁਖ਼ਤ 'ਚ ਸੌਂਪ ਤੀ। ਜੇ ਬੜਾ ਭਗਤ ਹੁੰਦਾ, ਉਹ ਪਤਾ ਨ੍ਹੀਂ ਕਿਹੜਾ ਪੱਥਰ ਧਰ ਦਿੰਦਾ। ਬੱਸ। ਤੈਂ 'ਗਾਹਾਂ ਲੋਕਾਂ ਦਾ ਭਲਾ ਕਰਨੈਂ। ਐਕਣੇਂ ਪੁੰਨ ਅਰਥੀਂ। ਲੈਣਾ ਧੇਲਾ ਵੀ ਨਹੀਂ।"ਤੇ ਜਗੀਰਾ ਮੁੜ ਮੰਜੀ ਉੱਤੇ ਟੇਢਾ ਹੋ ਗਿਆ। ਉਸ ਨੇ ਅੱਖਾਂ ਮੀਚ ਲਈਆਂ।

"ਮਖਿਆ, ਮੁਰਗਾ ਤਾਂ ਘਰ ਦੀ ਫਸਲ ਐ। ਉਹ ਤਾਂ ਮੈਂ ਖੁੱਡੇ 'ਚੋਂ ਫੜ ਕੇ ਇਕ ਦੇ ਥਾਉਂ ਦੋ ਛੱਡ ਦਊਂ। ਆਹ ਮੰਤਰ ਆਲ਼ੇ ਪੰਗੇ 'ਚ ਮੈਨੂੰ ਨਾ ਪਾ ਵੀਰੇ। ਮੈਥੋਂ ਕੁਛ ਵਾਧਾ ਘਾਟਾ ਹੋ ਗਿਆ।ਖਬਰ ਨ੍ਹੀਂ ਕਿਹੜੀ ਇੱਲ ਬਲਾਅ ਚਿੰਬੜ ਜਾਵੇ ?"ਚਰਨੇ ਨੇ ਚੁੱਪ ਤੋੜੀ। ਤੇ ਦੋਵੇਂ ਹੱਥ ਜੋੜ ਕੇ ਲੰਬੇ ਪਏ ਜਗੀਰੇ ਦੇ ਪੈਰਾਂ ਨੂੰ ਛੁਹਾਏ। ਜਗੀਰਾ ਉੱਭੜ ਕੇ ਉੱਠਿਆ।

"ਓਏ ਐਕਣ ਮਰੇ ਹੋਏ ਨੂੰ ਮੱਥਾ ਟੇਕੀਦਾ, ਖਸਮਾਂ। ਢੋਲਕੁੱਟਾ, ਤੈਨੂੰ ਏਨਾ ਵੀ ਚੱਜ

ਨ੍ਹੀਂ ?

ਬੜੀ ਮਿੰਨਤ ਖੁਸ਼ਾਮਦ ਤੋਂ ਬਾਅਦ ਫ਼ੈਸਲਾ ਹੋਇਆ। ਕੱਲ੍ਹ ਕੜਕਦੀ ਦੁਪਹਿਰ ਚਰਨਾ ਸਾਰਾ ਸੀਧਾ ਪੱਤਾ ਲਿਆ ਕੇ ਟੋਭੇ ਕੰਢੇ, ਗੁੱਗਾ ਮਾੜੀ ਦੀ ਤਰਫ਼ ਪਹਾੜੀ ਅੱਕਾਂ ਦੇ ਉਹਲੇ ਵਿਚ ਆਂਡੇ ਰੱਖ ਕੇ ਮੁਰਗਾ ਛੱਡ ਦੇਵੇਗਾ। ਇਸ ਤੋਂ ਅੱਗੇ ਉਸ ਨੇ ਪਿੰਡ ਵਿਚ ਵੜ ਕੇ ਬੇਸੋਝ ਜਵਾਕਾਂ ਨੂੰ 'ਕੜਾਹੀ' ਵੰਡਣੀ ਹੋਵੇਗੀ। ਮੰਤਰ ਪੜ੍ਹਨਾ ਉਥੇ ਲੁਕੇ ਛਿਪੇ ਬੈਠੇ ਜਗੀਰੇ ਦੀ ਜਿੰਮੇਵਾਰੀ ਰਹੀ।

"ਸੁਣ ਲੈ ਮੇਰੀ ਗੱਲ! ਤੇਰਾ ਗਰੀਬੋ ਗਰੀਬੀ ਬੁੱਤਾ ਸਾਰ 'ਤਾ ਵਾਜੇ ਆਲ਼ਿਆ!। ਏਹ ਆਪਣੀ ਗਰੀਬਾਂ ਦੀ ਨਜਰ ਨਿਆਜ ਐ। ਜੇਹੀ ਬੱਕਰੇ ਦੀ ਬਲੀ ਦੇ ਤੀ, ਜੇਹੀ ਖੁਆਜੇ ਨੂੰ ਏਹ ਭੇਟਾ ਚੜ੍ਹਾ'ਤੀ।" ਉਸ ਨੇ ਤੁਰ ਚੱਲੇ ਚਰਨੇ ਨੂੰ ਹਾਕ ਮਾਰ ਕੇ ਆਖਿਆ।

"ਅੱਕਾਂ 'ਚ ਛੱਡੇ ਮੁਰਗੇ ਨੂੰ ਤਾਂ ਉਸੇ ਵਕਤ ਕਿਸੇ ਕੁੱਤੇ ਬਿੱਲੇ ਨੇ ਦਬੋਚ ਲੈਣਾ।"ਚਰਨਾ ਚਲਿਆ ਗਿਆ ਤਾਂ ਮੈਂ ਚਾਚੇ ਨੂੰ ਪੁੱਛਿਆ।

"ਘਿਓ ਭੁੰਨਵੇਂ ਚੌਲ਼ ਤਾਂ ਨਿਆਣਿਆਂ ਦੇ ਮੂੰਹਾਂ'ਚ ਪੈਣਗੇ, ਮੱਲਾ ? ਆਪਾਂ ਨੂੰ ਕੀ ? ਮੁਰਗੇ ਨੂੰ ਕੋਈ ਕੁੱਤਾ ਬਿੱਲਾ ਡਕਾਰ ਜਾਵੇ ਚਾਹੇ ਮਾੜੀ ਆਲ਼ੇ ਦਬੋਚ ਲੈਣ! ਆਪਾਂ ਤਾਂ ਘਰ ਆਏ ਸਵਾਲੀ ਨੂੰ ਕਦੇ ਖਾਲੀ ਨ੍ਹੀਂ ਮੋੜਿਆ। ਬੱਸ ਏਹ ਇਕ ਅਸੂਲ ਐ ਆਪਣਾ!"ਉਸ ਦਿਨ ਚਾਚਾ ਜਗੀਰਾ ਮੁਸਕੜੀਆਂ ਹੱਸਿਆ।

ਜਦੋਂ ਭਾਦੋਂ ਦੇ ਮਹੀਨੇ ਔੜ ਲੱਗਦੀ। ਮੱਕੀਆਂ ਮੁਰਝਾ ਜਾਂਦੀਆਂ। ਬੱਦਲ ਆਉਂਦਾ, ਬਿਨਾਂ ਵਰ੍ਹੇ ਮੁੜ ਜਾਂਦਾ। ਉਦੋਂ ਸਾਡੇ ਲੋਕ ਰਸਦ ਇਕੱਠੀ ਕਰਦੇ। ਗੁਰਦੁਆਰੇ ਜੱਗ ਰਚਾਉਂਦੇ। ਚਾਚਾ ਜਗੀਰਾ ਖੋਪਾ ਦਾਖਾਂ ਪਾ ਕੇ ਮਿੱਠੇ ਚੌਲ ਬਣਾਉਂਦਾ। ਸਵੇਰ ਤੋਂ ਚੌਲਾਂ ਦੇ ਕੜਾਹੇ ਉਬਲਦੇ। ਦੋੜਿਆਂ ਉਪਰ ਢੇਰੀ ਹੋਈ ਜਾਂਦੇ। ਮਹਿਕਾਂ ਛੱਡਦੇ ਮਿੱਠੇ ਚਾਵਲ। ਮਜਾਲ ਹੈ, ਦੋੜੇ ਨੂੰ ਚਿੰਬੜ ਜਾਣ। ਪਿੰਡ ਦੇ ਲੋਕ ਪੰਗਤ ਵਿਚ ਬੈਠ ਕੇ ਜੱਗ ਦੇ ਚੌਲ ਛਕਦੇ। ਕਈ ਵਾਰੀ ਚਲਦੇ ਜੱਗ ਦੌਰਾਨ ਮੀਂਹ ਉਤਰ ਪੈਂਦਾ। ਹਵਨ ਜੱਗ ਨਾਲ ਨਿਹਾਲ ਹੋਇਆ ਇੰਦਰ ਦੇਵਤਾ ਜਲ ਥਲ ਕਰ ਦਿੰਦਾ।

ਹੁਣ ਉਹ ਮੱਕੀਆਂ ਕਮਾਦਾਂ ਵਾਲੇ ਜ਼ਮਾਨੇ ਨਾ ਰਹੇ। ਜੀਰੀ ਤੇ ਆਲੂਆਂ ਦੀਆਂ ਫਸਲਾਂ ਆ ਗਈਆਂ ਅਤੇ ਨਾਲ ਹੀ ਟਰਾਲੀਆਂ ਟਰਾਲੇ। ਪਰ ਫੁਟਕਲ ਕੰਮਾਂ ਲਈ ਉਤਾਰ ਉਮਰ ਜਗੀਰੇ ਦਾ ਰੇਹੜਾ ਹਾਲੇ ਵੀ ਚਲਦਾ। ਹਰ ਸਾਲ ਗਿਦੇ ਬੁਝਦੇ ਦਿਨਾਂ ਦੌਰਾਨ ਉਹ ਭਾਂਡੇ ਪਾਉਂਦਾ। ਤੇ ਇਕ ਸਵੇਰ ਉਹ ਧੌਲ-ਦਾਹੜੀਆ ਬਜ਼ੁਰਗ ਸਦਾ ਵਾਂਗ ਮੂੰਹ ਹਨੇਰੇ ਉੱਠਿਆ। ਆਵਾ ਪਾਉਣਾ ਸੀ। ਪਿਛਲੀ ਗਲੀ ਵਿਚ ਪੈਂਦੇ ਅੰਦਰਲੇ ਘਰੋਂ ਭਾਂਡੇ ਢੋਣ੍ਹੇ ਸਨ। ਛੋਟੇ ਵੱਡੇ ਕੱਚੇ ਬਰਤਨ ਉਸ ਨੇ ਬੜੀ ਸਾਵਧਾਨੀ ਨਾਲ ਰੇਹੜੇ ਵਿਚ ਟਿਕਾਏ। ਬੀੜੀ ਸੁਲਘਾਈ। ਖੱਚਰ ਦੀ ਥਾਂ ਆਪ ਜੁੜਿਆ। ਬੁੱਲ੍ਹਾਂ ਵਿਚ ਬੀੜੀ ਅਟਕਾਈਂ 'ਹੂੰਅ' ਆਖਦਿਆਂ ਬਰਤਨ ਲੱਦੇ ਰੇਹੜੇ ਨੂੰ ਜਵਾਨਾਂ ਵਾਂਗ ਹੁਲਾਰਾ ਮਾਰਿਆ। ਤੇ ਉਵੇਂ ਜੁੜਿਆ ਜੁੜਾਇਆ ਉਸ ਦਾ ਸਰੀਰ ਜੂਲ਼ੇ ਉਪਰ ਟੇਢਾ ਹੋ ਗਿਆ। ਉਪਰ ਵਾਲੇ ਦਾ ਘੜਿਆ ਇਹ ਰੰਗ ਬਿਰੰਗਾ ਭਾਂਡਾ ਇਕ ਪਲ ਵਿਚ ਭੱਜ ਚੁੱਕਾ ਸੀ।

✶✶✶

# ਮਨਮੋਹਨ ਬਾਵਾ ਦੀ ਸਵੈ-ਜੀਵਨੀ : 'ਮੈਂ ਤੇ ਮੇਰਾ ਸਮਾਂ'

*ਸੁਕੀਰਤ*

ਪੰਜਾਬੀ ਸਾਹਿਤ ਦੇ ਵਿਲੱਖਣ ਹਸਤਾਖਰ ਮਨਮੋਹਨ ਬਾਵਾ ਜੀ ਨੇ ਅਗਸਤ 2022 ਵਿਚ ਆਪਣੀ ਅਉਧ ਦੇ 90 ਵਰ੍ਹੇ ਮੁਕੰਮਲ ਕਰ ਲਏ ਹਨ । ਕਿਸੇ ਵੀ ਪੱਖੋਂ ਤੱਕਿਆਂ ਕਿਸੇ ਲੰਮੇ ਜੀਵਨ ਕਾਲ ਲਈ ਇਹ ਅਹਿਮ ਮੁਕਾਮ ਹੈ, ਤੇ ਬਾਵਾ ਜੀ ਦਾ ਜੀਵਨ ਕਾਲ ਤਾਂ ਦੇਸ ਦੀ ਗੁਲਾਮੀ, ਵੰਡ ਅਤੇ ਆਜ਼ਾਦੀ, ਮੁਲਕ ਦੇ ਆਪਣੇ ਪੈਰਾਂ ਤੇ ਖੜ੍ਹ ਸਕਣ ਦੀਆਂ ਮੁੱਢਲੀਆਂ ਕੋਸ਼ਿਸ਼ਾਂ, ਸਫਲਤਾਵਾਂ ਤੇ ਅਸਫਲਤਾਵਾਂ, ਆਦਰਸ਼ਵਾਦੀ ਸੈਕੂਲਰ ਟੀਚਿਆਂ ਦੇ ਹੌਲੀ ਹੌਲੀ ਨਿੱਘਰਦੇ ਜਾਣ ਅਤੇ ਮੋਦੀ ਕਾਲ ਦੇ ਫਿਰਕਾਪ੍ਰਸਤੀ ਅਧਾਰਤ ਰਾਜ ਤਕ ਪਹੁੰਚ ਜਾਣ ਦੇ ਲੰਮੇ ਇਤਿਹਾਸਕ ਦੌਰ ਉੱਤੇ ਫੈਲਿਆ ਹੋਇਆ ਹੈ। ਜੇ ਬਾਵਾ ਜੀ ਸਮਰੱਥ ਲੇਖਕ ਨਾ ਵੀ ਹੁੰਦੇ, ਤਾਂ ਵੀ ਉਨ੍ਹਾਂ ਦੇਖੇ ਭੋਗੇ ਸਮਿਆਂ ਦੀ ਦਾਸਤਾਨ ਦਿਲਚਸਪ ਹੋਣੀ ਸੀ, ਪਰ ਇਹ ਸਾਡਾ, ਪੰਜਾਬੀ ਪਾਠਕਾਂ ਦਾ, ਸੁਭਾਗ ਹੈ ਕਿ ਨਾ ਸਿਰਫ਼ ਸਾਹਿਤਕਾਰ, ਸਗੋਂ ਤਿੱਖੀ ਇਤਿਹਾਸਕ ਸੂਝ ਤੇ ਨਜ਼ਰੀਏ ਦੇ ਮਾਲਕ ਬਾਵਾ ਜੀ ਨੇ ਉਮਰ ਦੇ ਇਸ ਪੜਾਅ ਤੇ ਪਹੁੰਚ ਕੇ ਆਪਣੀ ਜੀਵਨ ਕਹਾਣੀ ਨੂੰ ਕਲਮ-ਬੱਧ ਕੀਤਾ ਹੈ ।

ਆਪਣੀ ਸਵੈ- ਜੀਵਨੀ ਦਾ ਨਾਂਅ ਉਨ੍ਹਾਂ ਨੇ 'ਮੈਂ ਤੇ ਮੇਰਾ ਸਮਾਂ' ਰੱਖਿਆ ਹੈ, ਜੋ ਇਸ ਲਿਖਤ ਲਈ ਐਨ ਢੁੱਕਵਾਂ ਹੈ ।ਆਪਣੀ ਜੀਵਨ ਕਥਾ ਨੂੰ ਸੁਣਾਉਂਦਿਆਂ ਉਹ ਨਾਲੋ ਨਾਲ ਆਪਣੀ ਦੇਖੀ ਹੰਢਾਈ ਸਦੀ ਦਾ ਮਾਹੌਲ ਹੀ ਨਹੀਂ ਚਿਤਰਦੇ, ਉਸ ਪਿੱਛੇ ਲੁਕੇ ਇਤਿਹਾਸ ਦਾ ਵਿਸ਼ਲੇਸ਼ਣ ਵੀ ਕਰਦੇ ਜਾਂਦੇ ਹਨ।

ਪੁਸਤਕ ਦੀ ਭੂਮਿਕਾ ਵਿਚ ਉਹ ਖੁਦ ਲਿਖਦੇ ਹਨ ਕਿ ਉਹ ਇਹ ਸੋਚਣ ਲਗ ਪਏ ਸਨ ਕਿ ਆਪਣੀ ਜੀਵਨੀ ਉਹ ਲਿਖ ਹੀ ਕਿਉਂ ਰਹੇ ਹਨ, ਪਰ ਫੇਰ ਖਿਆਲ ਆਇਆ ਕਿ ਉਨ੍ਹਾਂ ਦੀ ਜੀਵਨ ਯਾਤਰਾ ਵਿਚ ਪੰਜਾਬੀ ਦੇ ਹੋਰ ਬਹੁਤ ਸਾਰੇ ਲੇਖਕਾਂ ਨਾਲੋਂ ਕੁਝ ਵੱਖਰਤਾ ਹੈ । ਬਾਵਾ ਜੀ ਦੇ ਇਸ ਕਥਨ ਵਿਚ ਰੱਤੀ ਭਰ ਸ਼ੱਕ ਦੀ ਵੀ ਗੁੰਜਾਇਸ਼ ਨਹੀਂ, ਉਨ੍ਹਾਂ ਨਾ ਸਿਰਫ਼ ਆਮ ਆਦਮੀ ਨਾਲੋਂ ਬਹੁਤ ਵੱਖਰਾ ਜੀਵਨ ਜੀਵਿਆ ਹੈ , ਸਗੋਂ ਕਦਮ ਕਦਮ ਉੱਤੇ ਸੁਚੇਤ ਰੂਪ ਵਿਚ ਰਵਾਇਤੀ ਰਾਹ ਤਜ ਕੇ ਔਝੜੇ ਅਤੇ ਅਣਜਾਣੇ ਮੋੜ ਕੱਟੇ ਹਨ । ਚਿਤਰਕਾਰੀ ਸਿਖਣ ਦਾ ਸ਼ੌਕ ਪੂਰਾ ਕਰਨ ਲਈ ਸਿਰਫ਼ ਚੰਦ ਦਮੜੀਆਂ ਨਾਲ ਘਰੋਂ ਨਿਕਲ ਜਾਣਾ, ਵਾਪਸ ਮੁੜਨ ਉਪਰੰਤ ਇਸ ਹੁਨਰ ਨਾਲ ਜੁੜੇ ਭਾਂਤ ਭਾਂਤ ਦੇ ਪਾਪੜ ਵੇਲਣੇ, ਮੌਕਾ ਮਿਲਦਾ ਦੇਖ ਕੇ ਸਭ ਕੁਝ ਛਡ ਅਚਾਨਕ ਲੰਮੀਆਂ ਯਾਤਰਾਵਾਂ ਤੇ ਠਿਲ੍ਹ ਪੈਣਾ,ਪੱਕੀ ਨੌਕਰੀ ਦਾ ਮੋਹ ਤਿਆਗ ਕੇ ਡਲਹੌਜੀ ਵਿਚ ਹੋਟਲ ਚਲਾਉਣ ਦਾ ਫ਼ੈਸਲਾ ਕਰ ਲੈਣਾ , ਇਹ ਸਭ ਕਾਰਗੁਜ਼ਾਰੀਆਂ ਕਿਸੇ ਹਾਈਂ ਮਾਈਂ ਦੇ ਜੇਰੇ ਦਾ ਹਿੱਸਾ ਨਹੀਂ ਬਣ ਸਕਦੀਆਂ ।

ਜੇਕਰ ਇਸ ਪੁਸਤਕ ਵਿਚ ਕੋਈ ਖਾਮੀ ਹੈ, ਤਾਂ ਉਹ ਹੈ ਇਸ ਵਿਚ ਕਿਤੇ ਕਿਤੇ ਆ ਜਾਣ ਵਾਲਾ ਦੁਹਰਾਅ ।ਜਾਪਦਾ ਹੈ ਕਿ ਲੇਖਕ ਨੇ ਬੱਝਵੇਂ ਨਹੀਂ , ਟੁੱਟਵੇਂ ਰੂਪ ਵਿਚ ਇਹ ਜੀਵਨ ਕਹਾਣੀ ਲਿਖੀ ਤੇ ਮਗਰੋਂ ਜਾ ਕੇ ਭੁੱਲ ਗਿਆ ਕਿ ਕੁਝ ਘਟਨਾਵਾਂ ਦਾ ਵੇਰਵਾ, ਜਾਂ ਲੋਕਾਂ ਨੂੰ ਬਿਆਨ ਉਹ ਕਿਤੇ ਪਹਿਲੋਂ ਵੀ ਕਰ ਚੁੱਕਾ ਹੈ ।ਕੇਹਾ ਚੰਗਾ ਹੁੰਦਾ ਜੇਕਰ ਇਹੋ

ਜਿਹੀ ਦੀਰਘ-ਕਾਲੀ ਤੇ ਮਹੱਤਵਪੂਰਨ ਕਿਤਾਬ ਨੂੰ ਛਾਪੇਖਾਨੇ ਵਿਚ ਪਹੁੰਚਣ ਤੋਂ ਪਹਿਲਾਂ ਕਿਸੇ ਸੰਪਾਦਕੀ ਨਜ਼ਰ ਦੀ ਘੋਖ ਨਸੀਬ ਹੋਈ ਹੁੰਦੀ ।

ਮੈਨੂੰ ਇਹ ਪੁਸਤਕ ਇਸ ਪੱਖੋਂ ਵੀ ਪਰਭਾਵਤ ਕਰਦੀ ਹੈ ਕਿ ਹੋਈਆਂ- ਵਾਪਰੀਆਂ ਦਾ ਬਿਆਨ ਕਰਦਿਆਂ , ਬਾਵਾ ਜੀ ਦੇ ਤਜਰਬਿਆਂ ਦਾ ਨਿਚੋੜ ਵੀ ਸਹਿਜ ਸੁਭਾਅ ਹੀ ਪਾਠਕ ਤਕ ਪਹੁੰਚਦਾ ਜਾਂਦਾ ਹੈ ।ਉਨ੍ਹਾਂ ਅੰਦਰ ਬੈਠਾ ਇਤਿਹਾਸਕਾਰ ਤੇ ਪੜਚੋਲਕ ਇਕ ਸਮੇਂ ਵਿਸ਼ੇਸ਼ ਵਿਚ ਵਿਚਰਦਿਆਂ, ਘਟਨਾਵਾਂ ਦੀ ਤੰਦ ਨੂੰ ਬੀਤੇ ਸਮਿਆਂ ਨਾਲ ਜੋੜ ਕੇ ਪਾਠਕ ਅੰਦਰ ਕਿਸੇ ਵਡੇਰੀ ਸੂਝ ਦਾ ਸੰਚਾਰ ਵੀ ਨਾਲੋ ਨਾਲ ਕਰੀ ਜਾਂਦਾ ਹੈ ।ਇਸ ਦੇ ਬਾਵਜੂਦ ਇਹ ਸਭ ਕੁਝ ਕਥਾ ਰਸ ਨਾਲ ਏਨਾ ਲਬਰੇਜ਼ ਹੈ ਕਿ ਕਿਸੇ ਵੀ ਕਿਸਮ ਦੀ ਬੋਝਲਤਾ ਮਹਿਸੂਸ ਨਹੀਂ ਹੁੰਦੀ ।ਹੋਰ ਬਹੁਤਾ ਕੁਝ ਨਾ ਕਹਿੰਦਿਆਂ, ਆਪਣੇ ਕਥਨ ਦੀ ਪੁਸ਼ਟੀ ਲਈ 'ਮੈਂ ਤੇ ਮੇਰਾ ਸਮਾਂ ਦਾ' ਇਕ ਨਿਕਾ ਜਿਹਾ ਕਾਂਡ ਪੇਸ਼ ਕਰ ਰਿਹਾ ਹਾਂ ।ਪਾਠਕ ਖ਼ੁਦ ਜੋਖ ਸਕਦੇ ਹਨ।

✶✶✶

## ਮੈਂ ਤੇ ਮੇਰਾ ਸਮਾਂ/ਮਨਮੋਹਨ ਬਾਵਾ

ਸਿੱਖਾਂ ਦਾ ਇਤਿਹਾਸ ਪੜ੍ਹਦਿਆਂ ਕਿ ਮੁਗ਼ਲੀਆ ਹਕੂਮਤ ਦੇ ਸਮੇਂ ਜੋ ਮੁਸੀਬਤਾਂ ਸਾਡੇ 'ਤੇ ਪਈਆਂ ਜਦੋਂ ਸਿੱਖਾ ਦੇ ਸਿਰ ਦੀ ਕੀਮਤ ਹੁਕਮਰਾਨਾਂ ਦੁਆਰਾ ਲਾਈ ਜਾਂਦੀ ਸੀ, ਹੁਣ ਮੁੜ ਕੇ ਉਸ ਤਰਾਂ ਦਾ ਸਮਾਂ ਕਦੀ ਨਹੀਂ ਆਵੇਗਾ। ਹੁਣ ਅਸੀਂ ਆਜ਼ਾਦ ਹਾਂ। 'ਆਪਣੀ ਹਕੂਮਤ' ਹੈ। ਪਰ ਇਹ ਕੀ ਪਤਾ ਸੀ ਕਿ ਕਾਲ ਬਹੁਤ ਸ਼ਕਤੀਸ਼ਾਲੀ ਅਤੇ ਅਨਿਸਚਿਤ ਹੈ।

ਗੱਲ ਹੈ ਪਹਿਲੀ ਨਵੰਬਰ ਸੰਨ 1984 ਦੀ। ਮੈਂ ਆਸਾਮ ਮੇਲ 'ਚ ਬੈਠਿਆਂ ਸਿੱਕਿਮ ਦੀ ਟ੍ਰੈਕਿੰਗ ਤੋਂ ਵਾਪਸ ਆ ਰਿਹਾ ਸੀ। ਆਪਣੀ ਪਰਬਤ ਯਾਤਰਾ ਨੂੰ ਪੂਰਾ ਕਰ ਲੈਣ ਤੋਂ ਬਾਅਦ ਆਪਣੇ ਆਪ 'ਚ ਪ੍ਰਸੰਨ ਅਤੇ ਸੰਤੁਸ਼ਟ। ਸਵੇਰੇ ਸਵੇਰੇ ਆਸਾਮ ਮੇਲ ਮੁਗ਼ਲ ਸਰਾਏ ਸਟੇਸ਼ਨ 'ਤੇ ਆ ਰੁਕੀ। ਚਾਹ ਪੀਣ ਲਈ ਪਲੇਟਫ਼ਾਰਮ 'ਤੇ ਉਤਰ ਆਇਆ। ਕੁੱਝ ਲੋਕ ਟ੍ਰਾਂਜਿਸਟਰ ਦੁਆਲੇ ਖੜੇ ਇੰਦਰਾ ਗਾਂਧੀ ਦੀ ਹੱਤਿਆ ਬਾਰੇ ਗੱਲਾਂ ਕਰ ਰਹੇ ਸਨ। ਮੈਨੂੰ ਲੱਗਿਆ ਜਿਵੇਂ ਬਹੁਤ ਸਾਰੀਆਂ ਅੱਖਾਂ ਮੇਰੇ ਵੱਲ ਘੂਰ ਰਹੀਆਂ ਹੋਣ।

ਮੇਰੇ ਨਾਲ਼ ਹੀ ਇੱਕ ਬੰਗਾਲੀ ਬਾਬੂ ਸਫ਼ਰ ਕਰ ਰਿਹਾ ਸੀ। ਉਸ ਨੇ ਆ ਕੇ ਮੇਰੇ ਕੰਨ ਵਿੱਚ ਆਖਿਆ, "ਤੁਸੀਂ ਚੁੱਪਚਾਪ ਗੱਡੀ 'ਚ ਜਾ ਕੇ ਬੈਠ ਜਾਓ, ਮੈਨੂੰ ਲੱਛਣ ਕੋਈ ਚੰਗੇ ਨਹੀਂ ਦਿਸ ਰਹੇ।" ਮੈਂ ਪਲੇਟਫ਼ਾਰਮ 'ਤੇ ਖੜੀ ਭੀੜ ਵੱਲ ਨਜ਼ਰ ਮਾਰੀ। ਕੋਲ ਹੀ ਇੱਕ ਸਿੱਖ ਬ੍ਰਿਗੇਡੀਅਰ, ਫਸਟ ਕਲਾਸ ਦੇ ਡੱਬੇ ਸਾਹਮਣੇ ਖੜਾ, ਆਪਣੀਆਂ ਦੋ ਕੁੜੀਆਂ ਨਾਲ਼ ਚਾਹ ਪੀ ਰਿਹਾ ਸੀ।ਉਸ ਤੋਂ ਪਰੇ ਜੂੜੇ 'ਤੇ ਰੁਮਾਲ ਬੰਨੀ ਇੱਕ ਫ਼ੌਜੀ ਜਵਾਨ ਦਾਤਨ ਕਰ ਰਿਹਾ ਸੀ।

ਗੱਡੀ ਤੁਰ ਪਈ ਤੇ ਘੰਟੇ ਕੁ ਬਾਅਦ ਮਿਰਜ਼ਾਪੁਰ ਸਟੇਸ਼ਨ 'ਤੇ ਆ ਰੁਕੀ। ਓਥੋਂ ਦੋ ਸਿਪਾਹੀ ਗੱਡੀ ਦੇ ਡੱਬੇ 'ਚ ਆ ਚੜੇ।ਉਨਾਂ ਬੜੇ ਗੌਹ ਨਾਲ਼ ਸਾਰੇ ਡੱਬੇ 'ਚ ਚੱਕਰ ਲਾਇਆ, ਜਿਵੇਂ ਕਿਸੇ ਮੁਜਰਮ ਦੀ ਤਲਾਸ਼ ਵਿੱਚ ਹੋਣ। ਤੇ ਫੇਰ ਮੇਰੇ ਕੋਲ ਆ ਕੇ ਮੈਨੂੰ ਕਈ ਤਰਾਂ ਦੇ ਸਵਾਲ ਪੁੱਛਣ ਲੱਗੇ, 'ਕਿੱਥੋਂ ਆਇਆ ਏਂ... ਕਿੱਥੇ ਜਾਣਾ ਏਂ...?'

ਸਭ ਕੁੱਝ ਪੁੱਛਣ ਤੋਂ ਬਾਅਦ ਉਨਾਂ 'ਚੋਂ ਇੱਕ ਨੇ ਕਿਹਾ, 'ਅੱਗੇ ਖ਼ਤਰਾ ਹੈ। ਤੁਸੀਂ

ਅੱਗੇ ਅਲਾਹਬਾਦ ਸਟੇਸ਼ਨ ’ਤੇ ਹੀ ਉਤਰ ਜਾਣਾ।’

‘ਸਿਰਫ਼ ਮੈਨੂੰ ਹੀ ਖ਼ਤਰਾ ਹੈ ? ਹੋਰ ਕਿਸੇ ਨੂੰ ਨਹੀਂ ?’ ਮੈਂ ਪੁੱਛਿਆ।

‘ਹਾਂ ਸਿਰਫ਼ ਤੈਨੂੰ ਹੀ।’ ਅੱਗਿਓਂ ਉਸ ਨੇ ਖਿਝ ਕੇ ਆਖਿਆ ਤੇ ਫੇਰ ਇੱਕ ਵਾਰੀ ਆਪਣੀ ਗੱਲ ਦੁਹਰਾ ਕੇ ਅੱਗੇ ਲੰਘ ਗਿਆ। ਇੱਕ ਹੋਰ ਸਿੱਖ ਉਸ ਡੱਬੇ ’ਚ ਬੈਠਿਆ ਹੋਇਆ ਸੀ। ਉਹ ਆਪਣਾ ਸਮਾਨ ਚੁੱਕ ਕੇ ਮੇਰੇ ਕੋਲ ਆ ਬੈਠਿਆ। ਉਹ ਫ਼ੌਜ ਵਿੱਚ ਸੂਬੇਦਾਰ ਸੀ ਅਤੇ ਨਾਗਾਲੈਂਡ ਤੋਂ ਵਾਪਸ ਆ ਰਿਹਾ ਸੀ। ਅਸੀਂ ਦੋਵੇਂ ਆਪਸ ਵਿੱਚ ਗੱਲਾਂ ਕਰਦੇ ਰਹੇ ਪਰ ਮੈਨੂੰ ਖ਼ਤਰੇ ਵਾਲੀ ਗੱਲ ਸਮਝ ਨਾ ਆਈ।

ਥੋੜੀ ਦੇਰ ਬਾਅਦ ਇੱਕ ਸਾਊ ਜਿਹਾ ਨੌਜਵਾਨ ਸਾਡੇ ਕੋਲ ਆ ਕੇ ਖੜਾ ਹੋ ਗਿਆ ਅਤੇ ਉਹ ਵੀ ਸਿਪਾਹੀਆਂ ਵਰਗੇ ਸਵਾਲ ਪੁੱਛਣ ਲੱਗਾ। ਪਰ ਫ਼ਰਕ ਇਹ ਸੀ ਕਿ ਸਿਪਾਹੀਆਂ ਦੀ ਆਵਾਜ਼ ਵਿੱਚ ਹੁਕਮ ਸੀ ਤੇ ਇਸਦੇ ਲਹਿਜ਼ੇ ਵਿੱਚ ਹਮਦਰਦੀ।

‘ਅੱਗੇ ਅਲਾਹਬਾਦ ਸਟੇਸ਼ਨ ’ਤੇ ਗੱਡੀ ਰੁਕੇਗੀ। ਤੁਸੀਂ ਓਥੇ ਹੀ ਉਤਰ ਜਾਣਾ।’ ਉਸ ਨੇ ਸਿਪਾਹੀਆਂ ਵਾਲੀ ਗੱਲ ਦੁਹਰਾਈ।

‘ਕਿਉਂ, ਅੱਗੇ ਕੀ ਖ਼ਤਰਾ ਹੈ ?’

‘ਕਾਨਪੁਰ ਦੇ ਸਟੇਸ਼ਨ ’ਤੇ ਬਹੁਤ ਖ਼ੂਨ-ਖ਼ਰਾਬਾ ਹੋ ਰਿਹਾ ਹੈ। ਤੁਹਾਡੇ ਲੋਕਾਂ ਨੂੰ ਗੱਡੀਆਂ ’ਚੋਂ ਉਤਾਰ ਕੇ ਮਾਰਿਆ ਜਾ ਰਿਹਾ ਹੈ।’ ਉਸ ਉੱਤਰ ਦਿੱਤਾ।

‘ਕਾਨਪੁਰ ਦੇ ਸਟੇਸ਼ਨ ’ਤੇ ?’ ਸੂਬੇਦਾਰ ਨੇ ਕੁੱਝ ਸੋਚਦੇ ਹੋਏ ਆਖਿਆ। ਕੁੱਝ ਸਾਲ ਪਹਿਲਾਂ, ਜਦ ਅਸੀਂ ਬੰਗਲਾਦੇਸ਼ ਤੋਂ ਵਾਪਸ ਆ ਰਹੇ ਸਾਂ, ਤਾਂ ਇਸੇ ਸਟੇਸ਼ਨ ’ਤੇ ਸਾਡੇ ਗਲ਼ਾਂ ਵਿੱਚ ਹਾਰ ਪਾਏ ਜਾ ਰਹੇ ਸਨ। ਮਠਿਆਈਆਂ ਵੰਡੀਆਂ ਜਾ ਰਹੀਆਂ ਸਨ...!’

ਗੱਡੀ ਅਲਾਹਬਾਦ ਸਟੇਸ਼ਨ ’ਤੇ ਆ ਰੁਕੀ। ਪਰ ਅਸੀਂ ਦੋਵੇਂ ਹਾਲੇ ਵੀ ਜੱਕੋ-ਤੱਕੀ ’ਚ ਬੈਠੇ ਸਾਂ। ਉਂਞ ਮੇਰੇ ਇੱਕ ਪੁਰਾਣੇ ਜਾਣਕਾਰ ਏਥੇ ਰਹਿੰਦੇ ਸਨ। ਪਰ ਮੇਰਾ ਮਨ ਉਤਰਨ ਨੂੰ ਨਹੀਂ ਸੀ ਕਰ ਰਿਹਾ।

‘ਤੁਸੀਂ ਹਾਲੇ ਏਥੇ ਹੀ ਬੈਠੇ ਹੋ ?’ ਉਹ ਨੌਜਵਾਨ ਫੇਰ ਆ ਕੇ ਬੋਲਿਆ।

‘ਮੈਂ ਸੋਚਦਾ ਹਾਂ...।’ ਮੈਂ ਕਹਿਣ ਲੱਗਾ।

‘ਸਰਦਾਰ ਜੀ, ਏਹ ਸੋਚਣ ਦਾ ਵੇਲਾ ਨਹੀਂ; ਤੁਸੀਂ ਸ਼ਾਇਦ ਮੇਰੀ ਗੱਲ ’ਤੇ ਯਕੀਨ ਨਹੀਂ ਕਰ ਰਹੇ। ਮੈਂ ਸੁਣੀ ਸੁਣਾਈ ਗੱਲ ਨਹੀਂ ਕਰ ਰਿਹਾ- ਸਭ ਅੱਖੀਂ ਵੇਖਿਆ ਹੈ।’ ਫੇਰ ਕੁੱਝ ਦੇਰ ਚੁੱਪ ਰਹਿ ਕੇ ਬੋਲਿਆ, ‘ਏਥੇ ਰਿਟਾਇਰਿੰਗ ਰੂਮ ਹੈ- ਸਟੇਸ਼ਨ ਉੱਤੇ- ਉਂਞ ਮੇਰਾ ਘਰ ਵੀ ਬਹੁਤ ਦੂਰ ਨਹੀਂ। ਜੇ ਚਾਹੋ ਤਾਂ ਮੇਰੇ ਨਾਲ਼ ਚੱਲ ਸਕਦੇ ਹੋ...।’

ਇਹ ਕਹਿ ਕੇ ਉਸ ਨੇ ਮੇਰਾ ਅਤੇ ਸੂਬੇਦਾਰ ਦਾ ਸਮਾਨ ਥੱਲੇ ਲਾਹੁਣਾ ਸ਼ੁਰੂ ਕਰ ਦਿੱਤਾ। ਬੰਗਾਲੀ ਬਾਬੂ ਵੀ ਸਮਾਨ ਥੱਲੇ ਉਤਾਰਨ ’ਚ ਸਹਾਇਤਾ ਕਰ ਰਿਹਾ ਸੀ। ਸੂਬੇਦਾਰ ਕੁੱਲੀ ਕੋਲੋਂ ਸਮਾਨ ਚੁਕਾ ਕੇ ਰਿਟਾਇਰਿੰਗ ਰੂਮ ’ਚ ਚਲਾ ਗਿਆ ਤੇ ਮੈਂ ਆਪਣਾ ਸੂਟ-ਕੇਸ ਚੁੱਕ ਕੇ ਸਟੇਸ਼ਨ ਦੇ ਬਾਹਰ ਆ ਗਿਆ।

ਸਾਹਮਣੇ ਇੱਕ ਸਾਇਕਲ ਰਿਕਸ਼ਾ ਵੇਖ ਕੇ ਮੈਂ ਰਿਕਸ਼ੇ ਵਾਲੇ ਨੂੰ ਪੁੱਛਿਆ, ‘ਚਲੇਂਗਾ ?’

‘ਕਿੱਧਰ ਜਾਣਾ ਏ ?’

‘ਸਿਵਲ ਲਾਇਨਜ਼।’

'ਤਾਂ ਠੀਕ ਏ। ਮੈਂ ਸੋਚਿਆ ਸ਼ਹਿਰ ਜਾਣਾ ਏ।'

ਮੈਂ ਰਿਕਸ਼ੇ 'ਤੇ ਬੈਠ ਗਿਆ। ਰਿਕਸ਼ੇ ਵਾਲੇ ਨੇ ਆਪਣੀ ਮਹਿੰਦੀ ਨਾਲ਼ ਰੰਗੀ ਦਾਹੜੀ 'ਤੇ ਹੱਥ ਫੇਰਦੇ ਹੋਏ ਆਖਿਆ, 'ਸ਼ਹਿਰ ਵੱਲ ਗੜਬੜ ਹੋ ਰਹੀ ਹੈ। ਮੈਂ ਤੁਹਾਨੂੰ ਬਾਹਰੋਂ ਬਾਹਰ ਲੈ ਜਾਵਾਂਗਾ।'

ਰਸਤੇ ਵਿੱਚ ਕੋਈ ਬਾਜ਼ਾਰ ਜਾਂ ਸੰਘਣੀ ਆਬਾਦੀ ਨਹੀਂ ਸੀ। ਸੜਕ ਉੱਤੇ ਕੋਈ ਟਾਵਾਂ-ਟਾਵਾਂ ਬੰਦਾ ਨਜ਼ਰ ਆ ਜਾਂਦਾ। ਇੱਕ ਪਾਨ ਦੀ ਦੁਕਾਨ ਸਾਹਮਣੇ ਪੰਜ ਛੇ ਆਦਮੀ ਖੜੇ ਸਨ। ਉਨਾਂ ਸਾਇਕਲ ਰਿਕਸ਼ੇ 'ਚ ਬੈਠੇ ਮੇਰੇ ਵੱਲ ਘੂਰ ਕੇ ਵੇਖਿਆ। ਰਿਕਸ਼ੇ ਵਾਲੇ ਦੇ ਮੂੰਹ 'ਚੋਂ ਨਿਕਲਿਆ, 'ਅੱਲਾ ਖ਼ੈਰ ਕਰੇ'। ਤੇ ਉਸ ਨੇ ਸਾਰਾ ਜ਼ੋਰ ਲਾ ਕੇ ਰਿਕਸ਼ਾ ਤੇਜ਼ ਚਲਾਉਣਾ ਸ਼ੁਰੂ ਕਰ ਦਿੱਤਾ। ਜਦ ਰਿਕਸ਼ਾ ਮੇਰੇ ਵਾਕਫ਼ ਲਾਲਾ ਜੀ ਦੀ ਕੋਠੀ ਸਾਹਮਣੇ ਆ ਖੜਾ ਹੋਇਆ ਤਾਂ ਰਿਕਸ਼ੇ ਵਾਲੇ ਨੇ ਸੁਖ ਦਾ ਸਾਹ ਲਿਆ।

ਮੈਂ ਆਪਣਾ ਪਿੱਠੂ ਚੁੱਕਿਆ ਅਤੇ ਕੋਠੀ ਦਾ ਗੇਟ ਖੋਲ ਕੇ ਅੰਦਰ ਵੜ ਗਿਆ। ਲਾਲਾ ਜੀ ਕੋਠੀ ਦੇ ਵਰਾਂਡੇ 'ਚ ਬੈਠੇ ਆਪਣੇ ਨੌਕਰ ਨਾਲ਼ ਗੱਲਾਂ ਕਰ ਰਹੇ ਸਨ। ਮੈਨੂੰ ਅੰਦਰ ਆਉਂਦਿਆਂ ਵੇਖਿਆ ਤਾਂ ਹੈਰਾਨੀ ਅਤੇ ਖ਼ੁਸ਼ੀ ਨਾਲ਼ ਬੋਲੇ,

'ਆਓ ਜੀ, ਅੱਜ ਅਚਾਨਕ ਕਿਸ ਤਰਾਂ ?'

ਦੋ ਕੁ ਦਿਨ ਬਾਅਦ ਪਤਾ ਲੱਗਿਆ ਕਿ ਜਿਸ ਗੱਡੀ 'ਚ ਮੈਂ ਹੋਣਾ ਸੀ, ਕਾਨਪੁਰ ਦੇ ਸਟੇਸ਼ਨ 'ਤੇ ਸਾਰੇ ਸਿੱਖਾਂ ਨੂੰ ਡੱਬਿਆਂ 'ਚੋਂ ਕੱਢ-ਕੱਢ ਕੇ ਮਾਰ ਦਿੱਤਾ ਗਿਆ। ਇਹ ਸੁਣਦਿਆਂ ਮੈਂ ਅੰਦਰੋਂ ਅੰਦਰ ਕੰਬ ਉੱਠਿਆ। ਨਾਲ਼ ਇਹ ਵੀ ਸੋਚਣੋਂ ਨਾ ਰਹਿ ਸਕਿਆ ਕਿ ਉਸ ਗੱਡੀ 'ਚ ਯਾਤਰਾ ਕਰ ਰਹੀ ਬ੍ਰਿਗੇਡੀਅਰ ਦੇ ਪਰਿਵਾਰ ਅਤੇ ਸੂਬੇਦਾਰ ਦਾ ਕੀ ਹਸ਼ਰ ਹੋਇਆ ਹੋਵੇਗਾ ?

ਅਲਾਹਬਾਦ 'ਚ ਵੀ ਹਾਲਾਤ ਸਾਜ਼ਗਾਰ ਨਹੀਂ ਸੀ। ਲਾਲਾ ਜੀ ਨੂੰ ਵੀ ਟੈਲੀਫ਼ੋਨ ਤੇ ਚੇਤਾਵਨੀਆਂ/ਧਮਕੀਆਂ ਆਉਂਦੀਆਂ ਰਹੀਆਂ ਕਿ ਉਨਾਂ ਇੱਕ ਗੱਦਾਰ ਨੂੰ ਆਪਣੇ ਘਰ ਲੁਕਾਇਆ ਹੋਇਆ ਹੈ। ਲਾਲਾ ਜੀ ਦੇ ਘਰ ਅਖ਼ਬਾਰ ਦੇ ਸਿਵਾ ਕੋਈ ਕਿਤਾਬ, ਕੋਈ ਪਰਚਾ ਨਹੀਂ ਸੀ ਜਿਨਾਂ ਨੂੰ ਪੜ ਕੇ ਮੈਂ ਆਪਣਾ ਸਮਾਂ ਗੁਜ਼ਾਰ ਸਕਦਾ। ਸਿਵਾਏ ਸੋਚਦੇ ਰਹਿਣ ਦੇ: ਲੋਕ ਉਹ ਸਭ ਕੁੱਝ ਭੁੱਲ ਗਏ ਕਿ ਅਸੀਂ ਉਹੀ ਸਿੱਖ ਹਾਂ ਜਿਨਾਂ ਪਾਕਿਸਤਾਨ ਨਾਲ਼ ਲੜਦਿਆਂ ਅਨੇਕਾਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਬੰਗਲਾਦੇਸ਼ 'ਚ ਜਿੱਤ ਦੇ ਝੰਡੇ ਝੁਲਾਏ...। ਆਪਣੀ ਜਾਨ ਦੀ ਚਿੰਤਾ ਦੇ ਨਾਲ਼-ਨਾਲ਼ ਆਪਣੇ ਪਰਿਵਾਰ ਅਤੇ ਦਿੱਲੀ 'ਚ ਰਹਿ ਰਹੇ ਆਪਣੇ ਰਿਸ਼ਤੇਦਾਰਾਂ ਬਾਰੇ ਵੀ ਸੋਚਦਾ ਰਿਹਾ। ਕਦੀ ਟੈਲੀਫ਼ੋਨ ਦੁਆਰਾ ਆਪਣੇ ਪਰਿਵਾਰ, ਬੀਵੀ ਨਾਲ਼ ਗੱਲਬਾਤ ਕਰਦਿਆਂ ਆਪਣੇ 'ਸੁਖ ਸਾਂਦ' ਬਾਰੇ ਦੱਸ ਦੇਂਦਾ। ਇਹ ਵੀ ਟੈਲੀਫ਼ੋਨ ਦੁਆਰਾ (ਅਤੇ ਅਖ਼ਬਾਰਾਂ ਦੁਆਰਾ) ਦਿੱਲੀ 'ਚ ਹੋ ਰਹੇ ਦੰਗਿਆਂ ਦੀਆਂ ਖ਼ਬਰਾਂ ਵੀ ਮਿਲਦੀਆਂ ਰਹੀਆਂ।

ਕਦੀ ਇਹ ਸੋਚਦਾ ਕਿ ਇੱਕ ਸਿੱਖ ਦੁਆਰਾ ਇੰਦਰਾ ਗਾਂਧੀ ਦਾ ਕਤਲ ਹੋਣ ਨਾਲ਼ ਸਾਰੇ ਸਿੱਖ ਗੱਦਾਰ ਹੋ ਗਏ ? ਅਤੇ ਜਦ ਗੌਡਸੇ ਨੇ ਮਹਾਤਮਾ ਗਾਂਧੀ ਨੂੰ ਮਾਰਿਆ ਤਾਂ ਸਾਰੇ ਮਹਾਰਾਸ਼ਟਰੀਆਂ ਜਾਂ ਪੂਨਾ ਦੇ ਨਿਵਾਸੀਆਂ ਵਿਰੁੱਧ ਕਿਸੇ ਨੇ ਇੱਕ ਸ਼ਬਦ ਵੀ ਨਹੀਂ ਬੋਲਿਆ ? ਮੈਂ ਇਹ ਸਵਾਲ ਹਾਲੇ ਵੀ ਭਾਰਤ ਦੇ ਸਾਰੇ ਹਿੰਦੂਆਂ ਤੋਂ ਪੁੱਛਦਾ ਹਾਂ, ਪਰ ਹਾਲੇ ਤੱਕ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਮਿਲਿਆ। ਨਾ ਕਿਸੇ ਨੇਤਾ ਵੱਲੋਂ, ਨਾ ਕਿਸੇ ਲੇਖਕ ਵੱਲੋਂ ਅਤੇ ਨਾ

ਹੀ ਕਿਸੇ ਫ਼ਿਲਾਸਫਰ ਵੱਲੋਂ। ਜੋ ਅੱਜ ਤੱਕ ਮੈਨੂੰ ਸਮਝ 'ਚ ਆਇਆ, ਉਸ ਦੇ ਲਈ ਮੇਰੇ ਕੋਲ ਸ਼ਬਦ ਨਹੀਂ ਹਨ। ਜਾਂ ਇਹ ਵੀ ਕਿ ਹਾਲੇ ਤੱਕ ਮੈਂ ਆਪ ਵੀ ਪੂਰੀ ਤਰਾਂ ਨਹੀਂ ਸਮਝ ਸਕਿਆ। ਇੰਨਾ ਜ਼ਰੂਰ ਸਮਝ ਸਕਿਆ ਹਾਂ ਕਿ ਦੁਨੀਆਂ ਦੇ ਵੱਖ-ਵੱਖ ਧਰਮਾਂ ਨੇ ਜਿੰਨੀਆਂ ਲੜਾਈਆਂ ਆਪਸ 'ਚ ਲੜੀਆਂ, ਉਸ ਦੀ ਗਿਣਤੀ ਵੀ ਨਹੀਂ ਕੀਤੀ ਜਾ ਸਕਦੀ। ਲਗਦਾ ਹੈ ਕਿ ਧਰਮ ਪੈਦਾ ਹੀ ਆਪਸ 'ਚ ਲੜਣ ਵਾਸਤੇ ਹੋਏ ਹਨ। ਅਲਾਮਾ ਇਕਬਾਲ ਨੇ ਆਖਿਆ ਸੀ: ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਬੈਰ ਰਖਣਾ...। ਪਰ ਲਗਦਾ ਇਹ ਹੈ ਕਿ ਮਜ਼ਹਬ ਹੀ ਹੈ ਸਿਖਾਤਾ, ਆਪਸ ਮੇਂ ਬੈਰ ਰਖਣਾ।

ਅਲਬੱਤਾ ਮੇਰੇ ਇਨਾਂ ਸਾਰੇ ਪ੍ਰਸ਼ਨਾਂ ਦਾ ਜਵਾਬ ਮੈਨੂੰ ਸਿਰਫ਼ ਇੱਕੋ ਲੇਖਕ/ਵਿਚਾਰਕ 'ਨਿਰੋਦ ਸੀ. ਚੌਧਰੀ' ਦੀ ਪੁਸਤਕ 'ਹਿੰਦੂਇਜ਼ਮ' ਅਤੇ 'ਕੰਟੀਨੈਂਟ ਆਫ਼ ਸਾਇਰਸ' ਤੋਂ ਜ਼ਰੂਰ ਮਿਲਿਆ। ਉਸ ਦੇ ਵਿਸ਼ਲੇਸ਼ਣ ਅਤੇ ਸਾਫ਼ਗੋਈ ਤੋਂ ਸਾਰੇ ਹਿੰਦੋਸਤਾਨੀ (ਖ਼ਾਸ ਕਰਕੇ ਕੱਟੜ ਹਿੰਦੂ) ਉਸ ਤੋਂ ਐਨੇ ਨਰਾਜ਼ ਹੋ ਗਏ ਕਿ ਨਾ ਸਿਰਫ਼ ਉਸ ਨੂੰ ਨੌਕਰੀ ਤੋਂ ਹੀ ਬਰਤਰਫ਼ ਕੀਤਾ ਗਿਆ ਬਲਕਿ ਉਸਨੂੰ ਹਿੰਦੋਸਤਾਨ ਛੱਡਣ 'ਤੇ ਮਜਬੂਰ ਕਰ ਦਿੱਤਾ। ਬਾਕੀ ਦੀ ਸਾਰੀ ਉਮਰ ਉਸ ਨੇ ਲੰਦਨ ਰਹਿੰਦਿਆਂ ਜਲਾਵਤਨੀ 'ਚ ਹੀ ਗੁਜ਼ਾਰੀ। ਜਿੱਥੋਂ ਤੱਕ ਮੈਨੂੰ ਯਾਦ ਹੈ ਉਸ ਨੇ ਸਿੱਖਾਂ ਦੇ ਮੁਤਅਲਕ ਕਾਫ਼ੀ ਸਕਾਰਾਤਮਕ ਟਿੱਪਣੀਆਂ ਕੀਤੀਆਂ ਹਨ ਅਤੇ ਸਭ ਤੋਂ ਵੱਧ ਆਲੋਚਨਾ, ਬੁਰਾਈਆਂ ਆਪਣੇ ਬੰਗਾਲੀਆਂ ਦੀਆ।

ਕੁੱਝ ਦਿਨ ਇਸੇ ਤਰਾਂ ਹੀ ਬੀਤ ਗਏ, ਲਾਲਾ ਜੀ ਦੇ ਘਰ 'ਚ ਲੁਕ ਕੇ ਬੈਠਿਆਂ। ਇੱਕ ਦਿਨ ਟੈਲੀਫ਼ੋਨ ਦੀ ਘੰਟੀ ਵੱਜੀ ਤਾਂ ਉਸਦੀ ਬੀਵੀ ਸ਼ੀਲਾ ਨੇ ਰਿਸੀਵਰ ਚੁੱਕ ਕੇ ਸੁਣਿਆ ਤੇ ਲਾਲਾ ਜੀ ਨੂੰ ਸੰਬੋਧਿਤ ਕਰਦੇ ਹੋਏ ਆਖਿਆ, 'ਠਾਕਰ ਸਾਹਿਬ ਤੁਹਾਡੇ ਨਾਲ਼ ਗੱਲ ਕਰਨਾ ਚਾਹੁੰਦੇ ਹਨ।'

ਲਾਲਾ ਜੀ ਟੈਲੀਫ਼ੋਨ ਕੰਨ ਨਾਲ਼ ਲਾਈ ਕਹਿ ਰਹੇ ਸਨ, 'ਇਹ ਤੇ ਆਪਣਾ ਅਜੀਜ਼ ਏ ਠਾਕੁਰ ਸਾਹਿਬ। ਉਸ ਦੇ ਪਿਤਾ ਜੀ ਕਾਂਗਰਸ ਦੇ ਮਸ਼ਹੂਰ ਨੇਤਾ ਸਨ... ਤੁਸੀਂ ਸੁਣੋ ਤੇ ਸਹੀ...। ਉਨਾਂ ਦੇ ਸਾਰੇ ਖ਼ਾਨਦਾਨ ਨੂੰ ਮੈਂ ਜਾਣਦਾ ਹਾਂ... ਇਹ ਕੀ ਕਹਿ ਰਹੇ ਹੋ ?...ਕੌਣ ਗੱਦਾਰ ?ਨਹੀਂ ਨਹੀਂ। ਉਹ ਮੇਰੇ ਮੁਅਜ਼ਿਜ਼ ਮਹਿਮਾਨ ਨੇ... ਅੱਛਾ ਅੱਛਾ।'

ਮੈਂ ਵੇਖਿਆ ਉਨਾਂ ਦਾ ਚਿਹਰਾ ਪੀਲਾ ਪੈ ਗਿਆ ਸੀ। ਉਸ ਨੂੰ ਸਾਰੀ ਗੱਲ ਸਮਝ 'ਚ ਆ ਗਈ ਸੀ। ਉਹ ਬੋਲੇ, "ਸਾਲੇ ਪਾਗਲ ਹੋ ਗਏ ਨੇ। ਤੂੰ ਚਿੰਤਾ ਨਾ ਕਰ ਬਰਖ਼ੁਰਦਾਰ... ਮੇਰੇ ਜੀਉਂਦਿਆਂ ਤੇਰਾ ਕੋਈ ਕੁੱਝ ਵਗਾੜ ਨਹੀਂ ਸਕਦਾ। ਜ਼ਰੂਰ ਤੈਨੂੰ ਕਿਸੇ ਵੇਖ ਲਿਆ ਹੋਵੇਗਾ। ਪਤਾ ਨਹੀਂ ਕਿਸ ਕਿਸ ਤਰਾਂ ਦੇ ਲੋਕ ਫਿਰਦੇ ਰਹਿੰਦੇ ਨੇ ? ਕੁੱਝ ਦੇਰ ਪਹਿਲਾਂ ਹੀ ਮੈਂ ਦੋ ਆਦਮੀਆਂ ਨੂੰ ਕੋਠੀ ਦੇ ਬਾਹਰ ਦਰਖ਼ਤ ਪਿੱਛੇ ਖੜੇ ਇਸ ਪਾਸੇ ਝਾਕਦੇ ਵੇਖਿਆ ਸੀ...। ਹਾਂ- ਬਸ ਬਾਹਰ ਵਰਾਂਡੇ 'ਚ ਨਾ ਆਉਣਾ। ਅੰਦਰ ਹੀ ਰਹਿਣਾ...।'

ਅਗਲੇ ਦਿਨ ਹੀ ਤਿੰਨ ਚਾਰ 'ਨੇਤਾ' ਜਹੇ ਆਦਮੀ ਲਾਲਾ ਜੀ ਨੂੰ ਮਿਲਣ ਆਏ। ਗੱਲਾਂ ਕਰਦਿਆਂ ਉਨਾਂ ਦੀਆਂ ਨਜ਼ਰਾਂ ਇਧਰ-ਉਧਰ ਘੁੰਮ ਰਹੀਆਂ ਸਨ। ਕੁੱਝ ਦੇਰ ਸ਼ਹਿਰ 'ਚ ਹੋ ਰਹੀ ਗੜਬੜ ਅਤੇ ਦੇਸ਼ ਦੇ ਹਾਲਾਤ ਬਾਰੇ ਗੱਲਾਂ ਕਰਨ ਤੋਂ ਬਾਅਦ ਉਹ ਚਲੇ ਗਏ। ਮੈਂ ਪਿਛਲੇ ਕਮਰੇ 'ਚ ਚੁੱਪਚਾਪ ਲੁਕਿਆ ਬੈਠਿਆ ਰਿਹਾ। ਮੈਨੂੰ ਇਸ ਤਰਾਂ ਮੁਜਰਮਾਂ ਵਾਂਗ ਮੂੰਹ ਲੁਕਾਉਂਦਿਆਂ ਆਪਣੇ ਆਪ 'ਚ ਬਹੁਤ ਸ਼ਰਮ ਆ ਰਹੀ ਸੀ। ਮੇਰੀਆਂ ਅੱਖਾਂ ਭਰ ਆਈਆਂ

ਅਤੇ ਜੀ ਕੀਤਾ ਕਿ ਮੈਂ ਪਿਛਲੇ ਬੂਹਿਓਂ ਨਿਕਲ ਕੇ ਭੱਜ ਜਾਵਾਂ।

'ਕੌਣ ਸਨ ਏਹ ?' ਲਾਲਾ ਜੀ ਨੂੰ ਅੰਦਰ ਆਉਂਦਿਆਂ ਵੇਖ ਕੇ ਮੈਂ ਪੁੱਛਿਆ।

'ਮੈਂ ਜਾਣਦਾ ਹਾਂ ਇਹ ਹਰਾਮਜ਼ਾਦੇ ਕਿਉਂ ਆਏ ਸਨ...।' ਉਨਾਂ ਦੇ ਬੋਲਾਂ 'ਚ ਘਬਰਾਹਟ ਅਤੇ ਜ਼ਬਾਨ ਕੰਬ ਰਹੀ ਸੀ। ਤੇ ਫੇਰ ਉਹ ਉੱਥੇ ਹੀ ਮੇਰੇ ਕੋਲ ਇੱਕ ਕੁਰਸੀ 'ਤੇ ਬੈਠ ਗਏ। ਸ਼ੀਲਾ ਚਾਹ ਦੇ ਦੋ ਪਿਆਲੇ ਫੜੀ ਅੰਦਰ ਆਈ ਤੇ ਇੱਕ ਇੱਕ ਪਿਆਲਾ ਉਨਾਂ ਨੂੰ ਫੜਾ ਕੇ ਇੱਕ ਪਾਸੇ ਖੜੀ ਹੋ ਗਈ।

ਲਾਲਾ ਜੀ ਮੇਰੇ ਵੱਲ ਵੇਖਦੇ ਹੋਏ ਬੋਲੇ, 'ਜੇ ਬੁਰਾ ਨਾ ਮੰਨੇ ਤਾਂ ਇੱਕ ਗੱਲ ਆਖਾਂ।'

'ਤੁਸੀਂ ਦੱਸੋ ਲਾਲਾ ਜੀ।'

'ਤੂੰ ਵਾਲ ਕਿਉਂ ਨਹੀਂ ਕਟਾ ਦੇਂਦਾ ? ਆਖ਼ਰ ਸਾਰੇ ਸਿੱਖ ਪਹਿਲਾਂ ਹਿੰਦੂ ਹੀ ਹੁੰਦੇ ਸਨ।'

'ਹੁਣ ਵੀ ਤੇ ਹਿੰਦੂ ਹੀ ਹਨ। ਹਿੰਦੂ ਸਿੱਖਾਂ 'ਚ ਫ਼ਰਕ ਹੀ ਕੀ ਏ ?'

'ਮੇਰਾ ਮਤਲਬ ਹੈ...।'

ਮੈਨੂੰ ਸਮਝ ਨਾ ਆਇਆ ਕਿ ਉਹ ਇਹ ਗੱਲ ਉਸ ਪ੍ਰਤਿ ਹਮਦਰਦੀ ਵਜੋਂ ਕਹਿ ਰਹੇ ਸਨ ਜਾਂ ਮਨ ਵਿੱਚ ਕੋਈ ਹੋਰ ਗੱਲ ਸੀ।

'ਤੁਸੀਂ ਉਂਝ ਠੀਕ ਫਰਮਾ ਰਹੇ ਹੋ ਲਾਲਾ ਜੀ। ਪਰ ਮੈਨੂੰ ਲੱਗਦਾ ਏ ਕਿ ਇਹ ਕਾਇਰਤਾ ਹੋਵੇਗੀ। ਉਂਜ ਆਪਣੀ ਮਰਜ਼ੀ ਨਾਲ਼ ਵਾਲ ਕਟਾ ਲੈਂਦਾ ਤਾਂ ਹੋਰ ਗੱਲ ਹੋਣੀ ਸੀ।'

ਮੈਂ ਏਹ ਕਹਿ ਤਾਂ ਦਿੱਤਾ ਪਰ ਮਨ ਹੀ ਮਨ ਸੋਚ ਰਿਹਾ ਸੀ ਕਿ ਇੰਝ ਪਿਛਲੇ ਕਮਰਿਆਂ 'ਚ ਲੁਕ ਕੇ ਬੈਠੇ ਰਹਿਣਾ ਵੀ ਕਿਹੜੀ ਬਹਾਦਰੀ ਏ ?

'ਜੀਵਨ ਤੋਂ ਵੱਧ ਕੀਮਤੀ ਹੋਰ ਕੋਈ ਚੀਜ਼ ਨਹੀਂ ਹੁੰਦੀ। ਤੁਹਾਡੇ ਬਾਲ ਬੱਚੇ ਤੁਹਾਡੀ ਘਰ ਵਾਲੀ... ? ਏਹ ਕਾਇਰਤਾ ਤੇ ਬਹਾਦਰੀ ਦੇ ਚੱਕਰਾਂ 'ਚ ਨਾ ਪਵੋ ਇਸ ਵੇਲੇ...।' ਸ਼ੀਲਾ ਨੇ ਆਪਣਾ ਗ਼ਮ ਉਸ ਨਾਲ਼ ਸਾਂਝਿਆਂ ਕਰਦੇ ਗੰਭੀਰਤਾ ਨਾਲ਼ ਆਖਿਆ।

ਦੂਰੋਂ ਫ਼ਸਾਦੀਆਂ ਦਾ ਰੌਲ਼ਾ ਕਦੀ ਕਦੀ ਕੰਨੀਂ ਪੈ ਰਿਹਾ ਸੀ। ਦਿਨ ਬੀਤ ਚੁੱਕਿਆ ਸੀ ਅਤੇ ਹਨੇਰੇ ਵਿੱਚ ਸੜਦੇ ਮਕਾਨਾਂ 'ਚੋਂ ਨਿਕਲਦੀਆਂ ਅੱਗ ਦੀਆਂ ਲਾਟਾਂ ਦੀ ਰੋਸ਼ਨੀ ਕਿਸੇ ਵੇਲੇ ਸ਼ੀਸ਼ੇ ਦੀ ਬਾਰੀ ਥਾਣੀਂ ਅੰਦਰ ਆ ਜਾਂਦੀ। ਟੈਲੀਫ਼ੋਨ ਦੀ ਘੰਟੀ ਵੱਜੀ ਤਾਂ ਲਾਲਾ ਜੀ ਉੱਠ ਕੇ ਟੈਲੀਫ਼ੋਨ ਸੁਨਣ ਚਲੇ ਗਏ।

'ਤੁਸੀਂ ਸਾਡੇ ਘਰ ਆਏ ਵੀ ਤਾਂ ਕਿਸ ਹਾਲਾਤ ਵਿੱਚ।' ਸ਼ੀਲਾ ਬੋਲੀ ਪਰ ਮੈਂ ਚੁੱਪ ਰਿਹਾ।

'ਤੁਹਾਨੂੰ ਵੀ ਬੜਾ ਅਜੀਬ ਲੱਗ ਰਿਹਾ ਹੋਵੇਗਾ।'

'ਹਾਂ, ਓਹ ਤੇ ਸੁਭਾਵਕ ਹੀ ਹੈ।'

'ਕੋਈ ਸੋਚ ਸਕਦਾ ਸੀ ਕਿ ਮੁੜ ਇਸ ਤਰਾਂ ਦੇ ਦਿਨ ਵੇਖਣੇ ਪੈਣਗੇ ?'

'ਜਦੋਂ ਪਾਕਿਸਤਾਨ ਬਣਿਆਂ ਤਾਂ...। ਪਰ ਮੈਨੂੰ ਲੱਗਦਾ ਹੈ ਕਿ ਆਦਮੀ ਆਪਣੀਆਂ ਪਿਛਲੀਆਂ ਗ਼ਲਤੀਆਂ ਤੋਂ ਵੀ ਕੁੱਝ ਨਹੀਂ ਸਿੱਖਦਾ।'

ਮੈਂ ਇੱਕ ਵਾਰੀ ਉਸ ਵੱਲ ਵੇਖਿਆ ਤੇ ਬੋਲਿਆ, 'ਮੈਨੂੰ ਡਰ ਏ ਕਿ ਮੇਰੇ ਕਾਰਨ ਲਾਲਾ ਜੀ ਕਿਸੇ ਮੁਸੀਬਤ 'ਚ ਨਾ ਫਸ ਜਾਣ।'

ਲਾਲਾ ਜੀ ਟੈਲੀਫ਼ੋਨ ਸੁਣ ਕੇ ਵਾਪਸ ਆਏ ਤਾਂ ਉਨਾਂ ਦੇ ਚਿਹਰੇ ’ਤੇ ਹਵਾਈਆਂ ਉਡ ਰਹੀਆਂ ਸਨ।

‘ਕੌਣ ਸੀ ?’ ਸ਼ੀਲਾ ਨੇ ਪੁੱਛਿਆ, ‘ਓਹੀ ਗੁਪਤਾ ਜੀ ?’

‘ਕੀ ਕਹਿ ਰਿਹਾ ਸੀ ?’

‘ਅੱਜ ਕੱਲ ਤੇ ਇਹੋ ਚਰਚਾ ਹੈ। ਤੂੰ ਮਿਸਿਜ਼ ਚਾਵਲਾ ਨੂੰ ਤੇ ਜਾਣਦੀ ਹੀ ਏਂ। ਕਾਂਗਰਸ ਦੀ ਸਕੱਤਰ ਏ ਆਪਣੇ ਇਲਾਕੇ ਦੀ। ਉਸ ਦੇ ਘਰ ਨੂੰ ਵੀ ਅੱਗ ਲਾ ਦਿੱਤੀ ਏ ਲੋਕਾਂ ਨੇ ?’

‘ਇਹ... ਇਹ ਕੌਣ ਨੇ ਜੋ ਸਭ ਕੁੱਝ ਕਰ ਰਹੇ ਹਨ ?’ ਸ਼ੀਲਾ ਨੇ ਇੰਜ ਪੁੱਛਿਆ ਜਿਵੇਂ ਆਪਣੇ ਆਪ ਤੋਂ ਪੁੱਛ ਰਹੀ ਹੋਵੇ।

‘ਇਹ ਕੌਣ ਲੋਕ ਨੇ ? ਏਹ ਤੇ ਮੈਂ ਕਦੀ ਨਹੀਂ ਸੋਚਿਆ।’ ਤੇ ਉਹ ਅੱਖਾਂ ਬੰਦ ਕਰਕੇ ਇੱਕ ਆਰਾਮ ਕੁਰਸੀ ’ਤੇ ਬੈਠ ਗਏ।

ਸ਼ੀਲਾ ਨੇ ਨੌਕਰਾਣੀ ਨੂੰ ਆਵਾਜ਼ ਮਾਰੀ ਅਤੇ ‘ਬਲੱਡ ਪ੍ਰੈਸ਼ਰ’ ਦੀ ਦਵਾਈ ਲਿਆਉਣ ਨੂੰ ਕਿਹਾ। ਦਵਾਈ ਖਵਾ ਕੇ ਓਹ ਨੌਕਰਾਣੀ ਦੀ ਸਹਾਇਤਾ ਨਾਲ਼ ਲਾਲਾ ਜੀ ਨੂੰ ਉਨਾਂ ਦੇ ਸੌਣ ਕਮਰੇ ਵੱਲ ਲੈ ਗਈ।

ਘੰਟੇ ਕੁ ਬਾਅਦ ਨੌਕਰਾਣੀ ਮੇਰੇ ਕੋਲ ਆ ਕੇ ਖੜੀ ਹੋ ਗਈ। ਤੀਹ-ਬੱਤੀ ਸਾਲ ਦੀ ਇਹ ਪੂਰਬਿਆਣੀ ਤੀਵੀਂ ਸਰੀਰ ਦੀ ਖ਼ੂਬ ਤੰਦਰੁਸਤ ਅਤੇ ਢਿੱਲੇ-ਢਾਲੇ ਕੱਪੜਿਆਂ ਵਿੱਚ ਵੀ ਜਵਾਨੀ ਉੱਭਰ-ਉੱਭਰ ਪੈਂਦੀ ਸੀ। ਅੱਧੇ ਕੁ ਘੁੰਡ ’ਚੋਂ ਉਸ ਆਪਣੀਆਂ ਮੋਟੀਆਂ-ਮੋਟੀਆਂ ਅੱਖਾਂ ਨਾਲ਼ ਮੇਰੇ ਵੱਲ ਤੱਕਿਆ ਤੇ ਫੇਰ ਅੱਖਾਂ ਨੀਵੀਆਂ ਕਰਦੇ ਹੋਏ ਬੋਲੀ,

‘ਏਕ ਬਾਤ ਕਹੂੰ ਸਾਹਿਬ ਜੀ ? ਬੁਰਾ ਤੋ ਮਤ ਮਾਨਣਾ- ਸਭ ਕੇ ਭਲੇ ਕੇ ਲੀਏ ਕਹੂੰ।’

‘ਬੋਲ, ਕੀ ਗੱਲ ਏ ?’

‘ਲਾਲਾ ਜੀ ਤੁਹਾਨੂੰ ਨਾ ਆਪ ਕਹਿਣਗੇ ਤੇ ਨਾ ਬੀਬੀ ਜੀ ਹੀ।’

ਕੀ ਨਹੀਂ ਕਹਿਣਗੇ ?’

‘ਤੁਹਾਨੂੰ ਸ਼ਾਇਦ ਪਤਾ ਨਹੀਂ ਕਿ ਫਸਾਦੀਆਂ ਨੇ ਇਨਾਂ ਨੂੰ ਧਮਕੀ ਦਿੱਤੀ ਏ।’

‘ਧਮਕੀ ?’

‘ਹਾਂ, ਘਰ ਨੂੰ ਅੱਗ ਲਾ ਦੇਣਗੇ... ਅਤੇ ਹੋਰ ਪਤਾ ਨਹੀਂ ਕੀ ਕੀ... ?’ ਲਾਲਾ ਜੀ ਨੂੰ ਦਿਲ ਦਾ ਦੌਰਾ ਪੈ ਗਿਆ ਤਾਂ... ? ਜੇ ਲਾਲਾ ਜੀ ਨੂੰ ਕੁੱਝ ਹੋ ਗਿਆ ਤਾਂ ਸ਼ੀਲਾ ਬੀਬੀ ਜੀ ਦਾ ਦੁਨੀਆਂ ਵਿੱਚ ਕੋਈ ਨਹੀਂ ਰਹੇਗਾ...।’

‘ਤਾਂ ਤੇ ਮੈਨੂੰ ਸੱਚਮੁਚ ਏਥੋਂ ਚਲੇ ਜਾਣਾ ਚਾਹੀਦਾ ਹੈ।’ ਮੈਂ ਆਖਿਆ।

‘ਪਰ ਕਿੱਥੇ ਜਾਵੋਗੇ ? ਤੇ ਕਿਵੇਂ ਜਾਓਗੇ ?’

ਮੈਂ ਚੁੱਪਚਾਪ ਬੈਠਾ ਨੱਸਣ ਦੇ ਤਰੀਕੇ ਸੋਚਣ ਲੱਗਾ।

‘ਮੈਂ ਇਕ ਤਰਕੀਬ ਦੱਸਦੀ ਹਾਂ। ਮੈਂ ਸਾਰਾ ਦਿਨ ਇਸੇ ਬਾਰੇ ਸੋਚਦੀ ਰਹੀ ਹਾਂ।’ ਉਹ ਕਹਿਣ ਲੱਗੀ, ‘ਰਾਤ ਕਾਫ਼ੀ ਬੀਤ ਚੁੱਕੀ ਏ, ਤੁਸੀਂ ਮੇਰੇ ਨਾਲ਼ ਪਿਛਲੇ ਦਰਵਾਜ਼ੇ ਨਿਕਲ ਚਲੋ।’

‘ਤੇਰੇ ਨਾਲ ?’

‘ਹਾਂ, ਮੇਰੇ ਨਾਲ਼, ਮੇਰੇ ਘਰ। ਰਸਤੇ ਵਿਚ ਕੋਈ ਨਹੀਂ ਵੇਖੇਗਾ ਤੇ ਕਿਸੇ ਨੂੰ ਕੋਈ ਸ਼ੱਕ

ਵੀ ਨਹੀਂ ਪੈ ਸਕਦਾ ਕਿ ਤੁਸੀਂ ਮੇਰੇ ਘਰ ਹੋ। ਦੋ ਚਾਰ ਦਿਨ ਬਾਅਦ, ਜਦ ਸਭ ਠੀਕ ਹੋ ਜਾਏਗਾ ਤਾਂ ਤੁਸੀਂ ਆਪਣੇ ਘਰ ਚਲੇ ਜਾਣਾ।'

'ਤੇ ਲਾਲਾ ਜੀ ਨੂੰ ?'

'ਇਨਾਂ ਨੂੰ ਬਾਅਦ ਵਿੱਚ ਮੈਂ ਆਪੇ ਸੰਭਾਲ ਲਵਾਂਗੀ। ਬਲਕਿ ਇਨ੍ਹਾਂ ਲਈ ਤੇ ਚੰਗਾ ਹੀ ਹੋਵੇਗਾ।'

'ਚੰਗਾ ਫੇਰ!' ਕਹਿ ਕੇ ਮੈਂ ਆਪਣਾ ਜ਼ਰੂਰੀ ਸਮਾਨ ਥੈਲੇ ਵਿੱਚ ਪਾਉਣ ਲੱਗਾ। ਨੌਕਰਾਣੀ ਬਾਹਰ ਗਈ ਤੇ ਕੁੱਝ ਦੇਰ ਬਾਅਦ ਹੀ ਅੰਦਰ ਆ ਕੇ ਇੱਕ ਮੈਲ਼ੀ ਜਿਹੀ ਚਾਦਰ ਅਤੇ ਇੱਕ ਲਾਲ ਜਿਹਾ ਪਰਨਾ ਮੇਰੇ ਅੱਗੇ ਸੁੱਟਦੀ ਹੋਈ ਬੋਲੀ, 'ਏਹ ਪਰਨਾ ਸਿਰ 'ਤੇ ਬੰਨ ਲਓ।'

ਮੈਂ ਪੱਗ ਲਾਹ ਕੇ ਪਰਨਾ ਪੂਰਬੀਆਂ ਵਾਂਗ ਆਪਣੇ ਸਿਰ 'ਤੇ ਲਪੇਟ ਲਿਆ ਅਤੇ ਚਾਦਰ ਆਪਣੇ ਦੁਆਲ਼ੇ ਵਲ ਗਈ। ਮੈਂ ਜਾਣ ਲਈ ਤਿਆਰ ਹੋਇਆ ਤਾਂ ਉਸ ਦੇ ਮਨ ਵਿੱਚ ਉੱਠਿਆ: 'ਕਿਤੇ ਕੋਈ ਧੋਖਾ ਨਾ ਹੋਵੇ ?' ਪਰ ਫੇਰ ਆਪ ਹੀ ਆਪਣੇ ਵਿਚਾਰ 'ਤੇ ਸ਼ਰਮਿੰਦਾ ਹੁੰਦੇ ਹੋਏ ਮੈਂ ਆਖਿਆ:

'ਮੈਂ ਇੱਕ ਗੱਲ ਪੁੱਛਾਂ।'

'ਹਾਂ ਪੁੱਛੋ, ਪਰ ਜਲਦੀ।'

'ਜਦਕਿ ਸਾਰਾ ਸ਼ਹਿਰ, ਸਾਰੇ ਲੋਕ ਮੇਰੀ ਜਾਨ ਦੇ ਪਿੱਛੇ ਪਏ ਹੋਏ ਹਨ, ਤੂੰ ਮੈਨੂੰ ਬਚਾਉਣ ਖ਼ਾਤਰ...। ਕੀ ਤੂੰ ਲੋਕਾਂ ਵਿੱਚੋਂ ਨਹੀਂ ?'

'ਛੋਟਾ ਮੂੰਹ, ਬੜੀ ਬਾਤ ਪਰ ਸਾਹਿਬ ਜੀ, ਉਨਾਂ ਲੋਕਾਂ ਵਿੱਚ ਮੇਰੇ ਵਰਗੇ ਵੀ ਬਹੁਤ ਨੇ।'

ਮੈਂ ਆਪਣਾ ਥੈਲਾ ਚੁੱਕਿਆ ਤੇ ਪਿਛਲੇ ਬੂਹਿਓਂ ਉਸ ਨਾਲ਼ ਬਾਹਰ ਨਿਕਲ ਗਿਆ। ਆਪਣਾ ਸੂਟ ਕੇਸ ਚੁੱਕਣਾ ਦਰੁਸਤ ਨਹੀਂ ਸਮਝਿਆ। ਜਾਣ ਲੱਗਿਆਂ ਉਨਾਂ ਦੋ ਸਿਪਾਹੀਆਂ ਬਾਰੇ ਸੋਚ ਰਿਹਾ ਸੀ। ਬੰਗਾਲੀ ਬਾਬੂ ਬਾਰੇ ਸੋਚ ਰਿਹਾ ਸੀ, ਲਾਲਾ ਜੀ ਅਤੇ ਸ਼ੀਲਾ ਬਾਰੇ ਸੋਚ ਰਿਹਾ ਸੀ ਅਤੇ ਉਸ ਅਪ੍ਰਿਚਿਤ ਨੌਜਵਾਨ ਬਾਰੇ, ਜਿਸ ਨੇ ਜਬਰਦਸਤੀ ਉਸ ਦਾ ਸਮਾਨ ਚੁੱਕ ਕੇ ਪਲੇਟਫ਼ਾਰਮ 'ਤੇ ਉਤਾਰ ਦਿੱਤਾ ਸੀ...।

ਅੰਤ 'ਚ ਇਸ ਸੰਦਰਭ 'ਚ ਇਹ ਜ਼ਰੂਰ ਕਹਾਂਗਾ ਇਸ ਕਤਲ-ਓ-ਗ਼ਾਰਤ 'ਚ ਮਾਰਨ ਵਾਲੇ ਘੱਟ ਅਤੇ ਬਚਾਉਣ ਵਾਲੇ ਜ਼ਿਆਦਾ ਸਨ। ਪਰ ਬਹੁਤੀ ਗਿਣਤੀ ਉਨਾਂ ਦੀ ਜੋ ਨਿਰਪੱਖ, ਅਨਿਸ਼ਚਿਤ ਸਨ। ਹਰ ਵਰਗ ਦਾ ਪ੍ਰਤੀਕਰਮ ਦੂਸਰੇ ਵਰਗ ਲਈ ਇਸੇ ਤਰਾਂ ਦਾ ਹੁੰਦਾ ਆਇਆ ਹੈ। ਜੇ ਮੁਜ਼ੱਫ਼ਰਨਗਰ 'ਚ ਮੁਸਲਮਾਨਾਂ ਜਾਂ ਛੱਤੀਸਗੜ ਦੇ ਜੰਗਲਾਂ 'ਚ ਆਦਿਵਾਸੀਆਂ ਨੂੰ ਹਰ ਤਰਾਂ ਨਾਲ਼ ਉਜਾੜਿਆ ਜਾਂਦਾ ਹੈ ਤਾਂ ਪੰਜਾਬ, ਦਿੱਲੀ ਵਾਲਿਆਂ ਦੇ ਮਨ ਮਸਤਕ 'ਤੇ ਕੋਈ ਪ੍ਰਭਾਵ ਨਹੀਂ ਪੈਂਦਾ। ਹਰ ਵਰਗ ਉਦੋਂ ਹੀ ਰੌਲ਼ਾ ਪਾਉਂਦਾ ਹੈ ਜਦੋਂ ਉਸ ਦੇ ਆਪਣੇ ਉਪਰ ਕੋਈ ਬਿਪਤਾ ਆਣ ਪੈਂਦੀ ਹੈ।

***

# ਸਾਹਿਤ ਪਰਖ ਤੇ ਲੇਖਕ ਦੀ ਭੂਮਿਕਾ: ਇਕ ਵਿਸ਼ਲੇਸ਼ਣ

*ਡਾ. ਸਰਬਜੀਤ ਕੌਰ*

ਸਾਹਿਤ ਇਕ ਸਿਰਜਣਾਤਮਕ ਅਭਿਵਿਅਕਤੀ ਹੈ ਜੋ ਸ਼ਬਦਾਂ ਦਾ ਜਾਮਾ ਪਹਿਨ ਕੇ ਵਿਭਿੰਨ ਸੁਰ ਤਾਲਾਂ ਵਿਚ ਗੂੰਜਦੀ ਆ ਰਹੀ ਹੈ। ਉਚੇਚੀ ਲਗਾਤਾਰਤਾ ਨਾਲ ਟੁੰਬਣ ਵਾਲਾ ਸਾਹਿਤ ਸਾਡੇ ਮਨੋਭਾਵਾਂ, ਵਿਚਾਰਾਂ ਆਦਿ ਨੂੰ ਐਸਾ ਹੁਲਾਰਾ ਦਿੰਦਾ ਹੈ ਕਿ ਪਾਠਕ ਨੂੰ ਆਪਣੀ ਹੀ ਰੂਹ ਬੋਲਦੀ ਦਿਸਦੀ ਹੈ। ਅਜਿਹੇ ਸਰੂਪ ਵਾਲਾ ਸਾਹਿਤ ਜਿਥੇ ਸਮਕਾਲੀ ਸੰਬਾਦ ਸਿਰਜਦਾ ਹੈ ਉਥੇ ਅਤੀਤ ਦੇ ਮੋਹ ਤੋਂ ਅਭਿਜ ਹੋ ਕੇ ਨਹੀਂ ਤੁਰਦਾ ਤੇ ਨਾ ਹੀ ਭਵਿੱਖ ਦੀ ਆਸ ਛੱਡਦਾ ਹੈ। ਇਸ ਵਿਚ ਲੇਖਕ ਦੇ ਹਾਵ—ਭਾਵ ਇਸ ਕਦਰ ਪ੍ਰਵਾਹਿਤ ਹੁੰਦੇ ਹਨ ਕਿ ਉਹ ਕਾਲਹੀਣਤਾ ਵਿਚ ਰੂਪਾਂਤ੍ਰਿਤ ਹੋ ਜਾਂਦੇ ਹਨ ਅਤੇ ਐਸੇ ਸੁਹਜ ਦੇ ਹੁਨਰ ਦਾ ਨਿਰੂਪਣ ਕਰਦੇ ਹਨ ਜੋ ਆਤਮਿਕ ਤ੍ਰਿਪਤੀ ਹੀ ਨਹੀਂ, ਮਾਨਸਿਕ ਸੂਝ ਵੀ ਪ੍ਰਦਾਨ ਕਰਦੇ ਹਨ। ਹੁਣ ਤਕ ਇਸਦੇ ਅਨੁਭਵ ਨੂੰ, ਇਸਦੇ ਹੁਨਰ ਦੀ ਏਕਤਾ ਨੂੰ, ਵਿਭਿੰਨ ਦ੍ਰਿਸ਼ਟੀਆਂ ਤੋਂ ਪਰਖਿਆ ਜਾਂਦਾ ਰਿਹਾ ਹੈ। ਪਰਖ ਦੇ ਇਹ ਕੋਣ ਆਪਣੇ ਰਾਗ—ਰੰਗ ਵਿਚ ਸਾਹਿਤ (ਲੇਖਕ) ਨੂੰ ਧੂੰਹਦੇ ਖਿੱਚਦੇ ਤੇ ਨਕਾਰਦੇ ਰਹੇ ਹਨ। ਅੱਜ ਵੀ ਸਾਹਿਤ ਦਾ ਆਲੋਚਕ ਆਪਣੇ ਹੀ ਢੰਗ ਤਰੀਕਿਆਂ ਨਾਲ ਸਾਹਿਤ ਨੂੰ ਮਾਪਣ ਤੋਲਣ ਵਿਚ ਜੁਟਿਆ ਹੋਇਆ ਹੈ। ਕਦੀ ਅਧਿਐਨ ਨੂੰ ਲੇਖਕ ਉਪਰ ਕੇਂਦਰਿਤ ਕਰ ਦਿੱਤਾ ਜਾਂਦਾ ਹੈ ਤੇ ਕਦੇ ਲੇਖਕ ਦੀ ਭੂਮਿਕਾ ਨੂੰ ਪਿਛੇ ਸੁਟ ਕੇ ਸਾਹਿਤ ਨੂੰ ਨਿਰੋਲ ਪਾਠ (Text) ਦੇ ਰੂਪ ਵਿਚ ਪਛਾਣਨ ਦਾ ਯਤਨ ਕੀਤਾ ਜਾਂਦਾ ਹੈ।

ਅਜਿਹੇ ਵਿਚਾਰਾਂ ਦੇ ਸਨਮੁਖ, ਖੋਜ ਪੱਤਰ ਦੇ ਵਿਸ਼ੇ ਤੇ ਮਨੋਰਥ ਅਧੀਨ ਸਾਹਿਤ ਦੇ ਪ੍ਰਸੰਗ ਵਿਚ ਲੇਖਕ ਦੀ ਭੂਮਿਕਾ ਦੇ ਮਸਲੇ ਬਾਰੇ ਵਿਚਾਰ ਚਰਚਾ ਵੱਲ ਰਜੂਅ ਕਰਦੇ ਹਾਂ। ਜਿਸਦੇ ਮੂਲ ਭੂਤ ਦੋ ਬਿੰਦੂ ਹਨ: ਪਹਿਲਾ ਸਿਜਣਾਤਮਕ ਧਰਾਤਲ ਉਪਰ ਸਾਹਿਤ ਅਤੇ ਲੇਖਕ ਦੇ ਰਿਸ਼ਤੇ ਨੂੰ ਵਿਚਾਰਨਾ ਅਤੇ ਦੂਜਾ, ਸਾਹਿਤ ਅਧਿਐਨ ਦੇ ਧਰਾਤਲ ਉਪਰ ਲੇਖਕ ਦੇ ਜੀਵਨ ਸਮਾਚਾਰਾਂ ਦੀ ਵਰਤੋਂ ਕਰਨਾ ਜਾਂ ਨਾ ਕਰਨਾ। ਚਿੰਤਨ ਦੀ ਦੁਨੀਆਂ ਵਿਚ ਇਹਨਾਂ ਦੋਹਾਂ ਮਸਲਿਆਂ ਨੂੰ ਆਮ ਤੌਰ ਤੇ ਸਰਲ, ਇਕਹਿਰੇ ਢੰਗ ਨਾਲ ਦੇਖਿਆ ਜਾਂਦਾ ਹੈ ਅਤੇ ਇਸ ਰਿਸ਼ਤੇ ਦੀ ਜਟਿਲਤਾ ਨੂੰ ਘੋਖਣ—ਪਛਾਣਨ ਦਾ ਯਤਨ ਘੱਟ ਹੀ ਕੀਤਾ ਜਾਂਦਾ ਹੈ। ਲੰਮਾ ਸਮਾਂ ਸਿਰਜਣਾਤਮਕ ਧਰਾਤਲ ਉਪਰ ਇਹ ਪ੍ਰਸ਼ਨ ਸੰਵਾਦ ਦਾ ਧੁਰਾ ਰਿਹਾ ਹੈ ਕਿ ਲੇਖਕ ਆਪਣੀ ਰਚਨਾ ਵਿਚ ਹਾਜ਼ਰ ਹੁੰਦਾ ਹੈ ਜਾਂ ਉਸ ਵਿਚੋਂ ਅਸਲੋਂ ਹੀ ਖ਼ਾਰਜ ਜਾਂ ਗ਼ੈਰ ਹਾਜ਼ਰ। ਜੇਕਰ ਉਹ ਰਚਨਾ ਵਿਚ ਹਾਜ਼ਰ ਹੁੰਦਾ ਹੈ ਤਾਂ ਕਿਵੇਂ ? ਅਤੇ ਜੇਕਰ ਗ਼ੈਰ ਹਾਜ਼ਰ ਹੁੰਦਾ ਹੈ ਤਾਂ ਉਹ ਕਿਵੇਂ ? ਇੰਜ ਹੀ ਸਾਹਿਤ ਅਧਿਐਨ ਦੇ ਧਰਾਤਲ ਉਪਰ ਲੰਮਾ ਸਮਾਂ ਸਿਰਜਣਾਤਮਕ ਕਿਰਤਾਂ ਨੂੰ ਲੇਖਕ ਦੇ ਜੀਵਨ ਸਮਾਚਾਰਾਂ ਤਕ ਸੰਗੋੜਨ ਦਾ ਵਿਚਾਰ ਵੀ ਚਿੰਤਨ ਦੀ ਦੁਨੀਆਂ ਵਿਚ ਉਭਰਿਆ ਅਤੇ ਦੂਜੇ ਪਾਸੇ ਸਾਹਿਤ ਕਿਰਤਾਂ ਨੂੰ ਲੇਖਕ ਦੇ ਜੀਵਨ ਤੋਂ ਅਸਲੋਂ ਵਿਜੋਗ ਕੇ ਉਹਨਾਂ ਦੇ ਵਿਲੱਖਣ ਸੁਹਜ ਨੂੰ ਉਭਾਰਨ ਵਾਲੀਆਂ ਰੀਤੀਆਂ ਦੀ ਪਛਾਣ ਨੇ ਵੀ ਮਹੱਤਵ ਗ੍ਰਹਿਣ ਕੀਤਾ। ਅਜੋਕੇ ਯੁੱਗ ਵਿਚ ਇਕ ਪਾਸੇ ਰਚਨਾ ਨੂੰ ਲੇਖਕ ਦੇ ਜੀਵਨ ਸਮਾਚਾਰਾਂ ਨਾਲ ਜੋੜ ਕੇ ਪੜ੍ਹਨ ਦਾ ਵਿਚਾਰ ਉਭਰ ਰਿਹਾ ਹੈ ਅਤੇ ਦੂਜੇ ਪਾਸੇ ਲੇਖਕ ਦੀ ਮੌਤ ਵਰਗੇ ਸੂਤਰ ਵੀ ਉਘੜ/ਉਭਰ ਕੇ ਸਾਹਮਣੇ ਆ ਰਹੇ ਹਨ। ਇੰਜ ਕੇਂਦਰੀ ਮਸਲੇ ਵੱਲ ਪਰਤਣ ਤੋਂ ਪਹਿਲਾਂ

ਇਹ ਜਾਣ ਲੈਣਾ ਜ਼ਰੂਰੀ ਹੈ ਕਿ ਸਾਹਿਤ ਤੇ ਲੇਖਕ, ਸਮਾਜ ਤੇ ਲੇਖਕ ਅਤੇ ਰਚਨਾ ਤੇ ਲੇਖਕ ਦਾ ਆਪਸੀ ਸੰਬੰਧੀ ਕੀ ਹੈ ? ਹਿੰਦੀ ਵਿਦਵਾਨ ਡਾ. ਮਨੇਜਰ ਪਾਂਡੇ, ਫਰਾਂਸ ਦੇ ਲੇਖਕ ਰੋਬੇਰ ਇਸਕਾਰਪ ਦੇ ਹਵਾਲੇ ਨਾਲ ਲਿਖਦੇ ਹਨ ਕਿ ਲੇਖਕ, ਪੁਸਤਕ ਅਤੇ ਪਾਠਕ (ਸਮਾਜ) ਦੇ ਅੰਤਰ—ਸੰਬੰਧ ਦੀ ਜਾਣਕਾਰੀ ਨਾਲ ਹੀ (ਸਾਹਿਤ ਅਧਿਐਨ ਦੀ ਦਿਸ਼ਾ ਵਿਚ) ਸਾਹਿਤ ਅਤੇ ਸਾਹਿਤਕਾਰ ਦੀ ਵਾਸਤਵਿਕ ਸਥਿਤੀ ਮਾਲੂਮ ਹੋ ਸਕਦੀ ਹੈ।[1] ਭਾਵ ਸਮਾਜ, ਲੇਖਕ, ਰਚਨਾ ਅਤੇ ਸਾਹਿਤ ਆਪਸ ਵਿਚ ਅੰਤਰ—ਸੰਬੰਧਿਤ ਹੁੰਦੇ ਹਨ।

ਸਾਹਿਤ ਬਣਦਾ ਉਦੋਂ ਹੈ ਜਦੋਂ ਕੋਈ ਲੇਖਕ ਆਪਣੀਆਂ ਭਾਵਨਾਵਾਂ, ਆਪਣੇ ਖਿਆਲ ਜੋ ਉਸਨੇ ਸਮਾਜਕ ਅਨੁਭਵ ਵਿਚੋਂ ਪ੍ਰਾਪਤ ਕੀਤੇ ਹੁੰਦੇ ਹਨ, ਆਪਣੀ ਕਲਪਨਾ ਦੁਆਰਾ ਨਵੇਂ ਅਰਥ ਜਾਂ ਨਿੱਜੀ ਛੁਹ ਦੇਂਦਾ ਹੈ। ਇੰਜ ਸਮਾਜਕ ਸਮਾਚਾਰ ਤੇ ਲੇਖਕ ਦੀ ਸ਼ਖ਼ਸੀਅਤ ਦੋਵੇਂ ਮਿਲ ਕੇ ਸਾਹਿਤ ਪੈਦਾ ਕਰਦੇ ਹਨ।

ਸਾਹਿਤ ਤੇ ਲੇਖਕ ਦਾ ਅਨਿੱਖੜ ਰਿਸ਼ਤਾ ਹੈ। ਲੇਖਕ ਤੋਂ ਵਿਛੁੰਨ ਕੇ ਸਾਹਿਤ ਦੀ ਹੋਂਦ ਦੀ ਕਲਪਨਾ ਕਰਨੀ ਅਪ੍ਰਮਾਣਿਕ ਹੈ। ਪਰੰਤੂ ਇਹ ਰਿਸ਼ਤਾ ਸਰਲ ਨਹੀਂ ਬਲਕਿ ਜਟਿਲ ਭਾਂਤ ਦਾ ਹੈ। ਸਮਾਜ ਵਿਚ ਵਿਚਰਦਿਆਂ ਲੇਖਕ ਜੋ ਅਨੁਭਵ ਕਰਦਾ, ਉਸ ਅੰਤਰਮਨ ਦੀ ਅਭਿਵਿਅਕਤੀ ਦਾ ਪ੍ਰਗਟਾਵਾ ਉਹ ਸਾਹਿਤ ਰਾਹੀਂ ਕਰਦਾ ਹੈ। ਲੇਖਕ ਕੀ ਹੈ ? ਇਹ ਜਾਣ ਲੈਣਾ ਵੀ ਲਾਜ਼ਮੀ ਹੈ। ਇਸ ਸੰਬੰਧੀ ਇਹੀ ਕਿਹਾ ਜਾ ਸਕਦਾ ਹੈ ਕਿ ਇਕ ਸੁਹਿਰਦ ਮਾਨਵ ਦੇ ਮਨ ਵਿਚ ਜੋ ਭਾਵ ਜਾਂ ਮਨੋਭਾਵ ਉਪਜਦੇ ਹਨ, ਉਹਨਾ ਨੂੰ ਕਲਮ ਰਾਹੀਂ ਕਲਾਤਮਕ ਢੰਗ ਨਾਲ ਬਿਆਨ ਕਰਨ ਵਾਲੇ ਵਿਅਕਤੀ ਨੂੰ ਲੇਖਕ ਦੀ ਸੰਗਿਆ ਦਿੱਤੀ ਜਾਂਦੀ ਹੈ। ਇਹਨਾਂ ਭਾਵਾਂ ਪਿੱਛੇ ਲੇਖਕ ਦਾ ਬੌਧਿਕ ਪੱਖ, ਉਸਦੀ ਆਪਣੀ ਵਿਚਾਰਧਾਰਾ, ਗਿਆਨ ਅਨੁਭਵ, ਸ਼ਿਲਪੀ ਸੂਝ ਅਤੇ ਚਿੰਤਨ ਆਦਿ-ਛਪੇ ਹੁੰਦੇ ਹਨ। ਇਹਨਾਂ ਦੀ ਤੀਬਰਤਾ ਤੇ ਤੀਖਣਤਾ ਮਾਨਵ ਨੂੰ ਲਿਖਣ ਲਈ ਮਜਬੂਰ ਕਰਦੀ ਹੈ ਤੇ ਉਹ ਲੇਖਕ ਬਣ ਜਾਂਦਾ ਹੈ। ਜਿੰਨੀ ਕਿਸੇ ਲੇਖਕ ਦੇ ਭਾਵਾਂ ਵਿਚ ਅਨੁਭਵ ਦੀ ਵਿਸ਼ਾਲਤਾ, ਤੀਬਰਤਾ, ਤੀਖਣਤਾ ਹੋਵੇਗੀ ਉਨੀ ਹੀ ਮਹਾਨ ਉਸਦੀ ਰਚਨਾ ਹੋਵੇਗੀ।

ਜੇਕਰ ਸਮਾਜ ਤੇ ਲੇਖਕ ਦੇ ਸੰਭਵ ਸੰਪਰਕ ਦੀ ਗੱਲ ਕਰੀਏ ਤਾਂ ਸਮਾਜ ਤੇ ਸਮਾਜਕ ਸ਼ਕਤੀਆਂ ਦਾ ਚੋਖਾ ਹਿੱਸਾ ਸਾਹਿਤਕਾਰ ਦੀ ਸਾਹਿਤਕਤਾ ਦੇ ਵਿਕਾਸ ਵਿਚ ਸਹਾਈ ਹੁੰਦਾ ਹੈ। ਲੇਖਕ ਤੇ ਸਮਾਜ ਦੇ ਆਪਸੀ ਸੰਬੰਧ ਦੀ ਗੱਲ ਕਰਦਿਆਂ ਹਿੰਦੀ ਵਿਦਵਾਨ ਜਗਦੀਸ਼ ਸ਼ਰਮਾਂ ਨੇ ਲਿਖਿਆ ਹੈ ਕਿ

> ਵਿਅਕਤੀ ਚਾਹੇ ਉਹ ਸਾਹਿਤਕਾਰ ਹੋਵੇ ਜਾਂ ਕੋਈ ਹੋਰ ਸਮਾਜ ਦਿੱਤਾ ਹੁੰਦਾ ਹੈ। ਇਸ ਦਿੱਤੇ ਹੋਏ ਸਮਾਜ ਵਿਚ ਉਸਦੇ ਅਨ—ਅਵੱਸ਼ਕ ਗੁਣ ਉਤਪੰਨ ਹੁੰਦੇ ਹਨ ਪਰ ਇਸ ਦਾ ਅਰਥ ਜਿਸਨੂੰ ਸਮਾਜ ਕਹਿੰਦੇ ਹਾਂ ਉਹ ਅਸਲ ਵਿਚ ਇਕ ਤਰਾਂ ਦਾ ਪਰਵੇਸ਼ ਹੈ, ਜਿਸ ਵਿਚ ਵਿਅਕਤੀ ਅਨੇਕ ਪੱਧਰਾਂ 'ਤੇ ਜੀਂਦਾ ਹੈ ਅਤੇ ਜਿਸਦੀ ਭੂਮਿਕਾ ਉਸਦੇ ਵਿਅਕਤੀਤਵ ਨਿਰਮਾਣ ਵਿਚ ਕਈ ਤਰ੍ਹਾਂ ਦੀ ਹੁੰਦੀ ਹੈ ਕਿਉਂਕਿ ਸਾਹਿਤ ਰਚਨਾ ਵਿਅਕਤੀ ਦਾ ਆਚਰਣ ਹੀ ਹੈ।[2]

ਇਸ ਪ੍ਰਕਾਰ ਸਮਾਜ ਦਾ ਯੋਗਦਾਨ ਅਨੇਕ ਪੱਧਰਾਂ ਉਪਰ ਅਤੇ ਅਨੇਕ ਪ੍ਰਕਾਰ ਦਾ ਦ੍ਰਿਸ਼ਟੀਗੋਚਰ ਹੁੰਦਾ ਹੈ, ਨਤੀਜੇ ਵਜੋਂ ਲੇਖਕ ਅਤੇ ਸਮਾਜ ਆਪਸ ਵਿਚ ਜੁੱਟ—ਸਿਸਟਮ

ਵਿਚ ਬੱਝੇ ਦਿਖਾਈ ਦਿੰਦੇ ਹਨ। ਕਿਹਾ ਜਾਦਾ ਹੈ ਕਿ ਜੇਕਰ ਕਿਸੇ ਲੇਖਕ ਦਾ ਆਪਾ ਜਾਣਨਾ ਹੈ ਤਾਂ ਉਸਦੀ ਰਚਨਾ ਨੂੰ ਵੇਖੋ। ਲੇਖਕ ਜੋ ਕੁਝ ਵੀ ਲਿਖਦਾ ਹੈ, ਸਿਰਜਦਾ ਹੈ, ਉਸ ਵਿਚ ਤਸਵੀਰ ਭਾਵੇਂ ਸਮਾਜ ਦੀ ਹੋਵੇ ਪਰ ਅੱਖ ਉਸਦੀ ਆਪਣੀ ਹੁੰਦੀ ਹੈ। ਸਾਹਿਤਕਾਰ ਭਾਵੇਂ ਮਨੁੱਖ ਦੀਆਂ ਇਛਾਵਾਂ, ਭਾਵਨਾਵਾਂ, ਸਮੱਸਿਆਵਾਂ ਦਾ ਵਰਣਨ ਕਰਦਾ ਹੈ ਪਰ ਫਿਰ ਵੀ ਉਸਦੀ ਸਾਰੀ ਅਭਿਵਿਅਕਤੀ, ਉਸਦੀਆਂ ਨਿੱਜੀ ਰੁਚੀਆਂ ਤੇ ਸੁਭਾਅ ਦਾ ਪ੍ਰਭਾਵ ਉਸ ਕਿਰਤ ਤੇ ਜ਼ਰੂਰ ਰਹਿੰਦਾ ਹੈ। ਇੰਜ ਸਾਹਿਤਕਾਰ ਦਾ ਵਿਅਕਤਿੱਤਵ ਪ੍ਰਤੱਖ ਜਾਂ ਪ੍ਰੋਖ ਰੂਪ ਵਿਚ ਉਸਦੀ ਰਚਨਾ ਵਿਚ ਮੌਜੂਦ ਹੁੰਦਾ ਹੈ।

ਰਚਨਾ ਨਾਲ ਲੇਖਕ ਨੂੰ ਜੋੜ ਕੇ ਪੜ੍ਹਨਾ ਜਾਂ ਕੇਵਲ ਰਚਨਾ ਉਪਰ ਹੀ ਧਿਆਨ ਕੇਂਦਰਤ ਕਰਨਾ ਜਾਂ ਫਿਰ ਦੋਵਾਂ ਦੇ ਜਮਾਂ—ਬਿੰਦੂ ਨੂੰ ਦ੍ਰਿਸ਼ਟੀ ਵਿਚ ਰੱਖਣਾ ਇਸ ਸੰਬੰਧੀ ਸਮੇਂ ਸਮੇਂ ਪੈਦਾ ਹੋਈਆਂ ਆਲੋਚਨਾ ਪ੍ਰਣਾਲੀਆਂ ਦੇ ਵਿਭਿੰਨ ਮਤ ਮਿਲਦੇ ਹਨ। ਪ੍ਰਾਚੀਨ ਸਮੇਂ (ਗੁਲਾਮੀ ਪ੍ਰਥਾ/ਚਰਵਾਹਾ ਯੁੱਗ) ਵਿਚ ਵਿਅਕਤੀ ਦੀ ਸ਼ਖ਼ਸੀਅਤ ਉਸਦੇ ਟੋਲੇ ਦੇ ਸੁਭਾ ਵਿਚ ਮਿਸ਼ਰਤ ਸੀ ਅਤੇ ਉਸ ਸਮੇਂ ਦੇ ਸਾਹਿਤ ਵਿਚ ਸਾਹਿਤਕਾਰ ਦੀ ਸ਼ਖ਼ਸੀਅਤ ਲੱਭਣੀ ਔਖੀ ਸੀ। ਉਦਾਹਰਣ ਲਈ ਅਸੀਂ ਲੋਕ ਸਾਹਿਤ ਵੰਨਗੀ ਲੈ ਸਕਦੇ ਹਾਂ। ਜਾਗੀਰਦਾਰੀ ਦੌਰ ਵਿਚ ਵੀ ਸੂਫੀ—ਕਾਵਿ, ਕਿੱਸਾ—ਕਾਵਿ ਆਦਿ ਵਿਚੋਂ ਸ਼ਖ਼ਸੀਅਤ ਅਲੱਗ ਕਰਨੀ ਅਸੰਭਵ ਰਹੀ ਹੈ। ਹੁਸੈਨ ਤੇ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਜਾਂ ਮੁਕਬਲ ਤੇ ਵਾਰਿਸ ਸ਼ਾਹ ਦੇ ਬੈਂਤ ਦੀ ਵੱਖਰਤਾ ਪਛਾਣਨੀ ਬਹੁਤ ਔਖੀ ਹੈ। ਕੋਈ ਵਾਰਿਸ ਦੀ ਹੀਰ ਨੂੰ ਉਸਦੇ ਜੀਵਨ ਨਾਲ ਜੋੜ ਕੇ ਭਾਗਭਰੀ ਦੇ ਪ੍ਰੇਮ ਵੱਲ ਲੈ ਤੁਰਦਾ ਹੈ ਤੇ ਕੋਈ ਆਲੋਚਕ ਉਸਦੀ ਰਚਨਾ ਵਿਚ ਉਸ ਸਮੇਂ ਦਾ ਸਮੁੱਚਾ ਸਮਾਜ ਨਿਹਾਰਦਾ ਹੈ। ਡਾ. ਅਤਰ ਸਿੰਘ ਅਨੁਸਾਰ "ਸਾਹਿਤ ਰਚਨਾ ਦੇ ਮੌਲਿਕ ਆਤਮਸੰਪਨ ਅਸਤਿੱਤਵ ਨੂੰ ਪਰਵਾਸ ਕਰਨ ਦਾ ਭਾਵ ਉਸਨੂੰ ਇਕ ਅਦੁੱਤੀ ਤੱਥ ਦੇ ਰੂਪ ਵਿਚ ਦੇਖਣਾ। ਕਿਸੇ ਵੀ ਸਾਹਿਤਕ ਰਚਨਾ ਦੀ ਅਜਿਹੀ ਅਦੁੱਤੀ ਹੋਂਦ ਦੀ ਚੇਤਨਾ ਦਾ ਪਹਿਲਾ ਚਰਣ ਉਸਦੇ ਜਟਿਲ ਸ਼ਾਬਦਿਕ ਢਾਂਚੇ ਦਾ ਅਭਾਸ ਕਰਨਾ ਹੈ।[3] ਸਪੱਸ਼ਟ ਹੈ ਕਿ ਲੇਖਕ/ਕਵੀ ਦੀ ਰਚਨਾ ਵਿਚ ਉਸਦਾ ਘੜਿਆ ਸ਼ਬਦ—ਪ੍ਰਬੰਧ ਉਸਦੀ ਸੰਸਾਰ ਪਛਾਣ ਦਾ ਲਖਾਇਕ ਹੈ। ਉਹ ਸੰਸਾਰ ਨੂੰ ਉਸ ਨਜ਼ਰੀਏ ਨਾਲ ਨਹੀਂ ਵੇਖਦਾ ਜਿਸ ਦ੍ਰਿਸ਼ਟੀ ਨਾਲ ਦੂਜੇ ਲੋਕ ਤਕਦੇ ਹਨ। ਜਿਵੇ ਸ਼ੇਖ ਫਰੀਦ ਦਾ ਸ਼ਲੋਕ ਹੈ :

ਰੁਤ ਫਿਰੀ ਵਣ ਕੰਬਿਆ ਪਤ ਝੜੇ ਝੜਿ ਪਾਹਿ।।
ਚਾਰੇ ਕੁੰਟਾ ਢੂੰਡੀਆਂ ਰਹਿਣ ਕਿਥਾਹੂੰ ਨਾਹਿ।।

ਇਹਨਾਂ ਪੰਕਤੀਆਂ ਵਿਚ ਸ਼ੇਖ ਫਰੀਦ ਆਪਣੇ ਲਈ ਕੋਈ ਛਾਂ ਵਾਲੀ ਥਾਂ ਨਹੀਂ ਲੱਭ ਰਿਹਾ ਬਲਕਿ ਬ੍ਰਹਿਮੰਡ ਤੇ ਕਣ ਦੇ ਵਿਚਕਾਰ ਇਕ ਸਮਾਨ ਵਿਆਪਕਤਾ ਦਾ ਪੁਲ ਸਿਰਜ ਰਿਹਾ ਹੈ। ਵਣ ਦਾ ਕੰਬਣਾ, ਪੱਤਿਆਂ ਦਾ ਝੜਨਾ ਕਿਸੇ ਇਕੋ ਅਗਿਆਤ ਅਰਥ—ਪ੍ਰਬੰਧ ਵਿਚ ਬੱਝੇ ਦਿਖਾਏ ਹਨ। ਮੱਧਕਾਲੀ ਰਚਨਾਵਾਂ ਵਿਚ ਲੇਖਕ ਤੇ ਉਸਦੀ ਕਿਰਤ ਇਕ ਦੂਜੇ ਵਿਚ ਸਮਾਏ ਹੋਏ ਸਨ ਤੇ ਇੰਜ ਹੀ ਇਨ੍ਹਾਂ ਦੇ ਪ੍ਰਭਾਵ ਨੂੰ ਗ੍ਰਹਿਣ ਕਰ ਲਿਆ ਜਾਂਦਾ ਰਿਹਾ ਹੈ।

ਸਾਹਿਤਕਾਰ ਦੀ ਸ਼ਖ਼ਸੀਅਤ ਦਾ ਸੰਕਲਪ ਉਸ ਵਕਤ ਪੈਦਾ ਹੋਇਆ ਜਦ ਮਨੁੱਖ ਟੋਲਿਆਂ, ਬਰਾਦਰੀਆਂ ਨੂੰ ਛੱਡਣਾਂ ਸ਼ੁਰੂ ਕਰਕੇ ਆਜ਼ਾਦੀ ਵੱਲ ਪਰਤਿਆ। ਨਤੀਜੇ ਵਜੋਂ ਨਿੱਜੀ ਆਜ਼ਾਦੀ ਨੂੰ ਵਡਮੁੱਲੀ ਚੀਜ਼ ਮੰਨਣ ਦਾ ਖਿਆਲ ਆਰੰਭ ਹੋਇਆ। ਯੂਰਪ ਵਿਚ ਇਹ

ਸਮਾਂ 19ਵੀਂ ਸਦੀ ਦੇ ਅੰਤਮ ਦਹਾਕਿਆਂ ਅਤੇ 20ਵੀਂ ਸਦੀ ਦੇ ਮੁੱਢਲੇ ਦਹਾਕਿਆਂ ਦਾ ਸੀ। ਜਿਸ ਵਿਚ ਲੇਖਕ ਦੀ ਨਿੱਜੀ ਸ਼ਖ਼ਸੀਅਤ ਦੀਆਂ ਝਲਕਾਂ ਦਿਸਣੀਆਂ ਸ਼ੁਰੂ ਹੋ ਗਈਆਂ ਸਨ। ਇਸ ਸਮੇਂ ਅਨੇਕਾਂ ਪ੍ਰਣਾਲੀਆਂ, ਸੰਰਚਨਾਵਾਦ, ਰੂਸੀ ਰੂਪਵਾਦ, ਨਵ—ਅਮਰੀਕਨ, ਮਾਰਕਸਵਾਦ ਆਦਿ ਨੇ ਵਿਭਿੰਨ ਦ੍ਰਿਸ਼ਟੀਕੋਣਾਂ ਰਾਹੀਂ ਲੇਖਕ ਤੇ ਉਸਦੀ ਰਚਨਾ ਨੂੰ ਸਮਝਣ ਸਮਝਾਉਣ ਦੀ ਕੋਸ਼ਿਸ਼ ਕੀਤੀ।

ਸੰਰਚਨਾਵਾਦ ਤੇ ਚਿੰਨ੍ਹ ਵਿਗਿਆਨ ਰਚਨਾ—ਪਾਠ ਨੂੰ ਮਹੱਤਵ ਦਿੰਦੇ ਹਨ। ਸੰਰਚਨਾਵਾਦੀ ਵਿਦਵਾਨ ਮੁਕਾਰੋਵਸਕੀ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਕਿਸੇ ਕਲਾ—ਕਿਰਤ ਨੂੰ ਉਸਦੇ ਸਿਰਜਣਹਾਰੇ ਦੇ ਮਨ ਨਾਲ ਇਕਰੂਪ ਕਰਕੇ ਨਹੀਂ ਵੇਖਿਆ ਜਾ ਸਕਦਾ। ਇਥੋਂ ਤਕ ਕਿ ਇਹ ਦ੍ਰਿਸ਼ਟੀ ਪਾਠਕ ਦੀ ਮਨੋਸਥਿਤੀ ਨੂੰ ਵੀ ਨਾਲ ਲੈ ਕੇ ਤੁਰਨਾ ਨਹੀਂ ਚਾਹੁੰਦੀ। ਰਚਨਾ ਵਿਚ ਜੋ ਹੈ ਉਸੇ ਨੂੰ ਅਧਿਐਨ ਦਾ ਆਧਾਰ ਬਣਾਉਂਦੀ ਹੈ ਤੇ ਰਚਨਾ ਕੇਂਦਰਿਤ ਹੈ। ਇਸੇ ਤਰ੍ਹਾਂ ਹੀ ਚਿੰਨ੍ਹ ਵਿਗਿਆਨ ਵੀ ਪਾਠ ਤੇ ਧਿਆਨ ਕੇਂਦਰਿਤ ਕਰਕੇ ਉਸਦੇ ਚਿੰਨ੍ਹਾਂ, ਵਿਧੀਆਂ ਨੂੰ ਧਿਆਨ ਵਿਚ ਰੱਖਕੇ ਸੰਰਚਨਾਤਮਕ ਤੈਹਾਂ ਫਰੋਲਦਾ ਸੰਰਚਨਾਵਾਦ ਦਾ ਪੂਰਕ ਬਣਦਾ ਹੈ। ਡਾ. ਗੁਰਚਰਨ ਸਿੰਘ ਅਰਸ਼ੀ ਲੇਖਕ ਦੀ ਰਚਨਾ ਸੰਬੰਧੀ ਇਨ੍ਹਾਂ ਦੋਹਾਂ ਦੇ ਸੁਭਾਅ ਨੂੰ ਬਿਆਨ ਕਰਦਾ ਹੈ:

> ਸੰਰਚਨਾਵਾਦ ਤੇ ਚਿੰਨ੍ਹ—ਵਿਗਿਆਨ ਦੋਵੇਂ ਹੀ ਮੂਲ—ਪਾਠ ਦੇ ਗੰਭੀਰ ਅਧਿਐਨ ਵੱਲ ਰੁਚਿਤ ਹਨ। ਚਿੰਨ੍ਹ—ਵਿਗਿਆਨ ਸੰਰਚਨਾਵਾਦ ਦਾ ਪੂਰਕ ਹੈ, ਜੋ ਮੂਲ—ਪਾਠ ਦੇ ਵਿਭਿੰਨ ਕੋਡਾਂ ਤੇ ਚਿੰਤਨ—ਵਿਧੀਆਂ ਦੀ ਪੁਨਰ ਰਚਨਾ ਦੁਆਰਾ ਉਸਦੇ ਚਿੰਨ੍ਹ—ਵਿਗਿਆਨਕ ਗੌਰਵ ਨੂੰ ਪ੍ਰਕਾਸ਼ਮਾਨ ਕਰਨ ਦੇ ਨਾਲ—ਨਾਲ ਉਸਦੀਆਂ ਸੰਰਚਨਾਤਮਕ ਤਹਿਆਂ ਨੂੰ ਵੀ ਫਰੋਲਦਾ ਹੈ।[4]

ਰੂਸੀ ਰੂਪਵਾਦੀਆਂ ਨੇ ਤਾਂ ਸਾਹਿਤ—ਕਿਰਤ, ਇਸਦੇ ਅੰਸ਼ਾਂ ਦੀ ਪਛਾਣ ਅਤੇ ਸਾਹਿਤ ਵਿੱਦਿਆ ਦੀ ਖ਼ੁਦਮੁਖਤਾਰ ਹੋਂਦ ਉਤੇ ਬਲ ਦਿੱਤਾ ਹੈ। ਇਨ੍ਹਾਂ ਨੇ ਕਿਰਤ ਦੀ ਸਾਹਿਤਕਤਾ ਨੂੰ ਰਚਨਾ ਦੀ ਅੰਦਰਲੀ ਸਥਿਤੀ ਵਿਚੋਂ ਲੱਭਣ ਦਾ ਯਤਨ ਕੀਤਾ। ਨਵ—ਅਮਰੀਕਨ ਆਲੋਚਨਾ ਪ੍ਰਣਾਲੀ ਨੇ ਕਾਵਿ/ਸਾਹਿਤ (ਰਚਨਾ) ਦੇ ਰੂਪ ਦੀ ਪਛਾਣ ਉਤੇ ਜ਼ੋਰ ਦਿੱਤਾ। ਮਾਰਕਸਵਾਦੀ ਪ੍ਰਣਾਲੀ ਅਨੁਸਾਰ ਸਾਹਿਤ—ਸਿਰਜਣਾ ਮਨੁੱਖੀ ਕਿਰਤ ਤੇ ਮਨੁੱਖ ਦੀ ਸਮਾਜਕ ਚੇਤਨਾ ਦਾ ਹੀ ਇਕ ਰੂਪ ਹੈ। ਏਂਗਲਜ਼ ਨੇ ਲੇਖਕ ਦੀ ਪ੍ਰਤਿਭਾ ਨੂੰ ਸਹੀ ਦਿਸ਼ਾ ਵਿਚ ਤੋਰਨ ਲਈ, ਇਸ ਪੇਸ਼ੇ ਨੂੰ ਨਿਰੋਲ ਆਰਥਿਕ ਲਾਭ ਤਕ ਸੀਮਤ ਰੱਖਣ ਤੋਂ ਇਨਕਾਰ ਕਰਦਿਆਂ ਤੇ ਲੇਖਕ ਦੀ ਸਮਾਜਕ ਜ਼ਿੰਮੇਵਾਰੀ ਨੂੰ ਯਾਦ ਕਰਦਿਆਂ ਇਸ ਵਿਚਾਰ ਉਪਰ ਜੋਰ ਦਿੱਤਾ ਹੈ ਕਿ "ਲੇਖਕ ਨੂੰ ਜਿਉਣ ਤੇ ਲਿਖਣ ਦੇ ਯੋਗ ਜ਼ਰੂਰ ਹੋਣਾ ਚਾਹੀਦਾ ਹੈ ਪਰ ਕੇਵਲ ਕਮਾਉਣ ਲਈ ਹੀ ਜਿਉਣਾ ਤੇ ਲਿਖਣਾ ਨਹੀਂ ਚਾਹੀਦਾ।[5] ਇਕ ਮਨੋਵਿਗਿਆਨੀ ਕਲਾਕਾਰ ਦੀ ਸ਼ਖ਼ਸੀਅਤ, ਖਾਸ ਕਰਕੇ ਅੰਤਰ—ਸ਼ਖ਼ਸੀਅਤ ਦਾ ਵਿਸ਼ਲੇਸ਼ਣ ਕਰਦਾ ਹੈ। ਜਿਸ ਨਾਲ ਉਸਦੀ ਕਲਾ—ਕਿਰਤ ਦਾ ਸੂਖਮ ਅਧਿਐਨ ਸੰਭਵ ਹੁੰਦਾ ਹੈ। ਭਾਵ ਕਿ ਇਹ ਪ੍ਰਣਾਲੀ ਲੇਖਕ ਦਾ ਨਿੱਜ ਪਕੜ ਕੇ ਚੱਲਦੀ ਹੈ।

ਹੁਣ ਤਕ ਸਾਹਿਤਕ ਰਚਨਾਵਾਂ ਦਾ ਅਧਿਐਨ ਪ੍ਰਮੁੱਖ ਰੂਪ ਵਿਚ ਤਿੰਨ ਢੰਗਾਂ ਨਾਲ ਕੀਤਾ ਜਾ ਰਿਹਾ ਹੈ: ਰਚਨਾ ਕੇਂਦਰਤ, ਲੇਖਕ ਕੇਂਦਰਤ, ਲੇਖਕ ਤੇ ਰਚਨਾ ਦੋਵਾਂ 'ਤੇ ਕੇਂਦਰਤ।

ਪਹਿਲੀ ਪ੍ਰਕਾਰ ਦੇ ਰਚਨਾ ਅਧਿਐਨ ਵਿਚ ਰਚਨਾ ਉਤੇ ਦ੍ਰਿਸ਼ਟੀ ਕੇਂਦਰਤ ਕਰਦੇ ਹਨ ਤੇ ਅਧਿਐਨ ਕਰਤਾ ਖ਼ੁਦ ਨੂੰ ਰਚਨਾ ਨਾਲ ਜੋੜਦਾ ਹੈ। ਉਹ ਸਾਹਿਤ ਕਿਰਤ ਨੂੰ ਮੁੱਖ ਰੱਖਦਿਆਂ ਉਸ ਅੰਦਰੋਂ ਸਮੱਗਰੀ ਦੀ ਤਲਾਸ਼ ਕਰਦਾ ਹੈ। ਇਹ ਵਿਧੀ ਸਾਹਿਤਕਤਾ ਉੱਪਰ ਵਧੇਰੇ ਬਲ ਦਿੰਦੀ ਹੈ ਤੇ ਨਤੀਜੇ ਵਜੋਂ ਦੂਜੇ ਪਾਸਾਰ ਅਣਗੌਲੇ ਰਹਿ ਜਾਣ ਦੇ ਖਦਸ਼ਾ ਰਹਿੰਦਾ ਹੈ। ਦੂਜੀ ਪ੍ਰਕਾਰ ਦਾ ਅਧਿਐਨ ਲੇਖਕ ਨਾਲ ਸੰਬੰਧਿਤ ਕਰਕੇ ਵੇਖ ਸਕਦੇ ਹਾਂ ਇਸ ਅਧੀਨ ਰਚਨਾ ਦੇ ਹੋਂਦ ਵਿਚ ਆਉਣ ਦੇ ਕਾਰਨਾ (ਕਿਵੇਂ, ਕਿਉਂ, ਕਿਸ ਤਰਾਂ) ਨੂੰ ਦ੍ਰਿਸ਼ਟੀ ਗੋਚਰ ਕੀਤਾ ਜਾਂਦਾ ਹੈ। ਲੇਖਕ ਦੀ ਮਾਨਸਿਕਤਾ ਤੇ ਮਨੋਰਥ ਲੱਭਣ ਵੱਲ ਰੁਚਿਤ ਰਹਿੰਦਾ ਹੈ। ਅਧਿਏਤਾ ਰਚਨਾਕਾਰ ਦੀ ਸਮਾਜਕ, ਆਰਥਿਕ, ਰਾਜਨੀਤਿਕ ਫਿਜ਼ਾ ਉਪਰ ਆਪਣਾ ਧਿਆਨ ਕੇਂਦਰਿਤ ਕਰਦਾ ਤੇ ਰਚਨਾ ਨੂੰ ਦੁਜੈਲੀ ਥਾਂ ਦਿੰਦਾ ਹੈ। ਇਸ ਤਰਾਂ ਲੇਖਕ ਨੂੰ ਅਗਰਭੂਮੀ ਵਿਚ ਰੱਖਿਆ ਜਾਂਦਾ ਹੈ। ਡਾ. ਅਮਰੀਕ ਸਿੰਘ ਪੂਨੀ ਨੇ ਉਪਰੋਕਤ ਵਿਚਾਰ ਨੂੰ ਅਪਣਾਉਂਦੇ ਹੋਏ ਅਤੇ ਵਾਸਤਵਿਕ ਸਥਿਤੀ ਨੂੰ ਦ੍ਰਿਸ਼ਟੀ ਅਧੀਨ ਰੱਖਦੇ ਹੋਏ ਲਿਖਿਆ ਹੈ:

> ਕਵੀ ਦੇ ਵਿਅਕਤਿੱਤਵ ਅਤੇ ਉਸਦੀ ਬੌਧਿਕ ਪਿੱਠਭੂਮੀ ਦਾ ਅਧਿਐਨ ਬੇਸ਼ੱਕ ਲਾਭਦਾਇਕ ਹੋ ਸਕਦਾ ਹੈ ਕਿਉਂਕਿ ਕਵਿਤਾ ਆਖਿਰ ਕਵੀ ਦੇ ਮਨ ਅਤੇ ਉਸਦੀ ਸੰਵੇਦਨਾ ਦੀ ਅਭਿਵਿਅਕਤੀ ਹੈ। ਫਲਸਰੂਪ ਇਸ ਤੋਂ ਕਵੀ ਦੀ ਸਾਂਸਕ੍ਰਿਤਕ ਪਿੱਠਭੂਮੀ ਅਤੇ ਉਸਦੇ ਸਮੇਂ ਦੀ ਆਤਮਾ ਪ੍ਰਤੀਬਿੰਬਤ ਹੋ ਸਕਦੀ ਹੈ ਪਰ ਇਹਨਾਂ ਗੱਲਾਂ ਉਪਰ ਅਧਿਐਨ ਦਾ ਕੇਂਦਰੀਕਰਨ ਸਾਨੂੰ ਕਵਿਤਾ ਤੋਂ ਦੂਰ ਲੈ ਜਾ ਸਕਦਾ ਹੈ। ਇਹ ਅਧਿਐਨ ਸਾਨੂੰ ਲੇਖਕ ਦੇ ਮਨੋਵਿਗਿਆਨ ਜਾਂ ਵਿਚਾਰਾਂ ਦੇ ਇਤਿਹਾਸ ਜਾਂ ਸਾਂਸਕ੍ਰਿਤਕ ਇਤਿਹਾਸ ਵਿਚ ਲੈ ਜਾ ਸਕਦਾ ਹੈ।[6]

ਤੀਜੀ ਪ੍ਰਕਾਰ ਦਾ ਅਧਿਐਨ ਸਾਹਿਤਕ ਕਿਰਤ ਤੇ ਸਾਹਿਤਕਾਰ ਨੂੰ ਆਪਸ ਵਿਚ ਜੋੜ ਕੇ ਵੇਖਣ ਦਾ ਹੈ। ਸਾਹਿਤ ਕਿਰਤ ਲੇਖਕ ਦੇ ਮੂਲ ਆਸ਼ੇ ਤਕ ਹੀ ਸੀਮਤ ਨਹੀਂ ਰਹਿੰਦੀ, ਸਗੋਂ ਉਸ ਤੋਂ ਪਾਰ ਫੈਲਣ ਦੀ ਸਮਰੱਥਾ ਰੱਖਦੀ ਹੈ। ਕਿਰਤ ਨੂੰ ਕਿਰਤ ਤਕ ਤੇ ਲੇਖਕ ਨੂੰ ਲੇਖਕ ਤਕ ਸੀਮਿਤ ਕਰ ਦੇਣਾ ਸਾਹਿਤ ਅਧਿਐਨ ਦੀ ਰੁਚੀ ਦੇ ਖਿਲਾਫ ਜਾਪਦਾ ਹੈ। ਸਾਹਿਤ ਕਿਸੇ ਪ੍ਰਤਿਭਾਸ਼ੀਲ ਵਿਅਕਤੀ ਦੁਆਰਾ ਪੇਸ਼ ਕੀਤਾ ਗਿਆ ਚਿਤਰ ਹੋਣ ਕਰਕੇ, ਇਸ ਵਿਚ ਸਾਹਿਤਕਾਰ ਦੀ ਜੀਵਨ ਪੜਚੋਲ ਸੁੱਤੇ—ਸਿੱਧ ਹੀ ਆ ਜਾਂਦੀ ਹੈ ਪਰ ਸੁਹਜ, ਪਾਰਖੂ, ਸੰਵੇਦਨਸ਼ੀਲ ਅਤੇ ਸਿਆਣਾ ਸਾਹਿਤਕਾਰ ਪ੍ਰਮੁੱਖ ਰੂਪ ਵਿਚ ਫ਼ਿਲਾਸਫ਼ਰ ਦਾ ਲਿਬਾਸ ਪਹਿਨ ਕੇ ਸਾਹਮਣੇ ਆਉਂਦਾ ਹੈ। ਸ਼ੇਖ਼ ਫ਼ਰੀਦ, ਗੁਰੂ ਨਾਨਕ ਦੇਵ ਜੀ ਅਤੇ ਟੈਗੋਰ ਦੀਆਂ ਰਚਨਾਵਾਂ ਵਿਚ ਸਿੱਧਾਂਤਕ ਪਕਿਆਈ ਅਤੇ ਨਿਸ਼ਚਿਤ ਵਿਚਾਰਧਾਰਾ ਜ਼ਰੂਰ ਵਿਦਮਾਨ ਹੈ ਪਰ ਉਹਨਾ ਨੇ ਜੋ ਕੁਝ ਵੀ ਕਿਹਾ ਹੈ ਆਪਣਾ ਬਣਾ ਕੇ ਇਸ ਤਰੀਕੇ ਨਾਲ ਪੇਸ਼ ਕੀਤਾ ਹੈ ਕਿ ਸਿੱਧਾਂਤ ਤੇ ਵਿਚਾਰ, ਰਚਨਾ ਦੇ ਪਿੰਡੇ ਵਿਚ ਘੁਲ—ਮਿਲ ਹੀ ਗਏ ਹਨ, ਸੰਵੇਦਨਾ ਅਤੇ ਸੁਹਜ ਇਕ ਦੂਜੇ ਵਿਚ ਓਤਪੋਤ ਹੋਏ ਦਿਖਾਈ ਦਿੰਦੇ ਹਨ। ਇਉਂ ਉਹਨਾ ਦਾ ਵਿਅਕਤਿੱਤਵ ਰਚਨਾ ਦਾ ਇਕ ਅਨਿੱਖੜ ਅੰਗ ਬਣ ਜਾਂਦਾ ਹੈ। ਫਿਰ ਲੇਖਕ ਨੂੰ ਰਚਨਾ ਤੋਂ ਅਤੇ ਰਚਨਾ ਨੂੰ ਲੇਖਕ ਤੋਂ ਵਿਛੋੜ ਕੇ ਕੀਤਾ ਅਧਿਐਨ ਕਿਵੇਂ ਸਾਰਥਿਕ ਪ੍ਰਤੀਤ ਹੋ ਸਕਦਾ ?

ਉਪਰੋਕਤ ਵਿਭਿੰਨ ਬਿੰਦੂਆਂ ਨਾਲ ਸਥਾਪਿਤ ਸੰਬੰਧਾਂ ਵਿਚੋਂ ਹੀ ਵੱਖਰੀਆਂ ਵੱਖਰੀਆਂ ਆਲੋਚਨਾਤਮਕ ਵਿਧੀਆਂ ਜਨਮ ਲੈਂਦੀਆਂ ਹਨ ਜਿੰਨ੍ਹਾਂ ਤੋਂ ਲੇਖਕ ਦੀ ਸਥਿਤੀ ਦਾ ਗਿਆਨ

ਹੁੰਦਾ ਹੈ। ਰੈਨੇ ਵੈਲੇਕ ਸਾਹਿਤ ਦੀਆਂ ਸਾਰੀਆਂ ਅਧਿਐਨ ਵਿਧੀਆਂ ਨੂੰ ਅੰਤਰੰਗ ਅਤੇ ਬਹਿਰੰਗ ਕੋਟੀਆਂ ਵਿਚ ਵਿਭਾਜਤ ਕਰਦਾ ਹੈ, ਜਿਨ੍ਹਾ ਦਾ ਏਥੇ ਸੰਖੇਪ ਜਿਹਾ ਵਰਣਨ ਕਰਨਾ ਜ਼ਰੂਰੀ ਭਾਸਦਾ ਹੈ। ਅੰਤਰੰਗ ਵਿਧੀ ਵਿਚ ਉਸਨੇ ਸਾਹਿਤ ਦੀ ਖ਼ੁਦਮੁਖ਼ਤਿਆਰ ਹੋਂਦ ਨਾਲ ਸੰਬੰਧਿਤ ਵਿਧੀਆਂ ਨੂੰ ਮੰਨਿਆ। ਜੇਕਰ ਅਧਿਏਤਾ ਲੇਖਕ, ਪਾਠਕ ਅਤੇ ਸਮਾਜ ਨਾਲੋਂ ਤੋੜ ਕੇ ਸਾਹਿਤ ਰਚਨਾ ਦੇ ਖ਼ੁਦਮੁਖ਼ਤਿਆਰ ਵਜੂਦ ਉਪਰ ਧਿਆਨ ਕੇਂਦਰਿਤ ਕਰਦਾ ਤਾਂ ਸੰਰਚਨਾਮੂਲਕ ਤੇ ਰੂਪਵਾਦੀ ਅਧਿਐਨ ਵਿਧੀਆ ਦਾ ਜਨਮ ਹੁੰਦਾ ਹੈ। ਬਹਿਰੰਗ ਵਿਧੀ ਵਿਚ ਬਾਹਰਲੇ ਦ੍ਰਿਸ਼ਟੀ ਬਿੰਦੂਆਂ ਜਿਵੇਂ ਸਮਾਜ, ਪਾਠਕ, ਲੇਖਕ ਨਾਲ ਸੰਬੰਧਿਤ ਅਧਿਐਨ ਵਿਧੀਆਂ ਆਉਂਦੀਆਂ ਹਨ। ਇੰਜ ਕਰਦਿਆਂ ਜਦ ਅਧਿਏਤਾ ਜਾਂ ਆਲੋਚਕ ਲੇਖਕ ਨੂੰ ਜੀਵਨ—ਸਮਾਚਾਰਾਂ ਅਤੇ ਰਚਨਾ ਨਾਲ ਉਸਦੇ ਸੰਬੰਧਾਂ ਤਕ ਸੀਮਿਤ ਕਰਦਾ ਹੈ ਤਾਂ ਜੀਵਨੀ—ਮੂਲਕ ਵਿਧੀਆਂ ਆਪਣੀ ਹੋਂਦ ਅਖਤਿਆਰ ਕਰਦੀਆਂ ਹਨ।

ਸਾਹਿਤਕਾਰ/ਲੇਖਕ ਦਾ ਜ਼ਿੰਦਗੀ ਪ੍ਰਤਿ ਦ੍ਰਿਸ਼ਟੀਕੋਣ ਵੀ ਸਦਾ ਇਕੋ ਜਿਹਾ ਨਹੀਂ ਰਹਿੰਦਾ। ਸਮੇਂ—ਸਮੇਂ ਉਸਦੇ ਵਿਚਾਰਾਂ ਵਿਚ ਤਬਦੀਲੀ, ਵਿਕਾਸ ਜਾਂ ਕਈ ਵਾਰ ਮੋੜ ਵੀ ਆ ਜਾਂਦਾ ਹੈ ਜੋ ਸਾਹਿਤ ਵਿਚ ਉਸਦੀ ਭੂਮਿਕਾ ਨੂੰ ਪਰਖਣ ਵਿਚ ਸਹਾਈ ਹੁੰਦਾ ਹੈ। ਇਕ ਸੁਹਿਰਦ ਕਲਾਕਾਰ ਜੋ—ਜੋ ਵੇਖਦਾ ਹੈ ਉਸ ਨੂੰ ਨਵੀਨ ਅਰਥਾਂ ਵਿਚ ਸੁੰਦਰਤਾ ਬਖ਼ਸ਼ਦਾ ਹੈ ਤੇ ਰਚਨਾ ਨੂੰ ਸੁਹਜ ਸੰਪਨ ਬਣਾਉਂਦਾ ਰਹਿੰਦਾ ਹੈ। ਉਹ ਨਿੱਜ ਤੋਂ ਪਰ ਤਕ ਦਾ ਸਫ਼ਰ ਤਹਿ ਕਰਦਾ ਆਪਣੀ ਕਲਾ ਨੂੰ ਹੋਰ ਨਿਖਾਰਦਾ ਰਹਿੰਦਾ ਹੈ। ਇਸ ਵਿਚਾਰ ਨੂੰ ਹੋਰ ਸਪਸ਼ਟ ਸਮਝਣ ਲਈ ਇਸ ਸੰਬੰਧੀ ਪਾਰਖੋਨੇਸਕੋ ਦੇ ਵਿਚਾਰਾਂ ਨੂੰ ਦੇਖ ਸਕਦੇ ਹਾਂ। ਉਸ ਅਨੁਸਾਰ "ਸੁੱਚਾ ਕਲਾਕਾਰ ਜੋ ਕੁਝ ਦੇਖਦਾ ਹੈ, ਉਸਨੂੰ ਆਪਣੇ ਢੰਗ ਨਾਲ ਚਿਤਰ ਦਿੰਦਾ ਹੈ। ਇਸ ਨੂੰ ਨਵੀ ਵਸਤੂ ਅਤੇ ਸੁੰਦਰਤਾ ਦੇ ਦਿੰਦਾ ਹੈ। ਇਸ ਲਈ ਹਰ ਅਸਲੀ ਕਲਾਕਾਰ ਉਹ ਹੈ ਜੋ ਨਵੀਨਤਾ ਪੈਦਾ ਕਰਦਾ ਹੈ ਕਿਉਂਕਿ ਨਵੀਨਤਾ ਮਸਨੂਈ ਗੱਲ ਨਹੀਂ ਹੁੰਦੀ। ਨਵੀਨਤਾ ਦਾ ਸੰਬੰਧ ਵਸਤੂ ਨਾਲ ਅਤੇ ਕਾਰਜ ਦੇ ਸੁਨੇਹੇ ਨਾਲ ਹੁੰਦਾ ਹੈ।"[7] ਪਾਰਖੋਨੇਸਕੋ ਰਚਨਾ ਦੀ ਨਵੀਨਤਾ ਨੂੰ ਸਮੁੱਚ ਦੇ ਰੂਪ ਵਿਚ ਦੇਖਦਾ ਹੈ ਜਿਸ ਵਿਚ ਵਸਤੂ ਵੀ ਹੈ, ਜਗਤ ਵੀ ਹੈ, ਸੁੰਦਰਤਾ ਵੀ ਹੈ ਤੇ ਲੇਖਕ ਦੇ ਕਾਰਜ ਦਾ ਸੁਨੇਹਾਂ ਵੀ, ਜੋ ਨਿੱਜ ਤੋਂ ਸਮੂਹਿਕਤਾ ਵੱਲ ਲੈ ਜਾਂਦਾ ਹੈ। ਸਮੂਹ ਦੀ ਆਵਾਜ਼ ਨਿੱਜ ਵਿਚ ਤਬਦੀਲ ਹੋ ਮੁੜ ਸਮੂਹ ਵਿਚ ਰਲਣ ਦੀ ਤਾਕਤ ਰੱਖਦੀ ਹੈ।

ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਰਚਨਾ ਵਿਚੋਂ ਉੱਠਣ ਵਾਲੀ 'ਮੈਂ' ਲੇਖਕ ਦੀ ਭੂਮਿਕਾ ਨੂੰ ਦਰਸਾਉਂਦੀ ਹੈ ? ਇਹ ਉਸਦਾ ਆਪਾ ਹੈ ਜਾਂ ਫਿਰ ਕਿਸੇ ਹੋਰ ਪਾਤਰ ਦਾ ਮਖੌਟਾ ? ਇਹਨਾਂ ਗੱਲਾਂ ਉਪਰ ਵਿਚਾਰ ਕਰਨਾ ਅਤਿ ਜ਼ਰੂਰੀ ਹੈ। ਕਿਰਤ ਵਿਚਲੀ 'ਮੈਂ' ਤੇ ਉਸ ਰਾਹੀਂ ਕਹੀ ਹੋਈ 'ਗੱਲ' ਲੇਖਕ ਦੀ ਸਥਿਤੀ ਨੂੰ ਨਿਰਧਾਰਤ ਕਰਦੀ ਹੈ। ਸਮਝਿਆ ਜਾਂਦਾ ਹੈ ਕਿ ਇਹ ਲੇਖਕ ਦੀ ਆਪਦੀ ਆਵਾਜ਼ ਹੁੰਦੀ ਹੈ। ਰੂਸੀ ਲੇਖਕ ਤੁਰਗਨੋਵ ਨੇ ਅਸਲੀ ਕਲਾਕਾਰ ਬਾਰੇ ਥੋੜ੍ਹੀ ਜਿਹੀ ਨਿਵੇਕਲੀ ਗੱਲ ਇਹ ਕੀਤੀ ਹੈ ਕਿ ਲੇਖਕ ਨੂੰ ਖੁਦ ਆਪਣੀ ਆਵਾਜ਼ ਰੱਖਣੀ ਚਾਹੀਦੀ ਹੈ। ਵਿਅਕਤੀ ਨੂੰ ਕੇਵਲ ਸੁਰਾਂ ਦੇ ਜੀਉਂਦੇ ਗੀਤ ਦੀ ਲੋੜ ਹੁੰਦੀ ਹੈ, ਸੁਰਾਂ ਜੋ ਹਰ ਕਿਸੇ ਕੋਲ ਨਹੀਂ ਹੁੰਦੀਆਂ... ਇਹ ਜਿਉਂਦੀ, ਮੌਲਿਕ ਪ੍ਰਤਿਭਾ ਦੀ ਉਘੜਵੀਂ ਨਿਸ਼ਾਨੀ ਹੈ।[8] ਅਜਿਹਾ ਵਿਚਾਰ ਲੇਖਕ ਨੂੰ ਵਿਲੱਖਣ ਪ੍ਰਤਿਭਾ ਵਾਲਾ, ਮੌਲਿਕ ਰਚਨਾ ਦੇਣ ਵਾਲਾ ਤੇ ਨਵੇਂ ਨਜ਼ਰੀਏ ਤੋਂ ਜ਼ਿੰਦਗੀ ਦੀਆਂ ਮਹੀਨ ਤਰਬਾਂ ਨੂੰ ਸੰਚਾਰਨ ਵਾਲਾ ਬਣਾਉਂਦਾ ਹੈ। ਐਮ

ਖਰਾਪਚੈਂਕੋ ਅਨੁਸਾਰ :

> ਖ਼ੁਦ ਆਪਣੀ ਆਵਾਜ਼ ਰੱਖਣ ਦਾ ਵਿਚਾਰ ਅਤੇ ਇਕ ਪ੍ਰਤਿਭਾਸ਼ਾਲੀ ਲੇਖਕ ਦੀ ਕਿਰਤ ਵਿਚ ਸਾਡੇ ਜੀਵਨ ਉੱਤੇ ਰੌਸ਼ਨੀ ਪਾਉਣ ਦੇ ਨਵੇਂ ਢੰਗਾਂ ਦਾ ਵਿਚਾਰ ਬਹੁਤ ਹੀ ਨੇੜਵੇਂ ਰੂਪ ਵਿਚ ਸੰਬੰਧਿਤ ਹਨ। ਇਹ ਉਦੋਂ ਹੀ ਹੁੰਦਾ ਹੈ ਜਦੋਂ ਉਸਨੇ "ਖ਼ੁਦ ਆਪਣੀ ਆਵਾਜ਼" ਹਾਸਿਲ ਕਰ ਲਈ ਹੁੰਦੀ ਹੈ ਕਿ ਲੇਖਕ ਕੋਈ ਨਵੀ ਗੱਲ ਆਖਦਾ ਹੈ ਅਤੇ ਇਹ ਆਵਾਜ਼ ਜਿੰਨੀ ਮਜ਼ਬੂਤ ਹੋਵੇਗੀ, ਯਥਾਰਥਵਾਦੀ ਕਲਾਕਾਰ ਦੀ ਰਚਣਾਵੀ ਸ਼ਖ਼ਸੀਅਤ ਉਨੀ ਹੀ ਵਧੇਰੇ ਜੀਵਤ ਹੋਵੇਗੀ।[9]

'ਖ਼ੁਦ ਆਪਣਾ' ਹੋਣ ਦੀ ਅਹਿਮੀਅਤ ਇਸ ਕਰਕੇ ਨਹੀਂ ਕਿ ਉਹ ਸਾਹਿਤ ਵਿਚ ਵਿਅਕਤਿੱਤਵ ਦੇ ਦੂਜੇ ਪ੍ਰਗਟਾਵਿਆ ਨਾਲੋ ਵੱਖਰਾ ਹੁੰਦਾ ਹੈ। ਸਗੋਂ ਇਸ ਕਰਕੇ ਵੀ ਹੈ ਕਿ ਇਹ ਮਨੁੱਖ ਦੇ ਜਜ਼ਬਾਤੀ ਸੰਸਾਰ ਨੂੰ ਅਤੇ ਕੌਮ ਦੇ ਸਭਿਆਚਾਰਕ ਵਿਰਸੇ ਨੂੰ ਅਮੀਰ ਬਣਾਉਂਦਾ ਹੈ। ਐਮ ਖਰਾਪਚੈਂਕੋਂ ਇਹ ਵੀ ਮੰਨਦਾ ਹੈ ਕਿ "ਮੈਂ" ਸ਼ਬਦ ਦਾ ਦੁਹਰਾਇਆ ਜਾਣਾ ਕਿਸੇ ਵੀ ਤਰ੍ਹਾਂ ਕਲਾਤਮਿਕ ਵਿਅਕਤਿੱਤਵ ਦਾ ਚਿੰਨ੍ਹ ਨਹੀਂ। ਨਾ ਹੀ ਇਹ ਕੋਈ ਕ੍ਰਿਆਵੀ–ਬਾਰੀਕੀ ਹੈ... ਕਲਾਕਾਰ ਦੀ ਸ਼ਖ਼ਸੀਅਤ ਉਸਦੀ ਕਿਰਤ ਦੇ ਵੱਖ ਵੱਖ ਪੱਖਾਂ ਵਿਚ, ਖਾਸ ਕਰਕੇ ਜੀਵਨ ਦੇ ਉਸਦੇ ਆਪਣੇ ਵਿਚਾਰਾਂ ਵਿਚ ਅਤੇ ਉਸਦੇ ਕਲਾਤਮਕ ਸਾਧਾਰਨੀਕਰਣ ਦੀ ਸਮਾਜਕ ਅਹਿਮੀਅਤ ਵਿਚ ਪ੍ਰਤੱਖ ਹੁੰਦੀ ਹੈ।[10] ਇੰਜ ਕਿਹਾ ਜਾ ਸਕਦਾ ਹੈ ਕਿ 'ਲੇਖਕ' ਤੇ ਉਸਦੀ 'ਮੈਂ' ਵਿਚ ਇਮਿਕਤਾ ਨਹੀਂ ਹੁੰਦੀ। ਜੋ ਕੁਝ ਉਹ ਕਹਿਣਾ ਚਾਹੁੰਦਾ ਹੈ ਜ਼ਰੂਰੀ ਨਹੀਂ ਕਿ ਉਹ 'ਮੈਂ' ਵਿਚ ਹੋਵੇ ਜਾਂ ਇੰਜ ਕਿਹਾ ਜਾਵੇ ਕਿ ਲੇਖਕ ਜੋ ਸੋਚਦਾ ਹੈ, ਕਹਿਣਾ ਚਾਹੁੰਦਾ ਹੈ ਅਤੇ ਜੋ ਰਚਨਾ ਰਾਹੀਂ ਅਭਿਵਿਅਕਤ ਕਰਦਾ ਹੈ — ਦੋਹਾਂ ਵਿਚ ਰਚਨਾ ਦੀ ਸਿਰਜਣਾਤਮਕਤਾ ਕਾਰਨ ਵਕਫ਼ਾ ਰਹਿ ਜਾਂਦਾ ਹੈ। ਇਸਨੂੰ ਰੈਨੇ ਵੈਲੇਕ ਹੋਂਦ ਮੂਲਕ ਵਕਫਾ ਕਹਿੰਦਾ ਹੈ। ਲੇਖਕ ਜੋ ਸੋਚਦਾ, ਉਸਨੂੰ ਉਸੇ ਤਰ੍ਹਾਂ ਵਿਅਕਤ ਨਹੀਂ ਕਰਦਾ, ਕਹਿਣ ਤੇ ਲਿਖਣ ਵਿਚ ਅੰਤਰ ਆ ਜਾਂਦਾ ਹੈ। ਲੇਖਕ ਆਪਣੇ ਢੰਗ ਨਾਲ ਦਿਸਦੇ ਸੰਸਾਰ ਨੂੰ ਚਿਤਰਦਾ ਹੈ ਜਾਂ ਉਸਦਾ ਸਿਰਜਣਾਤਮਕ ਪੁਨਰ ਸਿਰਜਣ ਕਰਦਾ ਹੈ। ਉਸਦਾ ਸੰਸਾਰ ਤਾਂ ਉਸਦੇ ਖਿਆਲਾਂ ਦੀਆਂ ਉਡਾਰੀਆਂ ਨੂੰ ਮਾਣਨ ਦਾ, ਵਿਚਾਰਨ ਦਾ ਪੂਰਾ ਮੌਕਾ ਪ੍ਰਦਾਨ ਕਰਦਾ ਹੈ। ਉਸਦੀ ਰਚਨਾ ਵਿਚਲੀ 'ਮੈਂ' ਇਸੇ ਕਰਕੇ ਬਹੁਤੀ ਵਾਰੀ ਜਾਨਦਾਰ ਨਹੀਂ ਹੁੰਦੀ:

> ਕਵੀ ਦਾ 'ਮੈਂ' ਇਕ ਕਾਲਪਿਤ, ਇਕ ਨਾਟਕੀ 'ਮੈਂ' ਹੁੰਦਾ ਹੈ। ਉਪਨਿਆਸ ਦਾ ਪਾਤਰ ਕਿਸੇ ਇਤਿਹਾਸਕ ਵਿਅਕਤੀ ਜਾਂ ਵਾਸਤਵਿਕ ਜੀਵਨ ਦੇ ਵਿਅਕਤੀ ਨਾਲੋਂ ਵੱਖਰਾ ਹੁੰਦਾ ਹੈ। ਉਸਦੀ ਰਚਨਾ, ਉਸਦਾ ਵਰਣਨ ਕਰਨ ਵਾਲੇ ਜਾਂ ਲੇਖਕ ਦੁਆਰਾ ਉਸਦੇ ਮੂੰਹ ਵਿਚ ਪਾਏ ਗਏ ਵਾਕਾਂ ਦੁਆਰਾ ਹੁੰਦੀ ਹੈ। ਉਸਦਾ ਨਾ ਤਾਂ ਕੋਈ ਅਤੀਤ ਹੁੰਦਾ ਹੈ ਅਤੇ ਨਾ ਭਵਿੱਖ ਅਤੇ ਕਦੀ–ਕਦੀ ਤਾਂ ਉਸਦੇ ਜੀਵਨ ਵਿਚ ਨਿਰੰਤਰਤਾ ਵੀ ਨਹੀਂ ਹੁੰਦੀ।[11]

'ਮੈਂ' ਇਕ ਕਲਪਿਤ ਵਿਚਾਰ ਕਹਿਣ ਦਾ ਮਾਧਿਅਮ ਹੋਣ ਕਰਕੇ ਲੇਖਕ ਦਾ ਪ੍ਰਤਿਰੂਪ ਨਹੀਂ ਬਣ ਜਾਂਦਾ। ਇਸੇ ਕਰਕੇ ਸੰਰਚਨਾਵਾਦੀ, ਰੂਸੀ ਰੂਪਵਾਦੀ, ਚਿੰਨ੍ਹ ਵਿਗਿਆਨਕ ਵਿਧੀਆਂ ਰਚਨਾ ਕੇਂਦਰਿਤ ਹਨ।

ਅੱਜ ਦੀ ਇਹ ਸਥਿਤੀ ਹੈ ਕਿ ਨਵੀਨ ਸਾਹਿਤਕਾਰ ਜਿਨ੍ਹਾਂ ਨੂੰ ਵਿਦਵਾਨ ਚਿੰਤਕ

'ਭਾਂਤ ਭਾਂਤ ਦੀਆਂ ਆਵਾਜ਼ਾਂ' ਵਾਲੇ ਕਹਿੰਦੇ ਹਨ, ਪਿਛਲੇ ਵੀਹ ਕੁ ਸਾਲਾਂ ਤੋਂ ਸਰਗਰਮ ਹਨ ਜੋ ਸਾਹਿਤ ਵਿਚ ਨਿੱਜ ਦੇ ਮਸਲੇ ਨੂੰ ਨਵੇਂ ਸਿਰਿਓਂ ਵਿਚਾਰ ਰਹੇ ਹਨ। ਇਨ੍ਹਾਂ ਯੂਰਪੀ ਤੇ ਅਮਰੀਕੀ ਸਾਹਿਤਕਾਰਾਂ ਦੀ ਨਕਲ 'ਤੇ ਜ਼ਿੰਦਗੀ ਵੱਲੋਂ ਮੂੰਹ ਮੋੜ ਕੇ ਰੂਪ ਅਤੇ ਸੰਰਚਨਾ ਵੱਲ ਹੀ ਰੁਖ਼ ਕਰ ਲਿਆ, ਸਗੋਂ ਇਸ ਤੋਂ ਵੀ ਪਰੇ ਜਾ ਕੇ ਮਨ ਦੀਆਂ ਡੂੰਘਾਈਆ ਵਿਚ ਚੁਭੀਆਂ ਲਾਉਣ ਲੱਗ ਪਏ ਹਨ ਤੇ ਆਪਣੀ ਸ਼ਖ਼ਸੀਅਤ ਦੀ ਖੋਜ ਕਰ ਰਹੇ ਹਨ। ਕਈ ਵਾਰ ਉਹ ਆਪਣੇ ਮਨ ਵਿਚੋਂ ਉਠਦੀਆਂ ਸਾਰੀਆਂ ਕਲਪਨਾਵਾਂ ਨੂੰ ਕਾਗਜ਼ 'ਤੇ ਖਿਲਾਰ ਦਿੰਦੇ ਹਨ ਅਤੇ ਰਚਨਾ ਨੂੰ ਜਾਣ ਬੁਝ ਕੇ ਖਿੰਡਰੀ—ਪੁੰਡਰੀ ਬਣਾ ਕੇ ਪੇਸ਼ ਕਰਦੇ ਹਨ। ਉਹਨਾਂ ਦਾ ਜਵਾਬ ਇਹ ਹੁੰਦਾ ਹੈ ਕਿ ਮਨੁੱਖੀ ਮਨ ਦੇ ਖਿਆਲਾਂ ਦੀ ਲੜੀ ਬੱਝਵੀਂ ਨਹੀਂ ਹੁੰਦੀ। ਹਿੰਦੀ ਵਿਦਵਾਨ ਡਾ. ਅਸ਼ੋਕ ਤ੍ਰਿਵੇਦੀ ਲੇਖਕ ਦੇ ਨਿੱਜ ਸੰਬੰਧੀ ਵਿਚਾਰ ਪੇਸ਼ ਕਰਦੇ ਹਨ ਕਿ, "ਰਚਨਾ—ਪੱਖ ਸਮੂਹਿਕ ਨਾ ਰਹਿ ਕੇ ਵਿਅਕਤੀਗਤ ਅਤੇ ਮਨੋਰਹੱਸਾਤਮਕ ਹੋ ਗਿਆ, ਜਿਸਦੇ ਨਾਲ 'ਤ੍ਰਾਸਦੀ' ਅਤੇ 'ਕ੍ਰਾਂਤੀਕਾਰੀ—ਸੰਘਰਸ਼ੀਲ ਚੇਤਨਾ' (ਜੋ ਦਾਇਤਵ ਅਤੇ ਪ੍ਰਤੀਬੱਧਤਾ ਨੂੰ ਜਨਮ ਦਿੰਦੀ ਹੈ) ਖ਼ਤਮ ਹੋ ਗਈ। ਨਤੀਜੇ ਵਜੋਂ ਨਵੇਂ ਭਾਵਬੋਧ ਈਗੋਨੀ, ਪੀੜਾ ਅਤੇ ਵਿਸੰਗਤੀ (ਐਬਸਡਿਟੀ) ਆ ਗਈ।"[12] ਇਸ ਵਿਚਾਰ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਅੱਜ ਲੇਖਕ 'ਨਿੱਜ' ਨੂੰ ਸੰਬੋਧਨੀ ਹੈ ਤੇ 'ਨਿੱਜ' ਨੂੰ ਮੁੱਖ ਰੱਖ ਕੇ ਪੜ੍ਹਿਆ ਜਾ ਰਿਹਾ ਹੈ। ਬਾਹਰਮੁਖੀ ਸੋਚ ਤੇ ਸਮਾਜਮੁਖੀ ਰੁਚੀ ਖਤਮ ਹੁੰਦੀ ਜਾ ਰਹੀ ਹੈ। ਭਾਵੇਂ ਉਹ ਕਹਿੰਦਾ ਹੈ ਕਿ ਇਸ 'ਨਿੱਜ' ਵਿਚ ਉਸਦਾ ਆਪਣਾ ਆਪਾ, ਅਨੁਭਵ ਸਮਾਇਆ ਹੈ ਪਰ ਆਪਾ ਕਦੇ ਵੀ ਸੰਸਾਰ ਨਹੀਂ ਹੁੰਦਾ, ਬਾਹਰਮੁਖੀ ਸੋਚ ਲੈ ਕੇ ਨਹੀਂ ਤੁਰਦਾ, ਸਮਾਜਮੁਖੀ ਹੋਣ ਦੀ ਥਾਂ ਮਨਮੁਖੀ ਪ੍ਰਕਿਰਤੀ ਵਾਲਾ ਹੁੰਦਾ ਹੈ।

ਲੇਖਕ ਦੀ 'ਮੈਂ' ਤੋਂ ਬਿਨ੍ਹਾਂ ਹੀ ਉਸਦੀ ਰਚਨਾ ਵਿਚ ਉਸਦਾ ਵਿਅਕਤਿੱਤਵ ਝਲਕਦਾ ਨਜ਼ਰੀ ਆਉਂਦਾ ਹੈ। ਪ੍ਰਾਚੀਨ ਕਾਲ ਵਿਚ ਭਾਵੇਂ ਲੇਖਕ ਦੇ ਨਿੱਜਤਵ ਨੂੰ ਪ੍ਰਧਾਨਤਾ ਪ੍ਰਾਪਤ ਨਹੀਂ ਸੀ ਪਰ ਤਾਂ ਵੀ ਉਸਦਾ ਵਿਅਕਤਿੱਤਵ ਪ੍ਰਗਟ ਹੋ ਜਾਂਦਾ ਸੀ। ਜਦਕਿ ਪੱਛਮੀ ਸਮੀਖਿਆ ਵਿਚ ਵਿਅਕਤਿੱਤਵ ਦੇ ਪ੍ਰਕਾਸ਼ ਵਿਚ ਅਧਿਐਨ ਕਰਨ ਦੀ ਪੱਧਤੀ ਹੁਣ ਆਪਣਾ ਮਹੱਤਵ ਲਗਭਗ ਗੁਆ ਚੁੱਕੀ ਹੈ। ਲੇਖਕ ਦੀ ਮੌਲਿਕਤਾ ਉਸਦੀ ਸ਼ੈਲੀ, ਸੋਚਣ ਢੰਗ, ਆਦਰਸ਼, ਪ੍ਰਤੀਤੀ ਅਤੇ ਵਿਹਾਰਕਤਾ ਆਦਿ ਵਿਚ ਹੁੰਦੀ ਹੈ। ਇਨ੍ਹਾਂ ਰਾਹੀਂ ਹੀ ਸਾਹਿਤ ਵਿਚ ਲੇਖਕ ਦੀ ਭੂਮਿਕਾ, ਸਥਾਨ ਤੇ ਸੁਰ ਦਾ ਪਤਾ ਲਗਦਾ ਹੈ। ਸ਼ੁਰੂ ਤੋਂ ਲੈ ਕੇ ਹੁਣ ਤਕ ਲੇਖਕ ਨੇ ਵਿਭਿੰਨ ਤੇ ਨਵੀਨ ਪਰਤਾਂ ਫਰੋਲ ਕੇ ਕਾਵਿ (ਸਾਹਿਤ) ਨੂੰ ਤਾਜਗੀ ਬਖਸ਼ੀ ਹੈ।

ਉਹ ਕਦੇ ਵੀ ਆਪਣੀ ਪਰੰਪਰਾ ਤੋਂ ਟੁੱਟ ਕੇ ਨਹੀਂ ਚਲਿਆ ਤੇ ਹਰ ਤਰਬ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਅਨੁਭਵ ਕਰਦਾ, ਸਾਹਿਤ ਦੇ ਖਜ਼ਾਨੇ ਵਿਚ ਵਾਧਾ ਕਰਦਾ ਆਇਆ ਹੈ। ਲੇਖਕ ਦੀ ਸਥਿਤੀ ਤੇ ਉਸਦੇ ਰੋਲ ਨੂੰ ਪਰੰਪਰਾ ਵਿਚ ਨਿਰਧਾਰਿਤ ਕਰਦਿਆਂ ਟੀ.ਐਸ. ਈਲੀਅਟ ਦੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ, "ਕੋਈ ਵੀ ਕਵੀ ਸਮਾਜ ਅਤੇ ਸੱਭਿਆਚਾਰ ਤੋਂ ਅਲੱਗ ਰਹਿ ਕੇ ਆਪਣਾ ਕੰਮ ਨਹੀਂ ਕਰ ਸਕਦਾ, ਉਹ ਆਪਣੇ ਸਾਹਿਤਕ ਪੂਰਵਜਾਂ ਅਤੇ ਸਮਸਾਮਿਅਕ ਲੇਖਕਾਂ ਨਾਲ ਸੰਬੰਧਿਤ ਹੁੰਦਾ ਹੈ। ਸਾਂਸਕ੍ਰਿਤੀ ਅਤੇ ਪਰੰਪਰਾ, ਜਿਸ ਵਿਚ ਕਵੀ ਪੈਦਾ ਹੁੰਦਾ ਅਤੇ ਜਿਉਂਦਾ ਹੈ...। ਕਵੀ ਦਾ ਪਹਿਲਾ ਕੰਮ ਇਹ ਹੈ ਕਿ ਉਹ ਆਪਣੇ ਆਪ ਨੂੰ ਸਮਸਾਮਿਅਕ (ਵਰਤਮਾਨ) ਸਾਂਸਕ੍ਰਿਤਕ ਅਤੇ ਪਰੰਪਰਾ ਦੇ ਸੰਦਰਭ ਵਿਚ ਹੀ ਨਹੀਂ ਸਗੋਂ

ਇਹਨਾਂ ਨੂੰ ਆਪਣੇ ਕਰਤੱਵ ਨੂੰ ਇਤਿਹਾਸਕ ਸੰਦਰਭ ਵਿਚ ਰੱਖ ਕੇ ਵੇਖੇ। ਇਤਿਹਾਸਕ ਪਰਿਪੇਖ ਵਿਚ ਹੀ ਕਵੀ ਨੂੰ ਇਸ ਗੱਲ ਦਾ ਗਿਆਨ ਹੋਵੇਗਾ ਕਿ ਉਸਨੂੰ ਕਿਸ ਪ੍ਰਕਾਰ ਦੇ ਕਾਵਿ ਦੀ ਸਿਰਜਣਾ ਕਰਨੀ ਚਾਹੀਦੀ ਹੈ।”[13]

ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਅਧਿਐਨ ਦੇ ਧਰਾਤਲ ਉਪਰ ਰਚਨਾ ਨੂੰ ਬੇਸ਼ੱਕ ਲੇਖਕ ਦੇ ਜੀਵਨ—ਸਮਾਚਾਰਾਂ ਤਕ ਨਹੀਂ ਘਟਾਇਆ ਜਾ ਸਕਦਾ ਪਰੰਤੂ ਰਚਨਾ ਨੂੰ ਲੇਖਕ ਨਾਲੋਂ ਅਸਲੋਂ ਵਿਜੋਗ ਲੈਣਾ ਵੀ ਉਚਿਤ ਨਹੀਂ। ਸਾਹਿਤ—ਸਮੀਖਿਆ ਦੇ ਨਾਲ—ਨਾਲ ਲੇਖਕ ਦੇ ਜੀਵਨ—ਸਮਾਚਾਰਾਂ ਦੇ ਇਤਿਹਾਸ ਵੱਲ ਵੀ ਅਜੋਕੇ ਚਿੰਤਨ ਨੂੰ ਰਜੂਅ ਕਰਨ ਦੀ ਜ਼ਰੂਰਤ ਹੈ। ਇਸ ਲਈ ਸਾਡੇ ਸਾਹਿਤ ਸੱਭਿਆਚਾਰ ਦੇ ਮਹੱਤਵਪੂਰਨ ਪੱਖ ਉਘੜ/ਉਭਰ ਸਕਦੇ ਹਨ। ਅਜਿਹੀ ਪ੍ਰਮਾਣਕ ਵਾਕਫ਼ੀ ਨੂੰ ਲੇਖਕ ਵੱਖ—ਵੱਖ ਵਿਧੀਆਂ ਨਾਲ ਖ਼ੁਦ ਵੀ ਅੰਕਿਤ ਕਰ ਸਕਦੇ ਹਨ। ਅਜਿਹੇ ਸਰੋਤਾਂ ਤੋਂ ਬਹੁਤ ਸਾਰੇ ਮੂਲ ਸੂਤਰਾਂ ਨੂੰ ਗ੍ਰਹਿਣ ਕਰਕੇ ਰਚਨਾਵਾਂ ਨੂੰ ਗਿਆਨ ਸ਼ਾਸਤਰੀ ਢੰਗ ਨਾਲ ਪਰਤ—ਦਰ—ਪਰਤ ਫਰੋਲਿਆ ਜਾ ਸਕਦਾ ਹੈ। ਜਰੂਰਤ “ਲੇਖਕ ਦੀ ਮੌਤ” ਦਾ ਐਲਾਨ ਕਰਨ ਵਾਲੇ ਪੱਛਮੀ ਚਿੰਤਨ ਦੀ ਅੰਨੀ ਤਕਲੀਦ ਕਰਨ ਦੀ ਨਹੀਂ। ਲੇਖਕ ਅਤੇ ਰਚਨਾ ਤੇ ਅੱਗੋਂ ਰਚਨਾ ਦੇ ਵਿਭਿੰਨ ਕੋਣਾ ਤੋਂ ਅਧਿਐਨ ਦੀ ਪਛਾਣ ਕਰਨ ਦੀ ਹੈ।

## ਹਵਾਲੇ ਤੇ ਟਿਪਣੀਆਂ


1 ਸਾਹਿਤ ਕੇ ਸਮਾਜ ਸ਼ਾਸਤਰ ਕੀ ਭੂਮਿਕਾ, ਪੰਨਾ 20

2 ਸਾਹਿਤ ਕੀ ਹੈਸੀਅਤ, ਪੰਨਾ 18

3 ਸਮਦਰਸ਼ਨ, ਪੰਨਾ 15

4 ਸਮੀਖਿਆ ਦ੍ਰਿਸ਼ਟੀਆਂ, ਪੰਨਾ 168

5 On Literature and Art, p. 147

6 ਸਿਰਜਣਾ ਤੇ ਸਮੀਖਿਆ, ਪੰਨਾ 9

7 ਸਾਹਿਤ ਅਤੇ ਕਲਾ ਵਿਚ ਸਮਾਜਵਾਦੀ ਯਥਾਰਥਵਾਦ, ਪੰਨਾ 138

8 ਸਾਹਿਤ ਹੁਨਰ ਬਾਰੇ ਰੂਸੀ ਲੇਖਕਾਂ ਦੇ ਵਿਚਾਰ, ਪੰਨੇ 712—713

9 ਲੇਖਕ ਦੀ ਰਚਣਈ ਸ਼ਖ਼ਸੀਅਤ ਅਤੇ ਸਾਹਿਤ, ਪੰਨਾ 70

10 ਉਹੀ, ਪੰਨਾ 71

11 " The 'I' of the poet is a fictional dramatic 'I'. A character in a novel differs from the historical figure or a figure in real life. He is made only of the sentences describing him or put into his mouth by the authour. He has no past, no future and sometimes no continuity of life. " Rene wellek & Austin warren, Theory of literature, p. 25

12 ਸਮੀਕਛਾ ਕੇ ਨਏ ਪ੍ਰਤਿਮਾਨ, ਪੰਨਾ 103

13 ਟੀ. ਐਸ. ਈਲੀਅਟ ਕੇ ਆਲੋਚਨਾ—ਸਿਧਾਂਤ, ਪੰਨਾ 53

# ਨਾਰੀ ਵੇਦਨਾ, ਸੰਵੇਦਨਾ ਅਤੇ ਚੇਤਨਾ ਦੀਆਂ ਕਹਾਣੀਆਂ 'ਸੀਤੇ ਬੁੱਲ੍ਹਾਂ ਦਾ ਸੁਨੇਹਾ'

*ਗੁਰਵਿੰਦਰ ਸਿੰਘ*

ਮਨੁੱਖੀ ਵਿਕਾਸ ਦੇ ਮੁੱਢਲੇ ਪੜਾਵਾਂ ਵਿਚ ਮਾਤਰੀ ਸੱਤਾ ਹੋਣ ਬਾਰੇ ਵਿਦਵਾਨ ਵਿਚਾਰ ਪ੍ਰਗਟ ਕਰ ਚੁੱਕੇ ਹਨ। ਇਤਿਹਾਸਕ ਵਿਕਾਸ ਦੇ ਸਧਾਰਨ ਵੇਗ ਵਿਚ ਨਿੱਜੀ ਜਾਇਦਾਦ ਦੀ ਹੋਂਦ ਨਾਲ ਜਿਉਂ-ਜਿਉਂ ਮਰਦਾਂ ਦੀ ਚੇਤਨਾ ਵਿਕਸਿਤ ਹੁੰਦੀ ਗਈ ਅਤੇ ਉਹਨਾਂ ਨੇ ਆਪਣੀਆਂ ਭੌਤਿਕ ਸਮਰੱਥਾਵਾਂ ਦੀ ਪਛਾਣ ਕਰਨੀ ਸ਼ੁਰੂ ਕੀਤੀ, ਉਹਨਾਂ ਨੇ ਔਰਤ ਕੋਲੋਂ ਸਮਾਜਕ ਸੱਤਾ ਹਥਿਆਉਣ ਦੇ ਉੱਦਮ ਸ਼ੁਰੂ ਕਰ ਦਿੱਤੇ। ਹਰ ਗਿਆਨ ਖੇਤਰ ਦੇ ਕੇਂਦਰ ਵਿਚ ਜਦੋਂ ਮਰਦ ਆ ਗਿਆ ਤਾਂ ਉਸ ਨੇ ਸਾਰੇ ਸਮੀਕਰਨਾਂ, ਬਣਤਰਾਂ ਅਤੇ ਵਰਤਾਰਿਆਂ ਨੂੰ ਆਪਣੀ ਲੋੜ, ਸਮਰੱਥਾ ਅਤੇ ਸੋਚ ਅਨੁਸਾਰ ਢਾਲਣਾ ਸ਼ੁਰੂ ਕਰ ਦਿੱਤਾ। ਬਾਕੀ ਸਾਰੀ ਸ੍ਰਿਸ਼ਟੀ, ਇਥੋ ਤੱਕ ਕਿ ਔਰਤ ਨੂੰ ਵੀ ਗੌਣ ਕਰ ਦਿੱਤਾ ਗਿਆ। ਫ਼ਰੈਡਰਿਕ ਏਂਗਲਜ਼ ਅਨੁਸਾਰ ਨਿੱਜੀ ਜਾਇਦਾਦ ਦੇ ਸੰਕਲਪ ਦੇ ਉਤਪਨ ਹੋਣ ਨਾਲ ਮਾਤਰੀ ਸੱਤਾ ਪਿਤਰੀ ਸੱਤਾ ਵਿਚ ਤਬਦੀਲ ਹੋ ਗਈ। ਅਜਿਹਾ ਟੱਬਰ ਦੇ ਸੰਕਲਪ ਦੇ ਵਿਕਾਸ ਨਾਲ ਵੀ ਸੰਭਵ ਹੋਇਆ ਕਿਉਂਕਿ ਇਸ ਤੋਂ ਪਹਿਲਾਂ ਔਰਤ ਲੀਹ ਦਾ ਗੋਤਰ ਹੀ ਬੱਚਿਆਂ ਨੂੰ ਦਿੱਤਾ ਜਾਂਦਾ ਸੀ ਅਤੇ ਔਰਤ ਹੀ ਪਰਿਵਾਰ ਦੀ ਮੁਖੀਆ ਸੀ ਪਰ ਪਿਤਰ ਸੱਤਾ ਦੇ ਵਿਕਾਸ ਕਰਨ ਨਾਲ ਔਰਤ ਹਾਸ਼ੀਏ ਤੇ ਚਲੀ ਗਈ। ਏਂਗਲਜ਼ ਦਾ ਮਤ ਹੈ ਕਿ, "ਮਾਤਰੀ ਹੱਕ ਦਾ ਤਖ਼ਤਾ ਉਲਟਿਆ ਜਾਣਾ ਮਾਦਾ ਸੈਕਸ ਦੀ ਸੰਸਾਰ-ਇਤਿਹਾਸਕ ਹਾਰ ਸੀ। ਘਰ ਵਿਚ ਵੀ ਮਰਦ ਨੇ ਵਾਗ-ਡੋਰ ਸੰਭਾਲ ਲਈ, ਇਸਤਰੀ ਦਾ ਦਰਜਾ ਨੀਵਾਂ ਹੋ ਗਿਆ, ਉਹਨੂੰ ਗ਼ੁਲਾਮ ਬਣਾ ਲਿਆ ਗਿਆ, ਉਹ ਮਰਦ ਦੀ ਵਾਸ਼ਨਾ ਦੀ ਗ਼ੁਲਾਮ ਬਣ ਗਈ, ਬੱਚੇ ਪੈਦਾ ਕਰਨ ਲਈ ਕੇਵਲ ਇੱਕ ਸਾਧਨ।"[1]

ਔਰਤ ਆਪਣੀ ਹੋਂਦ ਅਤੇ ਹੋਣੀ ਪ੍ਰਤੀ ਚੇਤੰਨ ਸੀ ਜਿਸ ਕਰਕੇ ਉਹ ਆਪਣੀ ਸਮਾਜਕ ਦਸ਼ਾ ਨੂੰ ਵਾਪਸ ਲਿਆਉਣ ਲਈ ਸੰਘਰਸ਼ਸ਼ੀਲ ਰਹੀ। ਅਜੋਕੇ ਦੌਰ ਵਿਚ ਵੀ ਔਰਤ ਆਪਣੀ ਪਛਾਣ ਨੂੰ ਬਣਾਈ ਰੱਖਣ ਲਈ ਚੇਤੰਨ ਹੈ। ਪ੍ਰਸਿੱਧ ਨਾਰੀਵਾਦੀ ਚਿੰਤਕ ਸਿਮੋਨ ਦ ਬੋਅਵਾਰ ਦਾ ਮੰਨਣਾ ਹੈ ਕਿ, "ਔਰਤ ਮਨੁੱਖਤਾ ਦਾ ਅੱਧਾ ਹਿੱਸਾ ਹੈ।"[2]

ਵਿਸ਼ਵ ਪੱਧਰ 'ਤੇ ਸਮਾਜਕ ਸਥਿਤੀਆਂ ਦੀ ਭਿੰਨਤਾ ਦੇ ਚੱਲਦੇ ਹੋਏ ਔਰਤ ਦੀ ਸਥਿਤੀ, ਪਛਾਣ, ਸੰਘਰਸ਼ ਵਿਚ ਵੀ ਭਿੰਨਤਾ ਸੁਭਾਵਕ ਹੈ ਪਰ ਮੂਲ ਰੂਪ ਵਿਚ ਔਰਤ ਸਮਾਜ ਵਿਚ ਆਪਣੇ ਬਣਦੇ ਅੱਧ ਦੇ ਹੱਕਾਂ ਲਈ ਲੜਦੀ ਰਹੀ ਹੈ ਭਾਵੇਂ ਇਸ ਦਾ ਇਤਿਹਾਸ ਕੋਈ ਵੀ ਹੋਵੇ। ਔਰਤ ਜਦੋਂ ਆਪਣੀ ਹੋਣੀ ਪ੍ਰਤੀ ਚੇਤੰਨ ਹੋਣ ਲੱਗੀ ਤਾਂ ਵਿਸ਼ਵ ਪੱਧਰ ਤੇ 'ਨਾਰੀਵਾਦ' ਵਰਗੀਆਂ ਲਹਿਰਾਂ ਨੇ ਜਨਮ ਲਿਆ ਜਿਸ ਵਿਚ ਔਰਤਾਂ ਲਾਮਬੰਦ ਹੋਈਆਂ ਅਤੇ ਸਮਾਜ ਨੂੰ ਆਪਣੇ ਅਸਤਿਤਵ ਦਾ ਅਹਿਸਾਸ ਕਰਾਉਣ ਲਈ ਝੰਜੋੜਨ ਲੱਗੀਆਂ।

'ਨਾਰੀਵਾਦ' ਅਜਿਹੀ ਚਿੰਤਨਧਾਰਾ ਹੈ ਜਿਸ ਤਹਿਤ ਮਨੁੱਖ ਅਤੇ ਸਮਾਜ ਨਾਲ ਸੰਬੰਧਿਤ ਸਮੁੱਚੇ ਵਸਤੂਆਂ, ਵਿਚਾਰਾਂ, ਵਰਤਾਰਿਆਂ, ਸੰਕਲਪਾਂ ਅਤੇ ਗਿਆਨ ਖੇਤਰਾਂ ਦੀ ਨਾਰੀ ਦੀ ਦ੍ਰਿਸ਼ਟੀ ਤੋਂ ਪਛਾਣ, ਪਰਖ ਅਤੇ ਵਿਆਖਿਆ ਕੀਤੀ ਜਾਂਦੀ ਹੈ। ਆਪਣੇ ਮੁੱਢਲੇ

ਪੜਾਅ ’ਤੇ ‘ਨਾਰੀਵਾਦ’ ਸਮਾਜਕ, ਰਾਜਨੀਤਕ ਅੰਦੋਲਨ ਅਤੇ ਇਕ ਵਿਚਾਰਧਾਰਾ ਦੇ ਰੂਪ ਵਿਚ ਹੋਂਦ ਗ੍ਰਹਿਣ ਕਰਦਾ ਹੈ ਜਿਸ ਰਾਹੀਂ ਸਮਾਜ-ਸਭਿਆਚਾਰਕ ਸਥਿਤੀਆਂ ਵਿਚ ਮਰਦ ਦੀ ਤੁਲਨਾ ਵਿਚ ਨਾਰੀ ਦੀ ਹੋਂਦ ਅਤੇ ਹੋਣੀ ਨੂੰ ਜਾਨਿਆ-ਪਛਾਣਿਆ ਜਾਂਦਾ ਸੀ। ਮੁੱਢਲੇ ਪੜਾਅ ’ਤੇ ਨਾਰੀਵਾਦੀ ਵਿਚਾਰਧਾਰਾ ਰਾਹੀਂ ਮਰਦ ਦੇ ਦ੍ਰਿਸ਼ਟੀਕੋਣ ਅਤੇ ਔਰਤ ਵਿਰੋਧੀ ਲਿੰਗਕ ਰਾਜਨੀਤੀ ਨੂੰ ਕਾਊਂਟਰ ਕਰਕੇ ਔਰਤਾਂ ਦੀ ਸਿੱਖਿਆ, ਸਿਹਤ ਅਤੇ ਰਾਜ ਦੀਆਂ ਉੱਪਰਲੀਆਂ ਬਣਤਰਾਂ ਵਿਚ ਸ਼ਮੂਲੀਅਤ ਲਈ ਕੀਤਾ ਗਿਆ ਸੰਘਰਸ਼ ਅਤੇ ਲੜੀ ਗਈ ਲੜਾਈ ਸੀ। ਨਾਰੀਵਾਦੀ ਅੰਦੋਲਨ ਔਰਤਾਂ ਨੂੰ ਵੋਟ ਦਾ ਹੱਕ, ਸ਼ਾਸਨ ਅਤੇ ਪ੍ਰਸ਼ਾਸਨ ਦੇ ਕੰਮ-ਕਾਜਾਂ ਵਿਚ ਸ਼ਮੂਲੀਅਤ ਦੇ ਹੱਕ, ਵਿਆਹ ਵਿਚ ਬਰਾਬਰ ਦੇ ਹੱਕ, ਬੱਚਾ ਪੈਦਾ ਕਰਨ ਦੇ ਸੰਬੰਧ ਵਿਚ ਬਰਾਬਰ ਦੇ ਹੱਕ, ਖੇਡਾਂ ਅਤੇ ਪਹਿਰਾਵਿਆਂ ਦੇ ਸੰਬੰਧ ਵਿਚ ਹੱਕਾਂ ਦੀ ਪ੍ਰਾਪਤੀ ਲਈ ਲੜੀ ਗਈ ਮੁੱਢਲੀ ਲੜਾਈ ਸੀ। ਇਸ ਤਰ੍ਹਾਂ ਨਾਰੀਵਾਦ ਔਰਤਾਂ ਦੇ ਖੋਹੇ ਹੋਏ ਹੱਕਾਂ ਦੀ ਵਾਪਸੀ ਦੀ ਮੰਗ ਕਰਦਾ ਹੈ ਅਤੇ ਪ੍ਰਾਪਤ ਵੀ ਕਰਦਾ ਹੈ। ਸਮੁੱਚੇ ਰੂਪ ਵਿਚ “ਨਾਰੀਵਾਦ ਦਾ ਨਿਸ਼ਾਨਾ ਮਰਦਾਂ ਅਤੇ ਔਰਤਾਂ ਦਾ ਔਰਤਾਂ ਪ੍ਰਤੀ ਮਾਨਸਿਕ ਵਤੀਰਾ ਬਦਲਣਾ ਸੀ।”[3]

ਨਾਰੀਵਾਦੀ ਦ੍ਰਿਸ਼ਟੀ ਤੋਂ ਸਾਹਿਤ ਰਚਨਾ ਅਤੇ ਸਾਹਿਤ ਸਮੀਖਿਆ ਦਾ ਕਾਰਜ ਵੀ ਹੋਇਆ ਜਿਸ ਤਹਿਤ ਔਰਤਾਂ ਦੀ ਵੇਦਨਾ, ਸੰਵੇਦਨਾ ਅਤੇ ਚੇਤਨਾ ਦੀ ਪੇਸ਼ਕਾਰੀ ਕੀਤੀ ਗਈ। ਇਸ ਤਰ੍ਹਾਂ ਦੀ ਰਚਨਾਕਾਰੀ ਦਾ ਮੁੱਖ ਪ੍ਰਯੋਜਨ ਔਰਤ ਦੀ ਪੇਸ਼ਕਾਰੀ ਅਤੇ ਉਸ ਦੇ ਹੱਕਾਂ ਦੀ ਪ੍ਰਾਪਤੀ ਹੈ। ਪੰਜਾਬੀ ਸਾਹਿਤ ਜਗਤ ਵਿਚ ਨਾਰੀਵਾਦੀ ਦ੍ਰਿਸ਼ਟੀ ਤੋਂ ਢੇਰ ਸਾਰੇ ਸਾਹਿਤ ਦੀ ਰਚਨਾ ਹੋਈ। ਇਸ ਸਾਹਿਤ ਨੇ ਨਾਰੀ ਦੀ ਦਸ਼ਾ ਨੂੰ ਸਿਰਫ ਪੇਸ਼ ਹੀ ਨਹੀਂ ਕੀਤਾ ਸਗੋਂ ਔਰਤ ਦੇ ਸਸ਼ਕਤੀਕਰਨ ਵਿਚ ਵੀ ਬਣਦੀ ਭੂਮਿਕਾ ਨਿਭਾਈ ਹੈ। ਇਸ ਪ੍ਰਸੰਗ ਵਿਚ ਪੰਜਾਬੀ ਕਹਾਣੀ ਸੰਸਾਰ ਵਿਚ ਬਲਦੇਵ ਸਿੰਘ ਗਰੇਵਾਲ ਨੇ ਆਪਣੇ ਕਹਾਣੀ ਸੰਗ੍ਰਹਿ ‘ਸੀਤੇ ਬੁੱਲ੍ਹਾਂ ਦਾ ਸੁਨੇਹਾ’ ਨਾਲ ਆਪਣੀ ਹਾਜ਼ਰੀ ਲਵਾਈ ਹੈ।

ਬਲਦੇਵ ਸਿੰਘ ਗਰੇਵਾਲ ਅਜੋਕੇ ਯੁਗ ਵਿਚ ਵਿਚਰਦੀ ਔਰਤ ਦੀ ਵੇਦਨਾ, ਸੰਵੇਦਨਾ ਅਤੇ ਉਸ ਦੇ ਚੇਤੰਨ ਹੋਣ ਨੂੰ ਆਪਣੀਆਂ ਕਹਾਣੀਆਂ ਰਾਹੀਂ ਪੇਸ਼ ਕਰਦਾ ਹੈ। ਉਹ ਵਿਸ਼ਾਲ ਅਰਥਾਂ ਵਿਚ ਸਮਾਜ ਵਿਚ ਔਰਤ ਦੀ ਸ਼ਮੂਲੀਅਤ ਦੀ ਗਵਾਹੀ ਭਰਦਾ ਹੈ। ਉਸ ਦੀਆਂ ਕਹਾਣੀਆਂ ਦੀਆਂ ਔਰਤ ਪਾਤਰ ਚੁੱਪ ਚਾਪ ਸਭ ਕੁੱਝ ਸਹਿਣ ਵਾਲੀਆਂ ਵੀ ਹਨ ਅਤੇ ਉਹਨਾਂ ਵਚਿੱਤਰ ਚਰਿੱਤਰ ਵਾਲੀਆਂ ਔਰਤਾਂ ਦੀ ਪ੍ਰਤੀਨਿਧਤਾ ਵੀ ਕਰਦੀਆਂ ਹਨ ਜਿਹੜੀਆਂ ਆਪਣੀ ਹੋਂਦ ਦੇ ਪ੍ਰਸੰਗ ਵਿਚ ਸੰਘਰਸ਼ਸ਼ੀਲ ਰਹਿੰਦੀਆਂ ਹਨ ਅਤੇ ਖ਼ੁਦ ਨੂੰ ਹਾਸ਼ੀਏ ਵਿਚੋਂ ਬਾਹਰ ਕੱਢਣ ਲਈ ਯਤਨਸ਼ੀਲ ਰਹਿੰਦੀਆਂ ਹਨ। ਡਾ. ਹਰਚੰਦ ਸਿੰਘ ਬੇਦੀ ਇਹਨਾਂ ਕਹਾਣੀਆਂ ਦੀਆਂ ਔਰਤ ਪਾਤਰਾਂ ਦੇ ਪ੍ਰਸੰਗ ਵਿਚ ਵਿਚਾਰ ਪੇਸ਼ ਕਰਦਾ ਹੈ ਕਿ, “ਇਨ੍ਹਾਂ ਕਹਾਣੀਆਂ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਔਰਤ ਦੀ ਪਾਤਰਤਾ ਤੇ ਭੂਮਿਕਾ, ਆਪਣੀ ਵੱਖਰਤਾ ਤੇ ਵਚਿੱਤਰਤਾ ਕਰਕੇ, ਆਪਣੇ ਪੂਰਵ ਬਿੰਬ ਨੂੰ ਤੋੜਨ ਲਈ ਫ਼ੈਸਲਾਕੁੰਨ ਰੂਪ ਵਿਚ ਉਜਾਗਰ ਹੁੰਦੀ ਹੈ। ਇਉਂ ਔਰਤਾਂ, ਕਿਰਦਾਰ ਦੀ ਪੱਧਰ ’ਤੇ ਮਰਦਾਂ ਨਾਲੋਂ ਅੱਗੇ ਲੰਘਦੀਆਂ ਹੋਈਆਂ ਨਵੇਂ ਪ੍ਰਤਿਮਾਨ ਸਿਰਜਣ ਵੱਲ ਰੁਚਿਤ ਹਨ।”[4]

ਇਸ ਕਹਾਣੀ ਸੰਗ੍ਰਹਿ ਦੇ ਸਿਰਲੇਖ ਵਾਲੀ ਕਹਾਣੀ ‘ਸੀਤੇ ਬੁੱਲਾਂ ਦਾ ਸੁਨੇਹਾ’ ਇਕ ਪਾਸੇ ਨਾਰੀ ਦੀ ਵੇਦਨਾ ਨੂੰ ਪੇਸ਼ ਕਰ ਰਹੀ ਹੈ ਅਤੇ ਦੂਜੇ ਪਾਸੇ ਉਸ ਦੇ ਚੇਤੰਨ ਹੋਣ ਦੀ ਸ਼ਾਹਦੀ

ਭਰ ਰਹੀ ਹੈ। ਕਹਾਣੀ ਦਾ ਸਿਰਲੇਖ ਦੋ ਸ਼ਬਦ ਸਮੂਹਾਂ ਵਿਚ ਵੰਡ ਕੇ ਵੇਖਿਆ ਇਹ ਕਹਾਣੀ ਸਾਕਾਰ ਹੁੰਦੀ ਜਾਪੇਗੀ। 'ਸੀਤੇ ਬੁੱਲ' ਔਰਤ ਦੀ ਹਾਸ਼ੀਆਗਤ ਸਥਿਤੀ ਅਤੇ ਉਸ ਦੇ ਸ਼ੋਸ਼ਤ ਹੋਣ ਦਾ ਪ੍ਰਤੀਕ ਹਨ ਅਤੇ 'ਸੁਨੇਹਾ' ਸ਼ਬਦ ਨਾਰੀ ਸਸ਼ਕਤੀਕਰਨ ਵੱਲ ਇਸ਼ਾਰਾ ਕਰ ਰਿਹਾ ਹੈ। ਨਾਰੀ ਦੀ ਚੇਤਨਾ ਅਜਿਹਾ ਮੂਕ ਸੁਨੇਹਾ ਦੇ ਰਹੀ ਹੈ ਜਿਸ ਰਾਹੀਂ ਉਸ ਦਾ ਸ਼ੋਸ਼ਣ ਕਰਨ ਵਾਲੇ ਉਸ ਦੇ ਪਤੀ ਡਾ. ਦਲਜੀਤ ਵਰਗੇ ਲੋਕਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਜਾਂਦੀ ਹੈ। ਕਹਾਣੀ ਦੇ ਥੀਮਕ ਪਾਸਾਰ ਅਨੁਸਾਰ ਕਹਾਣੀ ਦੀ ਪਾਤਰ ਅਰਚਨਾ ਨੂੰ ਪਹਿਲਾਂ ਉਸਦੇ ਪਿਤਾ ਦੇ ਸਖ਼ਤ ਸੁਭਾਅ ਕਰਕੇ ਦਾਬੇ ਵਿਚ ਰੱਖਿਆ ਜਾਂਦਾ ਹੈ। ਉਸ ਦੀਆਂ ਖਾਹਸ਼ਾਂ ਦਾ ਗਲਾ ਘੁੱਟ ਕੇ ਇਕ ਪ੍ਰਵਾਸੀ ਭਾਰਤੀ ਡਾ. ਦਲਜੀਤ ਨਾਲ ਉਸ ਨੂੰ ਵਿਆਹ ਦਿੱਤਾ ਜਾਂਦਾ ਹੈ। ਉਸ ਦਾ ਪਤੀ ਡਾ. ਦਲਜੀਤ ਉਸ ਨੂੰ ਸਿਰਫ਼ ਇਕ ਘਰੇਲੂ ਵਸਤੂ ਸਮਝਦਾ ਹੈ ਅਤੇ ਆਪਣੇ ਅਖੌਤੀ ਉੱਚ ਪੱਧਰੇ ਜੀਵਨ ਨੂੰ ਕਾਇਮ ਰੱਖਣ ਲਈ ਘਰ-ਬਾਰ ਦਾ ਤਿਆਗ ਕਰ ਦਿੰਦਾ ਹੈ। ਅਰਚਨਾ ਨੂੰ ਆਪਣੀ ਅਜਿਹੀ ਸਥਿਤੀ ਨਾਲ ਸਮਝੌਤਾ ਕਰਨਾ ਪੈਂਦਾ ਹੈ। ਅਰਚਨਾ ਹੀ ਨਹੀਂ ਸਗੋਂ ਉਸ ਦੀ ਭੈਣ ਵੀ ਸਮਝੌਤਾਵਾਦੀ ਹੈ। ਕਥਾ ਬਿਰਤਾਂਤ ਵਿਚ ਉਹ ਅਰਚਨਾ ਨੂੰ ਕਹਿੰਦੀ ਹੈ, "ਦੀਦੀ, ਸੀਨੀਅਰ ਅਫ਼ਸਰ, ਛੋਟੇ ਅਫ਼ਸਰਾਂ ਦੀਆਂ ਬੀਵੀਆਂ ਨਾਲ ਸੈਕਸ ਤੱਕ ਕਰਨਾ ਆਪਣਾ ਹੱਕ ਸਮਝਦੇ ਹਨ। ਨਹੀਂ ਤਾਂ ਉਹ ਛੋਟੇ ਅਫ਼ਸਰਾਂ ਦੀ ਤਰੱਕੀ ਨਹੀਂ ਹੋਣ ਦਿੰਦੇ। ਇਸ ਲਈ ਆਪਣੇ ਪਤੀਆਂ ਦੀ ਤਰੱਕੀ ਲਈ ਛੋਟੇ ਅਫ਼ਸਰਾਂ ਦੀਆਂ ਬੀਵੀਆਂ ਨੂੰ ਇਹ ਕੰਪ੍ਰੋਮਾਈਜ਼ ਕਰਨਾ ਹੀ ਪੈਂਦਾ ਹੈ।"[5] ਕਹਾਣੀਕਾਰ ਨਾਰੀ ਦੀ ਅਜਿਹੀ ਤਰਸਯੋਗ ਹਾਲਤ ਪੇਸ਼ ਕਰਕੇ ਕਹਾਣੀ ਦੇ ਬਿਰਤਾਂਤ ਵਿਚ ਜਾਨ ਪਾ ਦਿੰਦਾ ਹੈ। ਅਰਚਨਾ ਦੀ ਮਾਂ, ਭੈਣ, ਭੈਣ ਦੀ ਸਹੇਲੀ ਸਾਰੀਆਂ ਔਰਤਾਂ ਜ਼ਿੰਦਗੀ ਨਾਲ ਸਮਝੌਤਾ ਕਰਦੀਆਂ ਹਨ। ਇਸ ਦਾ ਬੁਨਿਆਦੀ ਕਾਰਨ ਹੈ ਕਿ, "ਭਾਰਤ ਦੀ ਔਰਤ ਅਜੇ ਵੀ ਆਪਣੀ ਹੋਂਦ ਨੂੰ ਪਤੀ ਦੀ ਹੋਂਦ ਵਿਚ ਸ਼ਾਮਲ ਸਮਝਦੀ ਹੈ ਅਤੇ ਅਜਿਹਾ ਕਰਦਿਆਂ ਉਹ ਕਿਸੇ ਮਾਨਸਿਕ ਦਵੰਦ ਦਾ ਸ਼ਿਕਾਰ ਨਹੀਂ ਹੁੰਦੀ।"[6]

ਅਰਚਨਾ ਇਸ ਸਮਝੌਤੇ ਤੋਂ ਨਾਬਰ ਹੋ ਕੇ ਇਸ ਪ੍ਰਤੀ ਪ੍ਰਤਿਰੋਧੀ ਸੁਰ ਅਖ਼ਤਿਆਰ ਕਰਦੀ ਹੈ। ਉਹ ਆਪਣੇ ਇਕ ਸਹਿ ਅਧਿਆਪਕ ਮਿਸਟਰ ਮੈਥਿਊ ਜਿਸ ਨੂੰ ਕਿ ਉਹ ਪਸੰਦ ਵੀ ਕਰਦੀ ਹੈ, ਨੂੰ ਆਪਣਾ ਦੋਸਤ ਬਣਾ ਲੈਂਦੀ ਹੈ। ਉਸ ਨੂੰ ਰਾਤ ਦੇ ਖਾਣੇ 'ਤੇ ਘਰ ਬੁਲਾਉਂਦੀ ਹੈ। ਉਹ ਆਪਣੀ ਜ਼ਿੰਦਗੀ ਵਿਚ ਹੋ ਚੁੱਕੀਆਂ ਵਧੀਕੀਆਂ ਤੋਂ ਆਕੀ ਹੋ ਜਾਂਦੀ ਹੈ। ਉਹ ਹੁਣ ਕਿਸੇ ਵੇਦਨਾ ਦਾ ਪੱਲਾ ਫੜ੍ਹ ਕੇ ਨਹੀਂ ਜਿਉਂਣਾ ਚਾਹੁੰਦੀ। ਉਸ ਨੇ ਮਿਸਟਰ ਮੈਥਿਊ ਨੂੰ ਘਰ ਬੁਲਾ ਕੇ ਆਪਣੇ ਪਤੀ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਇਆ। ਉਸ ਦਾ ਪਤੀ ਡਾ. ਦਲਜੀਤ ਜੋ ਕਿ ਮਰਦ ਹਉਮੈਂ ਵਾਲੀ ਮਾਨਸਿਕਤਾ ਦੀ ਸਧਾਰਨਤਾ ਵਿਚੋਂ ਆਪਣੀ ਪਤਨੀ ਦੀ ਇਸ ਹਰਕਤ ਤੋਂ ਨਾਖੁਸ਼ ਹੈ ਭਾਵੇਂ ਉਹ ਖ਼ੁਦ ਵੀ ਵਿਆਹ ਬਾਹਰੇ ਸੰਬੰਧ ਰੱਖਦਾ ਹੈ। ਅੰਤ ਵਿਚ ਉਸ ਨੂੰ ਅਰਚਨਾ ਦੀ ਆਜ਼ਾਦੀ ਸਵੀਕਾਰ ਕਰਨੀ ਪੈਂਦੀ ਹੈ। ਕਹਾਣੀ ਦੀਆਂ ਆਖਰੀ ਸਤਰਾਂ ਅਰਚਨਾ ਦੇ ਪਤੀ ਦੀ ਮਾਨਸਿਕ ਅਵਸਥਾ ਨੂੰ ਪੇਸ਼ ਕਰ ਰਹੀਆਂ ਹਨ, "ਅੱਜ ਪਹਿਲੀ ਵਾਰ ਉਸਨੂੰ ਆਪਣੇ ਹੀ ਘਰ ਆਉਣ ਲਈ ਇਜਾਜ਼ਤ ਦੀ ਲੋੜ ਮਹਿਸੂਸ ਹੋਈ।"[7]

ਇਸ ਕਹਾਣੀ ਰਾਹੀ ਅਜੋਕੇ ਦੌਰ ਦੀ ਔਰਤ ਨੂੰ ਇਕ ਮੂਕ ਸੁਨੇਹਾ ਵੀ ਦਿੱਤਾ ਗਿਆ ਹੈ ਜਿਸ ਵਿਚ ਉਸ ਨੂੰ ਸਮਾਜ ਅਤੇ ਮਰਦ ਦੀਆਂ ਵਧੀਕੀਆਂ ਨਾ ਝੱਲਣ ਅਤੇ ਆਪਣੀ ਆਜ਼ਾਦੀ ਨੂੰ ਕਾਇਮ ਰੱਖਣ ਲਈ ਪ੍ਰੇਰਿਆ ਗਿਆ ਹੈ।

ਮਰਦ ਦੁਆਰਾ ਔਰਤ ਨੂੰ ਹਾਸ਼ੀਆਗਤ ਕਰਨ ਪਿੱਛੇ ਉਸ ਦੀ ਮੂਲ ਭਾਵਨਾ ਆਪਣੀ ਨਿੱਜੀ ਅਤੇ ਸਮਾਜਕ ਸਪੇਸ ਨੂੰ ਬਣਾਈ ਰੱਖਣਾ ਹੁੰਦਾ ਹੈ। ਨਾਰੀਵਾਦੀ ਦ੍ਰਿਸ਼ਟੀ ਤੋਂ ਅਜਿਹਾ ਕਰਨ ਨਾਲ ਉਹ ਔਰਤ ਦੀ ਨਿੱਜੀ ਅਤੇ ਸਮਾਜਕ ਸਪੇਸ ਲਈ ਖ਼ਤਰਾ ਹੀ ਸਾਬਤ ਨਹੀਂ ਹੁੰਦਾ ਸਗੋਂ ਉਸ ਦੀ ਹੋਂਦ ਨੂੰ ਹੀ ਦੁਰਕਾਰਦਾ ਹੈ। ਬਲਦੇਵ ਸਿੰਘ ਗਰੇਵਾਲ ਆਪਣੀ ਕਹਾਣੀ 'ਅਰਥ ਗੁਆ ਚੁੱਕੇ ਬੋਲ' ਰਾਹੀਂ ਅਜਿਹੇ ਹੀ ਮਰਦ ਨੂੰ ਆਪਣੀ ਕਹਾਣੀ ਦੇ ਥੀਮਕ ਪਾਸਾਰ ਦਾ ਹਿੱਸਾ ਬਣਾਉਂਦਾ ਹੈ ਜਿਹੜਾ ਆਪਣੀ ਮਰਦ ਹਉਮੈਂ ਦੇ ਚੱਲਦੇ ਆਪਣੀ ਸਪੇਸ ਸੁਰੱਖਿਅਤ ਰੱਖਣ ਲਈ ਆਪਣੀ ਧੀ ਦੀ ਸਪੇਸ ਨੂੰ ਖਾਰਜ ਕਰ ਦਿੰਦਾ ਹੈ। ਕਹਾਣੀ ਦਾ 'ਮੈਂ' ਪਾਤਰ ਆਪਣੀ ਬੇਟੀ ਦੇ ਕਿਸੇ ਨੀਵੀਂ ਜਾਤ ਦੇ ਮੁੰਡੇ ਨਾਲ ਵਿਆਹ ਕਰਵਾਉਣ ਦੀ ਇੱਛਾ ਤੋਂ ਤਿਲਮਿਲਾ ਜਾਂਦਾ ਹੈ ਅਤੇ ਉਸ ਦੀ ਇਸ ਇੱਛਾ ਨੂੰ ਨਕਾਰ ਕੇ ਆਪਣੀ ਇੱਜ਼ਤ ਨੂੰ ਬਚਾਉਣ ਦਾ ਉਪਰਾਲਾ ਕਰਦਾ ਹੈ ਜੋ ਕਿ ਇਕ ਦਕਿਆਨੂਸੀ ਵਿਚਾਰ ਹੈ। "ਮੈ ਦਿਨਾਂ ਵਿਚ ਹੀ ਤਿਆਰੀ ਕਰ ਕੇ ਇੰਡੀਆ ਚਲਾ ਗਿਆ ਸੀ। ਠੀਕ ਰਿਸ਼ਤਾ ਲੱਭ ਕੇ ਉਸ ਦੀ ਸ਼ਾਦੀ ਕਰ ਦਿੱਤੀ ਸੀ। ਮੇਰੀ ਬੇਟੀ ਆਪਣੀ ਮਾਂ ਕੋਲ ਰੋਈ ਸੀ। ਕੁਰਲਾਈ ਸੀ। ਪਰ ਮੇਰੇ ਸਾਹਮਣੇ ਕੁਸਕ ਨਹੀਂ ਸੀ ਸਕੀ। ਉਸ ਨੇ ਮੇਰੀ ਇੱਜ਼ਤ ਰੱਖ ਲਈ ਸੀ ਤੇ ਚੁੱਪ ਚਾਪ ਵਿਆਹ ਕਰਵਾ ਕੇ ਚਲੇ ਗਏ ਸੀ।"[8] ਕਹਾਣੀ ਦਾ 'ਮੈਂ' ਪਾਤਰ ਅਜਿਹੇ ਵਿਅਕਤੀ ਦੀ ਪ੍ਰਤੀਨਿਧਤਾ ਕਰ ਰਿਹਾ ਹੈ ਜੋ ਆਪਣੀ ਮਰਦ ਹਉਮੈਂ ਨੂੰ ਪੱਠੇ ਪਾਉਣ ਖਾਤਰ ਧੀ ਦੇ ਸੁਪਨਿਆਂ ਦਾ ਅੰਤ ਕਰ ਦਿੰਦਾ ਹੈ ਪਰ ਵਕਤ ਪਾ ਕੇ ਉਸ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਅਤੇ ਪਛਤਾਵਾ ਵੀ। ਜਿੱਥੇ ਇਸ ਟਿੱਪਣੀ ਵਿਚੋਂ ਇਕ ਬਾਪ ਦੀ ਮਰਦ ਹਉਮੈਂ ਝਲਕ ਰਹੀ ਹੈ ਉਥੇ ਹੀ ਇਸ ਵਿਚੋਂ ਇਕ ਔਰਤ ਦੀ ਸੰਵੇਦਨਾ ਵੀ ਝਲਕ ਰਹੀ ਹੈ ਜੋ ਆਪਣੇ ਬਾਪ ਦੇ ਹੱਥੋਂ ਆਪਣੇ ਸੁਪਨਿਆਂ ਦਾ ਗਲਾ ਘੁੱਟੇ ਜਾਣ ਤੇ ਆਪਣੀ ਵੇਦਨਾ ਜ਼ਾਹਰ ਨਹੀਂ ਕਰਦੀ।

ਭਾਰਤ ਦੇ ਅਖੌਤੀ ਸਭਿਅਕ ਸਮਾਜ ਵਿਚ ਕੁਝ ਮਨੁੱਖੀ ਵਰਗਾਂ ਨੂੰ ਹਾਸ਼ੀਏ 'ਤੇ ਰੱਖਿਆ ਜਾਂਦਾ ਹੈ। ਮੂਲ ਰੂਪ ਵਿਚ ਉਹਨਾ ਵਿਚੋਂ ਦਲਿਤ, ਔਰਤ, ਗਰੀਬ ਅਤੇ ਕਿਰਤੀ ਹਨ। ਪਰ ਇਹਨਾਂ ਵਿਚੋਂ ਔਰਤ ਅਜਿਹਾ ਵਰਗ ਹੈ ਜਿਸ ਨੂੰ ਕਈ ਵਾਰ ਦੂਹਰੇ ਹਾਸ਼ੀਏ 'ਤੇ ਵਿਚਰਨਾ ਪੈਂਦਾ ਹੈ। ਜੇਕਰ ਕਿਸੇ ਦਲਿਤ ਵਰਗ ਨਾਲ ਸੰਬੰਧ ਰੱਖਣ ਵਾਲੀ ਔਰਤ ਹੋਵੇ ਤਾਂ ਉਸ ਲਈ ਪਹਿਲਾ ਹਾਸ਼ੀਆ ਦਲਿਤ ਹੋਣ ਵਜੋਂ ਅਤੇ ਦੂਜਾ ਹਾਸ਼ੀਆ ਔਰਤ ਹੋਣ ਵਜੋਂ ਉੱਭਰਦਾ ਹੈ। ਬਲਦੇਵ ਸਿੰਘ ਗਰੇਵਾਲ ਦੀ ਕਹਾਣੀ 'ਰਜਨੀ' ਵਿਚ ਔਰਤ ਦੀ ਅਜਿਹੀ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਵਿਚੋਂ ਇਹ ਹਵਾਲਾ ਵੇਖਿਆ ਜਾ ਸਕਦਾ ਹੈ, "ਇਹਨਾਂ ਦੇ ਇਕ ਪਾਕਿਸਤਾਨੀ ਦੋਸਤ ਦੇ ਬੇਟੇ ਨੇ ਯਹੂਦੀ ਕੁੜੀ ਨਾਲ ਸ਼ਾਦੀ ਕੀਤੀ ਸੀ, ਪਰ ਉਸਨੇ ਪਹਿਲਾਂ ਉਸ ਕੁੜੀ ਨੂੰ ਇਸਲਾਮ ਧਰਮ ਕਬੂਲ ਕਰਵਾਇਆ ਸੀ। ਇਹਨਾਂ ਦੇ ਇਕ ਹੋਰ ਦੋਸਤ ਦੇ ਬੇਟੇ ਦਾ ਮੁਸਲਿਮ ਕੁੜੀ ਨਾਲ ਪਿਆਰ ਹੋ ਗਿਆ ਸੀ। ਗੱਲ ਵਿਆਹ ਤਕ ਪੁੱਜੀ ਤਾਂ ਕੁੜੀ ਦੇ ਬਾਪ ਨੇ ਆਖਿਆ ਸੀ-ਨਿਕਾਹ ਕਰ ਦਿਆਂਗਾ। ਪਹਿਲਾਂ ਇਸਲਾਮ ਕਬੂਲ ਕਰ। ਮੁੰਡੇ ਨੇ ਆਪਣਾ ਸਿੱਖ ਧਰਮ ਛੱਡਣਾ ਪਰਵਾਨ ਨਹੀਂ ਸੀ ਕੀਤਾ। ਕੁੜੀ ਨੂੰ ਛੱਡ ਦਿੱਤਾ ਸੀ।"[9] ਇਕ ਪਾਸੇ ਇਕ ਕੁੜੀ ਮੁੰਡੇ ਨਾਲ ਵਿਆਹ ਕਰਾਉਣ ਲਈ ਆਪਣਾ ਧਰਮ ਪਰਿਵਰਤਨ ਕਰ ਲੈਂਦੀ ਹੈ ਪਰ ਦੂਜੇ ਪਾਸੇ ਮੁੰਡਾ ਧਰਮ ਪਰਿਵਰਤਨ ਕਰਨਾ ਸਵੀਕਾਰ ਨਹੀਂ ਕਰਦਾ। ਇਹ ਕੁਰਬਾਨੀ ਦੇਣ ਦੀ ਆਸ ਵੀ ਕੁੜੀ ਤੋਂ ਹੀ ਕੀਤੀ ਜਾਂਦੀ ਹੈ। ਇਹ ਟਿੱਪਣੀ ਇਸ

ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਪੂਰਬੀ ਲੋਕ ਆਪਣੇ ਧਰਮ, ਵਿਚ ਪੱਕੇ ਹੁੰਦੇ ਹਨ ਪਰ ਪੱਛਮੀ ਲੋਕ ਇਸ ਮਸਲੇ ਪ੍ਰਤੀ ਕੁਝ ਲਚਕੀਲੇ ਹੁੰਦੇ ਹਨ।

ਇਹ ਕਹਾਣੀ ਰਜਨੀ ਮਾਤਾ ਦੀ ਮਿੱਥ ਨੂੰ ਆਧਾਰ ਬਣਾ ਕੇ ਸਿਰਜੀ ਹੋਈ ਹੈ। ਰਜਨੀ ਦੇ ਪਿਤਾ ਨੇ ਉਸ ਨੂੰ ਆਪਣੀ ਮਰਦ ਹਉਮੈਂ ਕਰਕੇ ਇਕ ਕੋਹੜੀ ਨਾਲ ਵਿਆਹ ਦਿੱਤਾ ਸੀ ਪਰ ਜਦੋਂ ਰਜਨੀ ਆਪਣੇ ਪਤੀ ਨੂੰ ਬੇਰੀ ਹੇਠ ਬਿਠਾ ਕੇ ਰੱਬ ਦੇ ਘਰ ਖੈਰ ਮੰਗਣ ਗਈ ਤਾਂ ਉਸ ਦਾ ਪਤੀ ਸਰੋਵਰ ਵਿਚ ਇਸ਼ਨਾਨ ਕਰਕੇ ਤੰਦਰੁਸਤ ਹੋ ਕੇ ਬੈਠਾ ਸੀ। ਰਜਨੀ ਨੇ ਆਪਣੀ ਤਪੱਸਿਆ ਅਤੇ ਆਪਣੇ ਨਿਸ਼ਚੇ ਨਾਲ ਆਪਣੇ ਪਤੀ ਨੂੰ ਠੀਕ ਕਰ ਲਿਆ ਸੀ। ਇਸ ਕਹਾਣੀ ਦੀ ਪਾਤਰ ਇਸ਼ਨਾਨ ਨੂੰ ਰਜਨੀ ਮਾਤਾ ਨਾਲ ਤੁਲਨਾ ਕੇ ਪੇਸ਼ ਕੀਤਾ ਗਿਆ ਹੈ। ਉਹ ਆਪਣਾ ਧਰਮ ਪਰਿਵਰਤਨ ਨਹੀਂ ਕਰਦੀ ਸਗੋਂ ਆਪਣੇ ਪਤੀ ਨੂੰ ਆਪਣੇ ਧਰਮ ਦੀਆਂ ਮਾਨਤਾਵਾਂ ਵਿਚ ਰੰਗ ਦਿੰਦੀ ਹੈ ਜਿਸ ਉੱਪਰ ਇਸ਼ਨਾਨ ਦੀ ਮਾਂ ਵੀ ਬਹੁਤ ਖੁਸ਼ ਹੁੰਦੀ ਹੈ।

'ਉਨਾਭੀ ਕੋਟ' ਕਹਾਣੀ ਇਕ ਔਰਤ ਦੇ ਆਪਣੇ ਬੱਚਿਆਂ ਹੱਥੋਂ ਨਕਾਰੇ ਜਾਣ ਦੀ ਕਹਾਣੀ ਹੈ। ਕਹਾਣੀ ਦੀ 'ਮੈਂ' ਪਾਤਰ ਦੇ ਪਤੀ ਦੇ ਮਰ ਜਾਣ ਉਪਰੰਤ ਉਸ ਦੇ ਪੁੱਤ ਨੂੰਹਾਂ ਹੀ ਉਸ ਦੀ ਪਛਾਣ ਲਈ ਸਵਾਲੀਆ ਨਿਸ਼ਾਨ ਬਣ ਜਾਂਦੇ ਹਨ ? ਪਾਤਰ ਆਪਣੇ ਬੱਚਿਆਂ ਬਾਰੇ ਮਨ ਵਿਚ ਸੋਚਦੀ ਹੈ, "ਅਜੀਬ ਜਿਹੀ ਕੋਫ਼ਤ ਹੁੰਦੀ ਹੈ। ਹੁਣ ਇਹਨਾਂ ਨੂੰ ਮੇਰਾ ਇਸ ਘਰ ਵਿਚ ਰਹਿਣਾ ਚੰਗਾ ਨਹੀਂ ਲਗਦਾ। ਮੈਂ ਉਠਦੀ ਹਾਂ। ਕਲਾਜਿਟ ਖੋਲਦੀ ਹਾਂ। ਉਨਾਭੀ ਕੋਟ ਕੱਢਦੀ ਹਾਂ। ਇਹਨਾਂ ਨੇ ਮੇਸੀ 'ਚੋਂ ਖ਼ਰੀਦ ਕੇ ਦਿੱਤਾ ਸੀ। ਕਹਿੰਦੇ ਸੀ- ਪੈਪ, ਇਹ ਰੰਗ ਤੇਰੇ 'ਤੇ ਬਹੁਤ ਫੱਬਦਾ ਹੈ।"[10] ਅਜਿਹੀ ਸਥਿਤੀ ਵਿਚੋਂ ਉੱਭਰਨ ਲਈ ਉਹ ਆਪਣੇ ਅਤੀਤ ਨੂੰ ਯਾਦ ਕਰਦੀ ਹੈ ਅਤੇ ਪਹਿਲਾਂ ਹੋਈਆਂ ਗਲਤੀਆਂ ਦੁਬਾਰਾ ਨਾ ਦੁਹਰਾਉਣ ਅਤੇ ਰਹਿੰਦੀ ਜ਼ਿੰਦਗੀ ਆਪਣੀ ਮਰਜ਼ੀ ਨਾਲ ਜਿਉਣਾ ਲੋਚਦੀ ਹੈ ਨਾ ਕਿ ਦੂਜਿਆਂ ਦੀਆਂ ਸ਼ਰਤਾਂ ਉੱਪਰ।

ਨਾਰੀ ਦੇ ਅਵਚੇਤਨ ਵਿਚ ਪਈ ਆਜ਼ਾਦੀ ਅਤੇ ਉਸ ਦੀ ਸੰਵੇਦਨਸ਼ੀਲਤਾ ਵਿਚੋਂ ਉਪਜੇ ਫੈਸਲਿਆਂ ਨੂੰ ਪੇਸ਼ ਕਰਦੀ ਕਹਾਣੀ 'ਲਿਜ਼ਾ' ਇਕ ਪਾਸੇ ਮਰਦ ਹੱਥੋਂ ਔਰਤ ਦੇ ਹੋ ਰਹੇ ਸ਼ੋਸ਼ਣ ਨੂੰ ਪੇਸ਼ ਕਰਦੀ ਹੈ ਅਤੇ ਨਾਲ ਹੀ ਪੱਛਮੀ ਸਭਿਆਚਾਰ ਅਤੇ ਪੂਰਬੀ ਸਭਿਆਚਾਰ ਵਿਚ ਵਿਚਰ ਰਹੀਆਂ ਔਰਤਾਂ ਦੀ ਮਨੋਅਵਸਥਾ ਵਿਚਲੇ ਵਖਰੇਵਿਆਂ ਨੂੰ ਵੀ ਪੇਸ਼ ਕਰ ਰਹੀ ਹੈ। ਕਹਾਣੀ ਦੀ 'ਮੈਂ' ਪਾਤਰ ਆਪਣੇ ਪਤੀ ਦੀਆਂ ਵਧੀਕੀਆਂ ਝੱਲਦੀ ਹੈ ਅਤੇ ਉਸ ਦੁਆਰਾ ਨਕਾਰ ਦਿੱਤੀ ਜਾਂਦੀ ਹੈ ਜਿਸ ਦਾ ਦਰਦ ਲੈ ਕੇ ਉਹ ਸਾਰੀ ਉਮਰ ਜਿਉਂਦੀ ਹੈ। ਦੂਜੇ ਪਾਸੇ ਪੱਛਮੀ ਸਭਿਆਚਾਰ ਦੀ ਪ੍ਰਤੀਨਿਧਤਾ ਕਰਦੀ ਲਿਜ਼ਾ ਆਪਣੇ ਪ੍ਰੇਮੀ ਦੁਆਰਾ ਸ਼ੋਸ਼ਣ ਦੇ ਬਦਲੇ ਉਸ ਨੂੰ ਨਕਾਰ ਕੇ ਆਪਣੀ ਜ਼ਿੰਦਗੀ ਵਿਚ ਅਗਾਂਹ ਵਧਣ ਦਾ ਫ਼ੈਸਲਾ ਲੈ ਲੈਂਦੀ ਹੈ। ਇਸ ਕਹਾਣੀ ਦਾ ਅਹਿਮ ਨੁਕਤਾ ਇਹ ਹੈ ਕਿ ਦੋਨਾਂ (ਪੱਛਮੀ ਅਤੇ ਪੂਰਬੀ) ਪਾਤਰਾਂ ਵਿਚ ਔਰਤ ਹੋਣ ਦੀ ਅਤੇ ਇਕ ਮਰਦ ਹੱਥੋਂ ਸ਼ੋਸ਼ਤ ਹੋਣ ਦੀ ਸਾਂਝ ਹੈ। ਇਸੇ ਸਾਂਝ ਨੂੰ ਬਿਆਨ ਕਰਦੇ ਲਿਜ਼ਾ ਦਾ ਇਹ ਗਲਪੀ ਵਾਰਤਾਲਾਪ ਵੇਖਿਆ ਜਾ ਸਕਦਾ ਹੈ, "ਮੈਂ ਹੱਕੀ ਬੱਕੀ ਦੇਖੀ ਜਾ ਰਹੀ ਸੀ। ਲਿਜ਼ਾ ਦੀਆਂ ਗੱਲਾਂ 'ਚੋਂ ਸੱਚ ਝਲਕ ਰਿਹਾ ਸੀ। ਫਿਰ ਉਸਦੀ ਨਜ਼ਰ ਮੇਰੇ 'ਤੇ ਪਈ। ਉਠ ਕੇ ਮੇਰੇ ਕੋਲ਼ ਆ ਗਈ। ਮੇਰੇ ਕੋਲ਼ੋਂ ਉਸਨੇ ਮਾਫ਼ੀ ਮੰਗੀ। ਤੇ ਕਿਹਾ-ਡੀਅਰ, ਇਹ ਜੋ ਕੁਝ ਹੋਇਆ ਹੈ, ਮੇਰੇ ਅਨਭੋਲ ਪੁਣੇ ਕਰਕੇ ਹੋਇਆ ਹੈ। ਮਨ ਸਾਡਾ ਦੋਹਾਂ ਦਾ ਕਸੂਰਵਾਰ ਹੈ। ਹੁਣ ਜੇ ਮੈਂ ਚਾਹਾਂ, ਤਾਂ ਮਨ ਨੂੰ ਗ੍ਰਿਫ਼ਤਾਰ ਕਰਵਾ ਸਕਦੀ ਹਾਂ। ਡਿਪੋਰਟ ਵੀ ਕਰਵਾ ਸਕਦੀ ਹਾਂ,

ਪਰ ਹੁਣ ਮੈਂ ਅਜਿਹਾ ਨਹੀਂ ਕਰਾਂਗੀ। ਮੇਰੇ ਅਜਿਹਾ ਕਰਨ ਨਾਲ ਹੁਣ ਤੇਰੀ ਜ਼ਿੰਦਗੀ ਬਰਬਾਦ ਹੋ ਜਾਵੇਗੀ।"[11]

ਪਿਤਰੀ ਸੱਤਾ ਦੇ ਵਿਕਸਿਤ ਹੋਣ ਦੇ ਨਾਲ ਹੀ ਔਰਤ ਨੂੰ ਮਰਦ ਦੇ ਭੋਗਣ ਦੀ ਇਕ ਵਸਤੂ ਦੇ ਰੂਪ ਵਿਚ ਘਟਾ ਕੇ ਵੇਖਣਾ ਸ਼ੁਰੂ ਹੋ ਗਿਆ ਸੀ। ਅਜੋਕੇ ਦੌਰ ਵਿਚ ਭਾਵੇਂ ਔਰਤ ਦੀ ਦਸ਼ਾ ਵਿਚ ਸੁਧਾਰ ਆਇਆ ਹੈ ਪਰ ਅੱਜ ਵੀ ਔਰਤ ਦਾ ਸ਼ੋਸ਼ਣ ਹੋ ਰਿਹਾ ਹੈ। ਉਸ ਨੂੰ ਅੱਜ ਵੀ ਵਸਤੂ ਹੀ ਸਮਝਿਆ ਜਾਂਦਾ ਹੈ ਪਰ ਉਸ ਨੂੰ ਅਹਿਸਾਸ ਨਹੀਂ ਹੋਣ ਦਿੱਤਾ ਜਾਂਦਾ। ਬਲਦੇਵ ਸਿੰਘ ਗਰੇਵਾਲ ਦੀ ਕਹਾਣੀ 'ਇਕ ਵਾਰ ਫਿਰ' ਦੀ 'ਮੈਂ' ਪਾਤਰ ਨਿੰਦੀ ਆਪਣੇ ਪ੍ਰੇਮੀ ਹੱਥੋਂ ਸ਼ੋਸ਼ਤ ਹੁੰਦੀ ਹੈ। ਇਸੇ ਤਰ੍ਹਾਂ ਆਪਣੀ ਧੀ ਕਿਰਨ ਦੇ ਪ੍ਰੇਮੀ ਰਜਿੰਦਰ ਚੋਪੜਾ ਨੂੰ ਰਮੇਸ਼ ਨਾਲ ਰਲਗੱਡ ਕਰ ਲੈਂਦੀ ਹੈ ਅਤੇ ਕਿਰਨ ਦੇ ਫੈਸਲੇ 'ਤੇ ਕਿੰਤੂ ਕਰਦੀ ਹੈ। ਉਹ ਜਾਣਦੀ ਹੈ ਕਿ ਮਰਦ ਦੇ ਬਦਲੇ ਔਰਤ ਜ਼ਿਆਦਾ ਸੰਵੇਦਨਸ਼ੀਲ ਹੁੰਦੀ ਹੈ। ਇਸ ਕਰਕੇ ਉਸ ਦੇ ਮਰਦ ਹੱਥੋਂ ਸ਼ੋਸ਼ਤ ਹੋਣ ਦੇ ਜ਼ਿਆਦਾ ਆਸਾਰ ਹੁੰਦੇ ਹਨ। ਇਸੇ ਪ੍ਰਕਾਰ ਦੇ ਵਿਸ਼ਾ-ਵਸ਼ਤੂ ਵਾਲੀ ਕਹਾਣੀਕਾਰ ਦੀ ਇਕ ਹੋਰ ਕਹਾਣੀ 'ਯੈਲੋ ਕੈਬ' ਹੈ ਜੋ ਔਰਤ ਦੇ ਸ਼ੋਸ਼ਣ ਦੀ ਕਥਾ ਸਿਰਜਦੀ ਹੈ। ਕਹਾਣੀ ਦੀ 'ਮੈਂ' ਪਾਤਰ ਆਪਣੇ ਪਤੀ ਲਈ ਇਕ ਵਸਤੂ ਦੇ ਤੁਲ ਹੋ ਜਾਂਦੀ ਹੈ ਜੋ ਉਸਨੂੰ ਤਲਾਕ ਦੇ ਕੇ ਆਪਣੇ ਭਰਾ ਨਾਲ ਵਿਆਹ ਕਰਵਾ ਕੇ ਅਮਰੀਕਾ ਲਿਆਉਣਾ ਚਾਹੁੰਦਾ ਹੈ ਅਤੇ ਉਸ ਨੂੰ ਇਥੇ ਪੱਕਾ ਕਰਨਾ ਚਾਹੁੰਦਾ ਹੈ।ਉਹ ਇਸ ਸਾਰੀ ਪ੍ਰਕਿਰਿਆ ਨੂੰ ਕਾਗਜ਼ੀ ਪ੍ਰਕਿਰਿਆ ਦੇ ਰੂਪ ਵਿਚ ਨਿਭਾਉਣ ਲਈ ਹੀ ਕਹਿੰਦਾ ਹੈ ਪਰ ਜਦੋਂ ਉਸ ਦਾ ਭਰਾ ਉਸ ਦਾ ਸਰੀਰਕ ਸ਼ੋਸ਼ਣ ਕਰਦਾ ਹੈ ਤਾਂ ਉਹ ਖ਼ੁਦ ਵੀ ਆਪਣੇ ਭਰਾ ਨਾਲ ਸਹਿਮਤ ਹੋ ਜਾਂਦਾ ਹੈ। ਕਥਾ ਬਿਰਤਾਂਤ ਵਿਚਲਾ ਇਹ ਵਾਰਤਾਲਾਪ ਵੇਖਿਆ ਜਾ ਸਕਦਾ ਹੈ ਜਿਸ ਰਾਹੀਂ ਮਰਦ ਦੀਆਂ ਨਜ਼ਰਾਂ ਵਿਚ ਔਰਤ ਦੇ ਇਕ ਵਸਤੂ ਦੇ ਤੁਲ ਹੋਣ ਦੀ ਸਥਿਤੀ ਨੂੰ ਪੇਸ਼ ਕਰ ਰਿਹਾ ਹੈ, "ਉਸ ਦਾ ਆਦੇਸ਼ ਸੀ-ਚੁੱਪ ਵੱਟ ਜਾਵਾਂ। ਘਰ ਦੀ ਇੱਜ਼ਤ ਨੂੰ ਨਾ ਉਛਾਲਾਂ। ਮੇਰੀਆਂ ਆਹਾਂ, ਮੇਰੇ ਹੀ ਸਜਾਏ ਸੰਵਾਰੇ ਘਰ ਦੀਆਂ ਦੀਵਾਰਾਂ ਨਾਲ ਟਕਰਾ ਕੇ ਦਮ ਤੋੜ ਗਈਆਂ। ਮੈਂ ਦੋਹਾਂ ਭਰਾਵਾਂ ਦੀ ਦਰੋਪਦੀ ਬਣ ਕੇ ਰਹਿ ਗਈ, ਤੇ ਹੁਣ ਵੀ ਬਣੀ ਹੋਈ ਹਾਂ।"[12] ਵਿਦੇਸ਼ਾਂ ਵਿਚ ਔਰਤ ਆਜ਼ਾਦ ਜ਼ਿੰਦਗੀ ਬਸਰ ਕਰਦੀ ਹੈ ਉਥੇ ਹੀ ਪੰਜਾਬੋਂ ਗਈਆਂ ਅਨੇਕਾਂ ਔਰਤਾਂ ਦਾ ਮਰਦਾਂ ਦੁਆਰਾ ਸ਼ੋਸ਼ਣ ਹੁੰਦਾ ਰਹਿੰਦਾ ਹੈ। ਇਸ ਕਹਾਣੀ ਦੀਆਂ ਮੁੱਢਲੀਆਂ ਸਤਰਾਂ ਹੀ ਇਸ ਗੱਲ ਨੂੰ ਚਿਹਨਿਤ ਕਰਦੀਆਂ ਹਨ ਕਿ ਨਿਊਯਾਰਕ ਸ਼ਹਿਰ ਸ਼ੋਸ਼ਤ ਔਰਤਾਂ ਨਾਲ ਭਰਿਆ ਪਿਆ ਹੈ, "ਨਿਊਯਾਰਕ ਸ਼ਹਿਰ ਯੈਲੋ ਕੈਬਾਂ ਨਾਲ ਭਰਿਆ ਰਹਿੰਦਾ ਹੈ। ਹਰ ਐਵਿਨਿਊ, ਹਰ ਸਟਰੀਟ 'ਤੇ ਯੈਲੋ ਕੈਬਾਂ ਦੀਆਂ ਲਾਈਨਾ ਲੱਗੀਆਂ ਦਿਸਦੀਆਂ ਹਨ।"[13]

ਬਲਦੇਵ ਸਿੰਘ ਗਰੇਵਾਲ ਦੀਆਂ ਕੁਝ ਕਹਾਣੀਆਂ ਔਰਤ ਦੀ ਸੰਵੇਦਨਾ ਨੂੰ ਭਰਵੇਂ ਰੂਪ ਵਿਚ ਪੇਸ਼ ਕਰ ਰਹੀਆਂ ਹਨ। ਔਰਤ ਸਭ ਤੋਂ ਜ਼ਿਆਦਾ ਸੰਵੇਦਨਸ਼ੀਲ ਪ੍ਰਾਣੀ ਹੈ। ਉਹ ਆਪਣੇ ਪਰਿਵਾਰ ਦੀਆਂ ਭਾਵਨਾਵਾਂ ਅਤੇ ਸੁਪਨਿਆਂ ਲਈ ਆਪਣੇ ਸੁਪਨਿਆਂ ਅਤੇ ਇੱਛਾਵਾਂ ਦਾ ਕਤਲ ਵੀ ਕਰ ਸਕਦੀ ਹੈ। ਭਾਵੇਂ ਉਹ ਹਾਸ਼ੀਆਗਤ ਵਰਗ ਵਿਚ ਆਉਂਦੀ ਹੈ ਪਰ ਫਿਰ ਵੀ ਉਸ ਦਾ ਸਮਰਪਣ ਉਸ ਨੂੰ ਮਹਾਨ ਬਣਾ ਦਿੰਦਾ ਹੈ। ਇਹਨਾਂ ਕਹਾਣੀਆਂ ਦੀਆਂ ਨਾਰੀ ਪਾਤਰ ਅਜਿਹੇ ਵਰਤਾਰਿਆਂ ਨੂੰ ਪੇਸ਼ ਕਰ ਰਹੀਆਂ ਹਨ।

ਇਸ ਕਹਾਣੀ ਸੰਗ੍ਰਹਿ ਦੀਆਂ ਕਹਾਣੀਆਂ ਦੀਆਂ ਪੰਜਾਬੀ ਔਰਤ ਦੀ ਪ੍ਰਤੀਨਿਧਤਾ

ਕਰਦੀਆਂ ਪਾਤਰਾਂ ਨੂੰ ਵਿਦੇਸ਼ੀ ਧਰਤੀ ਤੇ ਆਵਾਜ਼ ਬੁਲੰਦ ਕਰਨ ਦਾ ਮੌਕਾ ਮਿਲਦਾ ਹੈ। ਉਥੋਂ ਦੀਆਂ ਸਭਿਆਚਾਰਕ ਮਾਨਤਾਵਾਂ ਭਾਰਤੀ ਮਾਨਤਾਵਾਂ ਨਾਲੋਂ ਭਿੰਨ ਹਨ। ਭਾਰਤੀ ਸਮਾਜ-ਸਭਿਆਚਾਰਕ ਮਾਨਤਾਵਾਂ ਨਾਰੀ ਨੂੰ ਉਤਨੀ ਖੁੱਲ ਨਹੀਂ ਦਿੰਦੀਆਂ। ਇਸ ਬਾਰੇ ਡਾ. ਗੁਰਬੰਸ ਕੌਰ ਦਾ ਮੱਤ ਹੈ ਕਿ, "ਔਰਤ ਦੀ ਪਛਾਣ ਅਤੇ ਹੋਂਦ ਲਈ ਜੀਵ ਵਿਗਿਆਨਿਕ ਬਣਤਰ ਹੀ ਨਹੀਂ ਜੋ ਉਸ ਦੇ ਸਮਾਜਿਕ ਪੱਧਰ ਨੂੰ ਨਿਸ਼ਚਿਤ ਕਰਦੀ ਹੈ, ਸਗੋਂ ਸਥਾਨਕ ਸਭਿਆਚਾਰਕ ਪਰੰਪਰਾਵਾਂ ਅਤੇ ਵਿਸ਼ਵਾਸ ਹਨ ਜਿਨ੍ਹਾਂ ਦੇ ਆਧਾਰ ਤੇ ਔਰਤ ਨੂੰ ਜੀਵ ਵਿਗਿਆਨਿਕ ਤੌਰ ਤੇ ਨਿਰਬਲ ਮਰਦ ਨਾਲੋਂ ਘੱਟ ਸ਼ਕਤੀਸ਼ਾਲੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ।"[14] ਗੋਰੀਆਂ ਔਰਤਾਂ ਜਿਨ੍ਹਾਂ ਉੱਪਰ ਗ਼ੈਰ-ਇਖ਼ਲਾਕੀ ਹੋਣ ਦਾ ਦੂਸ਼ਣ ਲਾਇਆ ਜਾਂਦਾ ਹੈ, ਅਸਲ ਵਿਚ ਉਹ ਵੀ ਆਪਣੀ ਆਜ਼ਾਦ ਸੋਚ ਕਰਕੇ ਅਜਿਹਾ ਵਿਵਹਾਰ ਕਰਦੀਆਂ ਹਨ। ਇਹਨਾਂ ਕਹਾਣੀਆਂ ਦੀਆਂ ਇਸਤਰੀ ਪਾਤਰਾਂ ਲੋਕ ਸਾਹਿਤ ਦੀਆਂ ਨਾਇਕਾਵਾਂ ਵਾਂਗ ਸੰਘਰਸ਼ਸ਼ੀਲ ਤਾਂ ਹਨ ਪਰ ਉਹ ਸਫ਼ਲਤਾ ਜਾਂ ਮੌਤ ਨੂੰ ਨਹੀਂ ਪ੍ਰਾਪਤ ਕਰਦੀਆਂ ਸਗੋਂ ਉਹਨਾਂ ਦਾ ਸੰਘਰਸ਼ ਜਾਰੀ ਰਹਿੰਦਾ ਹੈ। ਕਹਾਣੀਆਂ ਔਰਤ ਦੀ ਮਨੋ-ਸਥਿਤੀ ਦੀਆਂ ਸਾਰੀਆਂ ਪਰਤਾਂ ਨੂੰ ਫਰੋਲਦੀਆਂ ਹਨ ਕੋਈ ਵੀ ਇਸਤਰੀ ਪਾਤਰ ਨਾਂਹ ਪੱਖੀ ਅਸਤਿਤਵ ਵਾਲੀ ਨਹੀਂ ਹੈ ਭਾਵ ਕਹਾਣੀਕਾਰ ਔਰਤ ਦੇ ਹੱਕ ਵਿਚ ਖੜ੍ਹਦਾ ਪ੍ਰਤੀਤ ਹੁੰਦਾ ਹੈ। ਇਸ ਕਹਾਣੀ ਸੰਗ੍ਰਹਿ ਦੀ ਹਰ ਕਹਾਣੀ ਦੀ ਹਰ ਔਰਤ ਪਾਤਰ ਇਕ ਮੂਕ ਸੁਨੇਹਾ ਦਿੰਦੀ ਹੈ, ਮਨੁੱਖ ਨੂੰ, ਸਮਾਜ ਨੂੰ, ਸਾਰੀ ਸ੍ਰਿਸ਼ਟੀ ਨੂੰ। 'ਫ਼ੈਸਲਾ' ਕਹਾਣੀ ਦੀ ਪਾਤਰ ਪੰਮੀ ਐਕਸੀਡੈਂਟ ਉਪਰੰਤ ਵਿਕਲਾਂਗ ਹੋ ਜਾਂਦੀ ਹੈ। ਉਹ ਆਪਣੇ ਪਤੀ ਤੋਂ ਉਸ ਨੂੰ ਖੁਸ਼ੀਆਂ ਨਾ ਦੇ ਸਕਣ ਕਰਕੇ ਮਾਫ਼ੀ ਮੰਗਦੀ ਹੈ। 'ਝੂਠ' ਕਹਾਣੀ ਦੀ 'ਮੈਂ' ਪਾਤਰ ਆਪਣੇ ਪਿਤਾ ਅਤੇ ਚਾਚੇ ਦੁਆਰਾ ਰਾਮਦਾਸੀਆਂ ਦੇ ਮੁੰਡੇ ਚਰਨ ਦੀ ਜ਼ਿੰਦਗੀ ਤਬਾਹ ਹੋ ਜਾਣ ਦਾ ਅਸਲੀ ਕਾਰਨ ਖ਼ੁਦ ਨੂੰ ਹੀ ਸਮਝਦੀ ਹੈ ਅਤੇ ਆਪਣੀ ਵੇਦਨਾ ਜ਼ਾਹਰ ਕਰਦੀ ਹੈ। 'ਸੂਹਾ ਸਾਲੂ' ਕਹਾਣੀ ਦੀ ਪਾਤਰ ਸੀਤੋ ਆਪਣੀ ਮੂਕ ਮੁਹੱਬਤ ਨੂੰ ਸਾਰੀ ਉਮਰ ਨਾਲ਼-ਨਾਲ਼ ਰੱਖਦੀ ਹੈ। ਉਸ ਦੀ ਸੰਵੇਦਨਾ ਹਮੇਸ਼ਾ 'ਬੱਬੀ' ਨਾਲ ਜੁੜੀ ਰਹਿੰਦੀ ਹੈ। 'ਐਕਸੀਡੈਂਟ' ਕਹਾਣੀ ਦੀ ਪਾਤਰ ਰਚਨਾ ਕਹਾਣੀ ਦੇ 'ਮੈਂ' ਪਾਤਰ ਦੀ ਮੁਹੱਬਤ ਵਿਚ ਉਮਰ ਭਰ ਵਿਆਹ ਨਹੀਂ ਕਰਵਾਉਂਦੀ। 'ਮੁੱਲ ਦੀ ਤੀਮੀ' ਕਹਾਣੀ ਦੀ ਪਾਤਰ ਜੀਤੋ ਆਪਣੇ ਨਾਲ ਬਲਾਤਕਾਰ ਕਰਨ ਵਾਲਿਆਂ ਦਾ ਕਤਲ ਕਰਨਾ ਚਾਹੁੰਦੀ ਹੈ ਪਰ ਉਹ ਪਿਆਰਾ ਸਿੰਘ ਫੌਜੀ ਦਾ ਨੁਕਸਾਨ ਨਹੀਂ ਕਰਨਾ ਚਾਹੁੰਦੀ ਕਿਉਂਕਿ ਉਹ ਜਾਣਦੀ ਹੈ ਕਿ ਪਿਆਰਾ ਸਿੰਘ ਇਕ ਸ਼ਰੀਫ਼ ਇਨਸਾਨ ਹੈ।

ਬਲਦੇਵ ਸਿੰਘ ਗਰੇਵਾਲ ਦੀ ਕਹਾਣੀ ਕਲਾ ਦੀ ਵਿਲੱਖਣਤਾ ਬਾਰੇ ਬਹੁਤ ਕੁਝ ਕਿਹਾ ਜਾ ਸਕਦਾ ਹੈ। ਉਸ ਦੀਆਂ ਜ਼ਿਆਦਾਤਰ ਕਹਾਣੀਆਂ ਦੀ ਪੇਸ਼ਕਾਰੀ ਸਰਬ-ਗਿਆਤਾ ਮੈਂ ਮੂਲਕ ਬਿਰਤਾਂਤਕਾਰ ਵਜੋਂ ਹੋਈ ਹੈ। ਕਹਾਣੀਆਂ 'ਸੀਤੇ ਬੁੱਲਾਂ' ਵਾਂਗ ਇਕ ਰਹੱਸ ਨੂੰ ਲੈ ਕੇ ਅੰਤ ਵੱਲ ਵਧਦੀਆਂ ਹਨ। ਰਹੱਸ ਖੁੱਲ ਜਾਣ ਤੇ ਕਹਾਣੀ ਰਾਹੀਂ ਦਿੱਤਾ 'ਸੁਨੇਹਾ' ਸਾਕਾਰ ਹੋ ਜਾਂਦਾ ਹੈ। ਹਰ ਕਹਾਣੀ ਦਾ ਉਦੇਸ਼ ਕੋਈ ਨਾ ਕੋਈ ਸਿੱਖਿਆ ਦੇਣਾ ਹੈ। ਕਹਾਣੀ ਦੇ ਥੀਮਕ ਪਾਸਾਰ ਵਿਚ ਪੂਰਬੀ ਸਭਿਆਚਾਰ ਅਤੇ ਪੱਛਮੀ ਸਭਿਆਚਾਰ ਦੀ ਤੁਲਨਾ ਕੀਤੀ ਗਈ ਹੈ। ਇਸ ਦੇ ਨਾਲ ਹੀ ਪੰਜਾਬੀਆਂ ਦੇ ਪ੍ਰਵਾਸ ਕਰਨ ਦੇ ਕਾਰਨਾਂ ਨੂੰ ਵੀ ਸਿਰਜਿਆ ਗਿਆ ਹੈ। ਹਾਸ਼ੀਆਗਤ ਧਿਰਾਂ ਦੀ ਵੇਦਨਾ ਅਤੇ ਸੰਵੇਦਨਾ ਵੀ ਇਹਨਾਂ ਕਹਾਣੀਆਂ ਦਾ ਵਿਸ਼ਾ ਬਣੀ ਹੈ। ਬਿਰਤਾਂਤਕਤਾ ਦੇ ਪੱਖ ਤੋਂ ਕਹਾਣੀ ਦੇ ਪਾਤਰ ਚਪਟੇ ਹਨ ਉਹ ਆਪਣੀ ਪਰੰਪਰਾ ਅਤੇ

ਨੈਤਿਕਤਾ ਵਿਚ ਬੰਨ੍ਹੇ ਹੋਏ ਹਨ। ਉਹ ਚੰਚਲ ਜਾਂ ਗਤੀਸ਼ੀਲ ਨਹੀਂ ਹਨ। ਪਾਤਰ ਜਿਸ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ ਉਹ ਉਸ ਲਈ ਨਾ ਤਾਂ ਕੁਰਬਾਨ ਹੁੰਦਾ ਹੈ ਅਤੇ ਨਾ ਹੀ ਭਟਕਦਾ ਹੈ ਸਗੋਂ ਉਹ ਸੰਘਰਸ਼ਸ਼ੀਲ ਰਹਿੰਦਾ ਹੈ। ਕਹਾਣੀ ਵਿਚ ਘਟਨਾਵਾਂ ਢੁਕਵੇਂ ਕਾਲ, ਤਰਤੀਬ ਅਤੇ ਬਾਰੰਬਾਰਤਾ ਵਿਚ ਸਿਰਜੀਆਂ ਗਈਆਂ ਹਨ। ਕੁਝ ਕਹਾਣੀਆਂ ਵਿਚ ਪਿਛਲਝਾਤ ਦੀ ਜੁਗਤ ਵੀ ਵਰਤੀ ਗਈ ਹੈ। ਬਿਰਤਾਂਤਕਾਰ ਨੇ ਚੇਤਨਾ ਪ੍ਰਵਾਹ ਦੀ ਬਿਰਤਾਂਤ ਜੁਗਤ ਨੂੰ ਕਹਾਣੀਆਂ ਦੇ ਪਾਤਰਾਂ ਉੱਪਰ ਸੁਚੱਜੇ ਢੰਗ ਨਾਲ ਵਰਤਿਆ ਹੈ। ਕੁੱਲ ਮਿਲਾ ਕੇ ਕਹਾਣੀਆਂ ਥੀਮਕ ਪਾਸਾਰ ਅਤੇ ਬਿਰਤਾਂਤਕ ਸੰਰਚਨਾ ਦੇ ਪੱਖ ਤੋਂ ਸਫ਼ਲ ਹਨ।

## ਹਵਾਲੇ ਅਤੇ ਟਿੱਪਣੀਆਂ


1. ਫ਼ਰੈਡਰਿਕ ਏਂਗਲਜ਼, ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਅਨੁਵਾਦਤ), ਸ਼ਹੀਦ ਭਗਤ ਸਿੰਘ ਯਾਦਗਰੀ ਪ੍ਰਕਾਸ਼ਨ, ਲੁਧਿਆਣਾ, 2010, ਪੰਨਾ 58.
2. ਸਿਮੋਨ ਦ ਬੋਅਵਾਰ, ਦ ਸੈਕੰਡ ਸੈਕਸ (ਅਨੁਵਾਦ ਜਸਵੀਰ ਕੌਰ), ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, 2014, ਪੰਨਾ 15.
3. ਡਾ.ਚਰਨਜੀਤ ਕੌਰ, ਔਰਤ ਦਸ਼ਾ ਤੇ ਦਿਸ਼ਾ, ਪੀਪਲਜ਼ ਫੋਰਮ, ਬਰਗਾੜੀ (ਪੰਜਾਬ), 2012, ਪੰਨਾ 75.
4. ਬਲਦੇਵ ਸਿੰਘ ਗਰੇਵਾਲ, ਸੀਤੇ ਬੁੱਲ੍ਹਾਂ ਦਾ ਸੁਨੇਹਾ, ਪ੍ਰਕਾਸ਼ਕ:ਬਲਦੇਵ ਸਿੰਘ ਗਰੇਵਾਲ, ਨਿਊਯਾਰਕ, ਯੂ.ਐਸ.ਏ., ਪੰਨਾ 8.
5. ਉਹੀ, ਪੰਨਾ 41.
6. ਡਾ.ਚਰਨਜੀਤ ਕੌਰ, 2012, ਉਹੀ, ਪੰਨਾ 85.
7. ਬਲਦੇਵ ਸਿੰਘ ਗਰੇਵਾਲ, ਉਹੀ ਪੰਨਾ 49.
8. ਉਹੀ, ਪੰਨਾ 77.
9. ਉਹੀ, ਪੰਨਾ 85.
10. ਉਹੀ, ਪੰਨਾ 94.
11. ਉਹੀ, ਪੰਨਾ 100.
12. ਉਹੀ, ਪੰਨਾ 112.
13. ਉਹੀ, ਪੰਨਾ 108.
14. ਡਾ. ਗੁਰਬੰਸ ਕੌਰ, ਜਸਵੰਤ ਸਿੰਘ ਕੰਵਲ ਦੇ ਨਾਵਲ: ਔਰਤ ਅਤੇ ਸਮਾਜ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ 22.

# ਈ- ਲੋਕਧਾਰਾ : ਸੁਹਾਗ ਲੋਕ ਗੀਤ

*ਡਾ .ਰੀਨਾ ਕੁਮਾਰੀ*
*ਮਿਸ ਸੀਮਾ ਕੁਮਾਰੀ*

ਆਧੁਨਿਕ ਸਮੇਂ ਵਿੱਚ ਪ੍ਰਚਲਿਤ ਅਤੇ ਸਥਾਪਤ ਹੋਣ ਵਾਲੇ ਦੂਸਰੇ ਸਮਾਜਕ ਵਿਗਿਆਨਾਂ ਜਾਂ ਅਨੁਸ਼ਾਸਨਾਂ ਵਾਂਗ 'ਲੋਕਧਾਰਾ' ਨਾਂ ਦਾ ਅਨੁਸ਼ਾਸਨ ਵੀ ਆਧੁਨਿਕ ਭਾਰਤੀ ਭਾਸ਼ਾਵਾਂ ਅੰਦਰ ਪੱਛਮੀ ਚਿੰਤਨਧਾਰਾ ਦੇ ਪ੍ਰਭਾਵ ਅਧੀਨ ਹੀ ਅਪਨਾਇਆ ਤੇ ਸਥਾਪਤ ਹੋਇਆ ਹੈ।[1] ਲੋਕਧਾਰਾ ਨੂੰ ਹੁਣ ਤੱਕ ਇੱਕ ਅਜਿਹਾ ਵਿਗਿਆਨ ਮੰਨਿਆ ਗਿਆ ਹੈ ਜੋ ਕਿਸੇ ਜਾਤੀ ਸਮੂਹ ਦੀ ਲੋਕਧਾਰਾ ਨਾਲ ਸਬੰਧਤ ਸਮੱਗਰੀ ਨੂੰ ਇਕੱਠਾ ਕਰਕੇ ਉਸ ਦਾ ਵਰਗੀਕਰਨ ਅਤੇ ਵਿਸ਼ਲੇਸ਼ਣ ਕਰਕੇ ਉਸ ਜਨ ਸਮੂਹ ਦੇ ਸਮਿਆਂ ਵਿਚ ਫੈਲੇ ਸੱਭਿਆਚਾਰ ਨੂੰ ਸਮਝਣ ਦਾ ਯਤਨ ਕਰਦਾ ਹੈ। ਇਸ ਤਰ੍ਹਾਂ ਲੋਕਧਾਰਾ ਸਮੱਗਰੀ ਵੀ ਹੈ ਅਤੇ ਵਿਗਿਆਨ ਵੀ ।ਬਾਅਦ ਵਿੱਚ ਭਾਵੇਂ ਲੋਕਧਾਰਾ ਦੇ ਅਧਿਐਨ ਲਈ ਸ਼ਬਦ 'ਫੋਕਲੋਰਿਸਸਟਿਕਸ' ਵੀ ਵਰਤਿਆ ਜਾਣ ਲੱਗ ਪਿਆ। ਲੋਕਧਾਰਾ ਦੇ ਵਿਸ਼ੇ ਖੇਤਰ ਵਿਚ ਅਸੀਂ ਮੁੱਖ ਤੌਰ ਤੇ ਲੋਕ ਸਾਹਿਤ ਦੀਆਂ ਵੰਨਗੀਆਂ (ਮਿੱਥ , ਦੰਤ ਕਥਾਵਾਂ, ਲੋਕ ਕਹਾਣੀ, ਬਿਰਤਾਂਤਕ ਟੋਟਕੇ, ਚੁਟਕਲੇ, ਲੋਕ ਗੀਤਾਂ ਦੀਆਂ ਵੰਨਗੀਆਂ) ਲੋਕ ਕਲਾ, ਲੋਕ ਵਿਸ਼ਵਾਸ, ਰੀਤਾਂ ਰਸਮਾਂ, ਲੋਕ ਖੇਡਾਂ, ਲੋਕ ਚਿੱਤਰਕਾਰੀ, ਲੋਕ ਪਹਿਰਾਵਾ ਆਦਿ ਨੂੰ ਸ਼ਾਮਲ ਕਰਦੇ ਹਾਂ ।ਕੁਝ ਪੱਛਮੀ ਵਿਦਵਾਨ ਪੂਰੇ ਲੋਕ ਜੀਵਨ ਨੂੰ ਹੀ ਲੋਕਧਾਰਾ ਦੀ ਅਧਿਐਨ ਵਸਤੂ ਮੰਨ ਕੇ ਇਸ ਦੇ ਵਿਸ਼ੇ ਖੇਤਰ ਨੂੰ ਹੋਰ ਮੋਕਲਾ ਕਰਨ ਦੀ ਵਕਾਲਤ ਵੀ ਕਰਦੇ ਹਨ।[2]

ਅਜੋਕੇ ਯੁੱਗ ਵਿੱਚ ਤਕਨੀਕੀ ਕ੍ਰਾਂਤੀ ਨੇ ਮਨੁੱਖੀ ਜ਼ਿੰਦਗੀ ਨੂੰ ਬਦਲ ਕੇ ਰੱਖ ਦਿੱਤਾ ਹੈ। ਬਿਜਲਈ ਸਾਧਨਾਂ ਦੀ ਬਹੁਤਾਤ ਹੈ ਜੋ ਕਿ ਮਾਨਵ ਜੀਵਨ ਦੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ। ਇਨ੍ਹਾਂ ਸੰਚਾਰ ਸਾਧਨਾਂ ਦੁਆਰਾ ਸਿਰਜੀ ਜਾ ਰਹੀ ਲੋਕਧਾਰਾ ਨੂੰ ਈ – ਲੋਕਧਾਰਾ ਕਿਹਾ ਜਾਂਦਾ ਹੈ। ਇਨ੍ਹਾਂ ਸੰਚਾਰ ਸਾਧਨਾਂ ਵਿਚ ਟੀ. ਵੀ ,ਰੇਡੀਓ, ਕੰਪਿਊਟਰ, ਮੋਬਾਇਲ ਫੋਨ, ਲੈਪਟੌਪ, ਇੰਟਰਨੈੱਟ' ਟੈਬਲੇਟ ਆਦਿ ਨੇ ਪੂਰੀ ਦੁਨੀਆਂ ਨੂੰ ਆਪਣੀ ਗਲਵੱਕੜੀ ਵਿੱਚ ਲਿਆ ਹੈ। ਸੋਸ਼ਲ ਮੀਡੀਆ ਦੇ ਕਈ ਰੂਪਾਂ ਜਿਨ੍ਹਾਂ ਵਿੱਚ ਸਮਾਜਕ ਬਲਾਗ, ਸੋਸ਼ਲ ਨੈੱਟਵਰਕ, ਵੈੱਬ ਬਲਾਗ ਆਦਿ ਆ ਜਾਂਦੇ ਹਨ ਜਿਵੇਂ :–ਫੇਸਬੁੱਕ, ਵਟਸਐਪ, ਟਵਿੱਟਰ, ਹਾਇਕ, ਯੂ ਟਿਊਬ ਆਦਿ ਸੋਸ਼ਲ ਐਪ ਨਵੀਂ ਲੋਕਧਾਰਾ ਪੈਦਾ ਅਤੇ ਪ੍ਰਸਾਰਿਤ ਵੀ ਕਰ ਰਹੀਆਂ ਹਨ। ਫੇਸਬੁੱਕ ਤੇ ਬਣੇ ਗਰੁੱਪ ਅਤੇ ਵੈੱਬ ਪੇਜ ਲੋਕਧਾਰਾ ਦੀਆਂ ਵੱਖ –ਵੱਖ ਵੰਨਗੀਆਂ ਪ੍ਰਸਾਰਿਤ ਕਰ ਰਹੇ ਹਨ। ਇਨ੍ਹਾਂ ਸੰਚਾਰ ਸਾਧਨਾਂ ਦੀ ਆਮਦ ਤੋਂ ਪਹਿਲਾਂ ਮਨੁੱਖੀ ਸਿਰਜਣਾ ਦੇ ਪੱਖ ਜ਼ਾਹਰ ਨਹੀਂ ਸੀ ਹੁੰਦੇ, ਹੁਣ ਇਨ੍ਹਾਂ ਸੰਚਾਰ ਸਾਧਨਾਂ ਦੇ ਮਾਧਿਅਮ ਨਾਲ ਉਜਾਗਰ ਹੋਣ ਲੱਗ ਪਏ ਹਨ। ਇਨ੍ਹਾਂ ਸੰਚਾਰ ਸਾਧਨਾਂ ਤੇ ਲੋਕਧਾਰਾ ਦੀ ਨਿਰੰਤਰ ਸਿਰਜਣਾ ਦੇ ਨਾਲ– ਨਾਲ ਰੂਪਾਂਤਰਿਤ ਰੂਪ ਵਿੱਚ ਵੀ ਲੋਕਧਾਰਾ ਸਿਰਜੀ ਜਾ ਰਹੀ ਹੈ। ਮਾਨਵੀ ਇਤਿਹਾਸ ਵਿੱਚ ਇੱਕ ਲੰਮਾ ਅਰਸਾ ਲੋਕਧਾਰਾ ਦਾ ਸੰਚਾਰ ਮੌਖਿਕ ਰੂਪ ਵਿੱਚ ਇੱਕ ਪੀੜ੍ਹੀ ਤੋਂ ਅਗਲੇਰੀ ਪੀੜ੍ਹੀ ਤੱਕ ਹੁੰਦਾ ਰਿਹਾ ਹੈ। ਪਰ ਸੰਚਾਰ ਸਾਧਨਾਂ ਦੀ ਕਾਢ ਨੇ ਲੋਕਧਾਰਾ ਦੇ ਸੰਚਾਰ ਨੂੰ ਕੇਵਲ ਮੌਖਿਕਤਾ

ਤੱਕ ਹੀ ਸੀਮਤ ਨਹੀਂ ਰਹਿਣ ਦਿੱਤਾ। ਲੋਕਧਾਰਾ ਦੀ ਪੇਸ਼ਕਾਰੀ ਛਾਪੇਖਾਨੇ ਦੀ ਕਾਢ ਨਾਲ ਲਿਖਤੀ ਰੂਪ ਤੋਂ ਅਗਾਂਹ ਸੰਚਾਰ ਸਾਧਨਾਂ ਦੀ ਆਮਦ ਸਦਕਾ ਨਵਾਂ ਰੂਪ ਅਖਤਿਆਰ ਕਰਦੀ ਹੈ।

ਅਜੋਕੇ ਯੁੱਗ ਵਿੱਚ ਲੋਕਧਾਰਾਈ ਰੂਪਾਂ ਦੀ ਪੇਸ਼ਕਾਰੀ ਵਿਭਿੰਨ ਸੰਚਾਰ ਸਾਧਨਾਂ ਤੇ ਕੀਤੀ ਜਾ ਰਹੀ ਹੈ। ਇਨ੍ਹਾਂ ਸੰਚਾਰ ਸਾਧਨਾਂ ਤੇ ਵਧੇਰੇ ਰੂਪਾਂ ਵਿਚ ਲੋਕ ਗੀਤਾਂ ਦੀ ਪੇਸ਼ਕਾਰੀ ਅਨੁਸਰਨ ਅਤੇ ਰੂਪਾਂਤਰਿਤ ਰੂਪ ਵਿੱਚ ਹੋ ਰਹੀ ਹੈ। ਲੋਕ ਗੀਤ ਲੋਕਧਾਰਾ ਦਾ ਅਟੁੱਟ ਅੰਗ ਹਨ ।ਜੰਮਣ ਤੋਂ ਮੌਤ ਤੱਕ ਪੰਜਾਬ ਦੇ ਜੀਵਨ ਦਾ ਕੋਈ ਵੀ ਪੱਖ ਅਜਿਹਾ ਨਹੀਂ ਜਿਸ ਸਬੰਧੀ ਲੋਕ- ਗੀਤ ਨਾ ਮਿਲਦੇ ਹੋਣ। ਇਸੇ ਕਰਕੇ ਇਹ ਧਾਰਨਾ ਆਮ ਪ੍ਰਚੱਲਿਤ ਹੈ ਕਿ ਪੰਜਾਬੀ ਗੀਤਾਂ ਵਿੱਚ ਜੰਮਦਾ ਹੈ , ਵਿਆਹਿਆ ਜਾਂਦਾ ਅਤੇ ਉਸ ਦਾ ਅੰਤ ਵੀ ਲੋਕ ਗੀਤਾਂ ਵਿੱਚ ਹੀ ਹੁੰਦਾ ਹੈ। ਇਸ ਤੋਂ ਬਿਨਾਂ ਪੰਜਾਬ ਵਿਚ ਨਿਤਾ ਪ੍ਰਤਿ ਦੇ ਕਾਰ- ਵਿਹਾਰ, ਦਿਨ- ਦਿਹਾਰ, ਹਾਰ ਸ਼ਿੰਗਾਰ, ਵਿਛੋੜਾ, ਮਿਲਾਪ ਅਤੇ ਦੁੱਖ- ਸੁਖ ਆਦਿ ਨਾਲ ਸਬੰਧਿਤ ਲੋਕ ਗੀਤ ਵੀ ਮਿਲਦੇ ਹਨ। ਰੁੱਤਾਂ, ਮੇਲਿਆਂ, ਪਸ਼ੂ ਪੰਛੀਆਂ ਅਤੇ ਰੁੱਖਾਂ ਆਦਿ ਬਾਰੇ ਵੀ ਲੋਕ ਗੀਤ ਮੌਜੂਦ ਹਨ। ਇਨ੍ਹਾਂ ਲੋਕ ਗੀਤਾਂ ਵਿੱਚ ਪੰਜਾਬੀ ਲੋਕਧਾਰਾ ਦੀ ਪੇਸ਼ਕਾਰੀ ਸਪੱਸ਼ਟ ਦਿਖਾਈ ਦਿੰਦੀ ਹੈ। ਇਹ ਮੌਖਿਕ ਪਰੰਪਰਾ ਜਾਂ ਲੋਕ ਕੰਠ ਦੁਆਰਾ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਅੱਗੇ ਤੁਰਦੇ ਹਨ। ਛਾਪੇਖਾਨੇ ਦੀ ਕਾਢ ਸਦਕਾ ਲੋਕ ਗੀਤ ਲਿਪੀਬੱਧ ਕੀਤੇ ਜਾਣ ਲੱਗੇ ਅਤੇ ਸੰਚਾਰ ਸਾਧਨਾਂ ਦੀ ਆਮਦ ਸਦਕਾ ਫੇਸਬੁੱਕ ,ਯੂ ਟਿਊਬ, ਟੀ .ਵੀ, ਰੇਡੀਓ, ਇੰਸਟਾਗ੍ਰਾਮ ਆਦਿ ਰਾਹੀਂ ਇਨ੍ਹਾਂ ਦੀ ਪੇਸ਼ਕਾਰੀ ਸਦਕਾ ਸਾਂਭ ਸੰਭਾਲ ਦਾ ਯਤਨ ਕੀਤਾ ਜਾਣ ਲੱਗਾ ਹੈ।

ਇਸ ਖੋਜ ਪੱਤਰ ਦਾ ਸੰਬੰਧ ਬਿਜਲਈ ਸੰਚਾਰ ਸਾਧਨਾਂ ਵਿਚ ਪੇਸ਼ ਸੁਹਾਗ ਲੋਕ ਗੀਤਾਂ ਰਾਹੀਂ ਸੰਭਾਲੀ ਅਤੇ ਸਿਰਜੀ ਜਾ ਰਹੀ ਲੋਕਧਾਰਾ ਨੂੰ ਵਿਚਾਰਿਆ ਜਾਣਾ ਹੈ। ਲੋਕ ਗੀਤਾਂ ਦੀ ਸ਼੍ਰੇਣੀ ਵਿੱਚ 'ਸੁਹਾਗ' ਲੋਕ ਗੀਤਾਂ ਦਾ ਸਬੰਧ ਵਿਆਹ ਨਾਲ ਹੈ। ਇਹ ਵਿਆਹ ਤੋਂ ਕੁਝ ਦਿਨ ਪਹਿਲਾਂ ਕੁੜੀ ਵਾਲਿਆਂ ਦੇ ਘਰ ਸ਼ਰੀਕੇ ਭਾਈਚਾਰੇ ਦੀਆਂ ਔਰਤਾਂ ਵੱਲੋਂ ਗਾਏ ਜਾਂਦੇ ਹਨ। ਡਾ. ਜੀਤ ਸਿੰਘ ਜੋਸ਼ੀ ਅਨੁਸਾਰ :-

> ਸੁਹਾਗ ਨਾਂ ਹੇਠ ਗਾਏ ਜਾਣ ਵਾਲੇ ਲੋਕ ਗੀਤ ਅਕਸਰ ਵਿਆਹੀ ਜਾਣ ਵਾਲੀ ਮੁਟਿਆਰ ਕੁੜੀ ਦੇ ਜਜ਼ਬਿਆਂ, ਸੁਪਨਿਆਂ, ਕਾਮਨਾਵਾਂ ਅਤੇ ਕਲਪਨਾਵਾਂ ਦੀ ਤਰਜਮਾਨੀ ਕਰਦੇ ਹਨ। ਇਨ੍ਹਾਂ ਗੀਤਾਂ ਅੰਦਰ ਕੁੜੀ ਦੇ ਵਿਆਹੁਤਾ ਜੀਵਨ ਬਾਰੇ ਬਾਬਲ ਦੀ ਸਹੇੜ ਬਾਰੇ, ਸਹੁਰੇ ਘਰ ਦੇ ਆਰ ਪਰਿਵਾਰ ਬਾਰੇ, ਕਿਸੇ ਓਪਰੇ, ਅਣਦੇਖੇ, ਅਣਪਛਾਤੇ ਰਿਸ਼ਤਿਆਂ ਦੀ ਸਮਝ, ਸਾਂਝ ਅਤੇ ਅਪਣੱਤ ਬਾਰੇ ਕਲਪਨਾ ਅਤੇ ਕਾਮਨਾ ਕਰਦੇ ਤਰਲੇ ਹੁੰਦੇ ਹਨ। ਇਨ੍ਹਾਂ ਲੋਕ ਗੀਤਾਂ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਹੈ ਕਿ ਇਹ ਇਕ ਪਾਸੇ ਤਾਂ ਬਾਬਲ ਅਤੇ ਅੰਮੜੀ ਦਾ ਵਿਹੜਾ ਛੱਡੇ ਜਾਣ ਦੇ ਉਦਰੇਵੇਂ ਦੀ ਉਦਾਸ ਸੁਰ ਵਿੱਚ ਗੂੰਜਦੇ ਹਨ ਤੇ ਦੂਜੇ ਪਾਸੇ ਰੂਹ ਦੇ ਹਾਣ ਦੀ ਤਲਾਸ਼ ਵਿੱਚ ਭਟਕਦਿਆਂ ਮੰਜ਼ਿਲ ਉਤੇ ਪੁੱਜ ਜਾਣ ਦੇ ਵਿਸ਼ਵਾਸ ਦੀ ਆਨੰਦਮਈ ਪੇਸ਼ਕਾਰੀ ਕਰਦੇ ਹਨ।[3]

ਪੰਜਾਬ ਦੀ ਲੋਕਧਾਰਾ ਦੀ ਸਪੱਸ਼ਟ ਝਲਕ ਲੋਕ ਗੀਤਾਂ ਵਿੱਚੋਂ ਦੇਖੀ ਜਾ ਸਕਦੀ ਹੈ।

ਪਰ ਅਜੋਕੀ ਭੱਜ -ਦੌੜ ਦੀ ਜ਼ਿੰਦਗੀ ਵਿੱਚ ਕਿਸੇ ਕੋਲ ਇੰਨਾ ਸਮਾਂ ਨਹੀਂ ਕਿ ਉਹ ਵਿਆਹ ਤੋਂ ਕਈ ਦਿਨ ਪਹਿਲਾਂ ਸਮਾਂ ਕੱਢ ਕੇ ਸਾਡੇ ਵਡੇਰਿਆਂ ਵੱਲੋਂ ਪਾਈ ਇਸ ਪਿਰਤ ਨੂੰ ਅੱਗੇ ਤੋਰ ਸਕਣ। ਜਿਸ ਕਰਕੇ ਸੁਹਾਗ ਲੋਕ ਗੀਤਾਂ ਦਾ ਇਹ ਅਮੁੱਲਾ ਖ਼ਜ਼ਾਨਾ ਲੁਪਤ ਹੁੰਦਾ ਜਾ ਰਿਹਾ ਹੈ। ਪਿੰਡਾਂ ਵਿੱਚ ਬਜ਼ੁਰਗ ਔਰਤਾਂ ਤਾਂ ਘਰਾਂ ਦਾ ਕਾਰ ਵਿਹਾਰ ਕਰਦਿਆਂ ਇਨ੍ਹਾਂ ਗੀਤਾਂ ਨੂੰ ਗੁਣਗੁਣਾਉਂਦੀ ਹਨ। ਪਰ ਪੜ੍ਹੀਆਂ-ਲਿਖੀਆਂ ਅਤੇ ਕੰਮਕਾਜੀ ਔਰਤਾਂ ਲਈ ਇਨ੍ਹਾਂ ਦਾ ਕੋਈ ਮੁੱਲ ਨਹੀਂ ਹੈ। ਪਿੰਡਾਂ ਵਿੱਚ ਕਿਤੇ -ਕਿਤੇ ਵਿਆਹ ਸਮੇਂ ਸੁਹਾਗ ਗੀਤ ਗਾਉਣ ਦੀ ਰਵਾਇਤ ਚੱਲ ਤਾਂ ਰਹੀ ਹੈ ਪਰ ਕੁਝ ਗਿਣੇ ਚੁਣੇ ਲੋਕ ਗੀਤ ਹੀ ਲੋਕ ਚੇਤਿਆਂ ਵਿੱਚ ਸੁਰੱਖਿਅਤ ਹਨ। ਜਦਕਿ ਪੁਰਾਣੀਆਂ ਸਾਧਾਰਨ ਬਜ਼ੁਰਗ ਔਰਤਾਂ ਕੋਲ ਤਾਂ ਸੁਹਾਗ ਗੀਤਾਂ ਦਾ ਅਮੁੱਕ ਭੰਡਾਰ ਸਾਂਭਿਆ ਪਿਆ ਹੈ। ਅੱਜ ਤਕਨਾਲੌਜੀ ਦੇ ਦੌਰ ਵਿੱਚ ਸੰਚਾਰ ਸਾਧਨਾਂ ਦੀ ਮਦਦ ਨਾਲ ਕੁਝ ਯੂ ਟਿਊਬ ਚੈਨਲਾਂ ਰਾਹੀਂ, ਫੇਸਬੁੱਕ ,ਟੀ. ਵੀ, ਰੇਡੀਓ ਦੇ ਮਾਧਿਅਮ ਨਾਲ, ਸੰਸਥਾਗਤ ਯਤਨਾਂ ਰਾਹੀਂ ਅਤੇ ਵਿਅਕਤੀਗਤ ਪੱਧਰ ਉੱਤੇ ਵੀ ਲੋਕ ਗੀਤਾਂ ਦੀ ਰਿਕਾਰਡਿੰਗ ਅਤੇ ਪੇਸ਼ਕਾਰੀ ਕੀਤੀ ਜਾ ਰਹੀ ਹੈ। ਵਿਅਕਤੀਗਤ ਪੱਧਰ ਤੇ ਵਿਰਸੇ ਨਾਲ ਮੋਹ ਰੱਖਣ ਵਾਲੇ ਵਿਅਕਤੀ ਪਿੰਡਾਂ ਵਿੱਚੋਂ ਬਜ਼ੁਰਗ ਔਰਤਾਂ ਨੂੰ ਮਿਲ ਕੇ ਉਨ੍ਹਾਂ ਕੋਲੋਂ ਗੀਤ ਗਵਾ ਕੇ ਅਤੇ ਰਿਕਾਰਡਿੰਗ ਕਰਕੇ ਯੂ ਟਿਊਬ, ਫੇਸਬੁੱਕ ਤੇ ਇੰਸਟਾਗ੍ਰਾਮ ਤੇ ਅਪਲੋਡ ਕਰ ਰਹੇ ਹਨ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਸੰਚਾਰ ਸਾਧਨਾਂ ਤੇ ਪੇਸ਼ ਹੋ ਰਹੇ ਲੋਕ ਗੀਤਾਂ ਬਾਰੇ ਲਿਖਦੇ ਹਨ:-

> "ਲੋਕ ਰੇਡੀਓ ਤੋਂ ਲੋਕ ਗੀਤਾਂ ਤੇ ਉਨ੍ਹਾਂ ਦੀਆਂ ਧੁਨੀਆਂ ਨੂੰ ਹੀ ਬਦਲੇ ਹੋਏ ਰੂਪ ਵਿੱਚ ਵਧੇਰੇ ਪਸੰਦ ਕਰ ਰਹੇ ਹਨ ਜਿਵੇਂ ਦੇਸੀ ਘਿਓ ਦੀ ਥਾਂ ਬਨਸਪਤੀ ਘਿਓ ਵਧੇਰੇ ਪ੍ਰਵਾਨ ਹੋ ਰਿਹਾ ਹੈ। ਉਸੇ ਤਰ੍ਹਾਂ ਪਿੰਡਾਂ ਦਾ ਸੁੱਚਾ ਲੋਕ ਸੰਗੀਤ ਨਵੇਂ ਬਨਸਪਤੀ ਰੂਪ ਵਿੱਚ ਅੱਜ ਵੀ ਸ਼ਹਿਰਾਂ ਵਿੱਚ ਪ੍ਰਚਲਿਤ ਹੈ।"[4]

ਸੰਚਾਰ ਮਾਧਿਅਮਾਂ ਦੁਆਰਾ ਲੋਕ ਗੀਤਾਂ ਦੀ ਸਾਂਭ ਸੰਭਾਲ ਲਈ ਨਿਭਾਈ ਜਾ ਰਹੀ ਮਹੱਤਵਪੂਰਨ ਭੂਮਿਕਾ ਬਾਰੇ ਡਾ ਗੁਰਮੀਤ ਸਿੰਘ ਲਿਖਦੇ ਹਨ:-

> "ਰੇਡੀਓ ਦੀ ਆਮਦ ਨੇ ਜਿੱਥੇ ਪੁਰਾਣੇ ਲੋਕ ਦਾਇਰਿਆਂ ਨੂੰ ਤੋੜਕੇ ਪਰੰਪਰਾਗਤ ਲੋਕਧਾਰਾ ਦੇ ਲੋਪ ਹੋਣ ਵਿੱਚ ਭੂਮਿਕਾ ਨਿਭਾਈ ਉੱਥੇ ਨਾਲ ਹੀ ਇਸ ਨੇ ਸਾਡੇ ਲੋਕ ਗੀਤਾਂ, ਸਾਡੀਆਂ ਲੋਕ ਕਹਾਣੀਆਂ ਤੇ ਲੋਕਧਾਰਾ ਦੀਆਂ ਅਜਿਹੀਆਂ ਹੋਰ ਵੰਨਗੀਆਂ ਨੂੰ ਰੇਡੀਓ ਤੇ ਪੇਸ਼ ਕਰਕੇ ਸਦਾ ਲਈ ਸੁਰੱਖਿਅਤ ਵੀ ਕੀਤਾ। ਪ੍ਰਕਾਸ਼ ਕੌਰ, ਸੁਰਿੰਦਰ ਕੌਰ, ਜਗਤ ਸਿੰਘ ਜੱਗਾ, ਨਰਿੰਦਰ ਬੀਬਾ, ਯਮਲਾ ਜੱਟ ਅਤੇ ਆਸਾ ਸਿੰਘ ਮਸਤਾਨਾ ਆਦਿ ਕਲਾਕਾਰਾਂ ਦਾ ਇਸ ਖੇਤਰ ਵਿਚ ਵੱਡਾ ਯੋਗਦਾਨ ਰਿਹਾ ਹੈ।"[5]

ਟੀ .ਵੀ ਉੱਤੇ ਖੇਤਰੀ ਚੈਨਲ ਜਲੰਧਰ ਦੂਰਦਰਸ਼ਨ ਤੇ ਕੁਝ ਸੁਹਾਗ ਲੋਕ ਗੀਤਾਂ ਦੀ ਰਿਕਾਰਡਿੰਗ ਰਾਹੀਂ ਸੰਭਾਲ ਕੀਤੀ ਗਈ ਹੈ। ਯੂ ਟਿਊਬ ਚੈਨਲਾਂ ਵਿਚ ਜਗ ਟੀ.ਵੀ. ਕੁਦਰਤ ਟੀ. ਵੀ. ਫੋਕ ਗੀਤ ਲੋਕ ਗੀਤ, ਪੀਕ ਪੁਆਇੰਟ ਸਟੂਡੀਓ, ਬੋਲ ਪੰਜਾਬ ਦੇ ਅਤੇ ਕੁਝ ਵਿਅਕਤੀਗਤ ਯਤਨਾਂ ਸਦਕਾ ਸੁਹਾਗ ਗੀਤਾਂ ਰਾਹੀਂ ਲੋਕ ਗੀਤਾਂ ਦੀ ਅਨੁਸਰਣ ਰੂਪ ਵਿੱਚ

ਪੇਸ਼ਕਾਰੀ ਹੋ ਰਹੀ ਹੈ ਉੱਥੇ ਨਾਲ ਹੀ ਨਵੀਨ ਲੋਕਧਾਰਾ ਵੀ ਸਿਰਜੀ ਜਾ ਰਹੀ ਹੈ ਕਿਉਂਕਿ ਜਿਹੜੇ ਸੁਹਾਗ ਗੀਤ ਹੁਣ ਦੀ ਨੌਜਵਾਨ ਪੀੜ੍ਹੀ ਵੱਲੋਂ ਰਿਕਾਰਡ ਕਰਕੇ ਅਪਲੋਡ ਕੀਤੇ ਜਾ ਰਹੇ ਹਨ ਉਨ੍ਹਾਂ ਦੀ ਸ਼ਬਦਾਵਲੀ, ਉਚਾਰਨ ਢੰਗ, ਪਹਿਰਾਵਾ ਅਤੇ ਆਲਾ ਦੁਆਲਾ ਪੰਜਾਬੀ ਲੋਕ ਜੀਵਨ ਵਾਲਾ ਨਹੀਂ ਬਲਕਿ ਮਾਡਰਨ ਹੈ ।

ਸਾਡਾ ਸਮਾਜਿਕ ਢਾਂਚਾ ਸਾਂਝੀ ਪਰਿਵਾਰਕ ਪ੍ਰਣਾਲੀ ਤੋਂ ਟੁੱਟ ਕੇ ਇਕਹਿਰੀ ਪਰਿਵਾਰਕ ਬਣਤਰ ਵੱਲ ਮੋੜਾ ਕੱਟ ਰਿਹਾ ਹੈ। ਰਿਸ਼ਤਿਆਂ ਵਿਚਲਾ ਮੋਹ ,ਪ੍ਰੇਮ ,ਅਦਬ, ਕਦਰ ਘਟਦੀ ਜਾ ਰਹੀ ਹੈ ।ਰਿਸ਼ਤਿਆਂ ਦੀ ਸੰਬੋਧਨੀ ਸ਼ਬਦਾਵਲੀ ਵੀ ਸੀਮਤ ਅੱਖਰਾਂ ਤੱਕ ਸਿਮਟ ਕੇ ਰਹਿ ਗਈ ਹੈ। ਚਾਚਾ , ਤਾਇਆ, ਮਾਮਾ, ਫੁੱਫੜ , ਮਾਸੜ ਸ਼ਬਦ 'ਅੰਕਲ' ਸ਼ਬਦ ਤੱਕ ਸੀਮਤ ਹੋ ਗਏ ਹਨ ਅਤੇ ਚਾਚੀ, ਤਾਈ , ਮਾਮੀ , ਭੂਆ, ਮਾਸੀ ਸ਼ਬਦ ਹੁਣ ਸਿਰਫ 'ਆਂਟੀ' ਬਣ ਕੇ ਰਹਿ ਗਏ ਹਨ। ਅਜਿਹੇ ਵਿੱਚ ਜੋ ਪਿਆਰ ਤੇ ਨਿੱਘ ਇਨ੍ਹਾਂ ਸੰਬੋਧਨੀ ਅੱਖਰਾਂ ਵਿੱਚ ਛੁਪਿਆ ਹੋਇਆ ਹੈ ਬੱਚੇ ਉਸ ਨੂੰ ਮਾਨਣ ਤੋਂ ਵਾਂਝੇ ਹੋ ਰਹੇ ਹਨ। ਆਉਣ ਵਾਲੀਆਂ ਪੀੜ੍ਹੀਆਂ ਲਈ ਤਾਂ ਇਹ ਸ਼ਬਦ ਬਿਲਕੁਲ ਓਪਰੇ ਹੋਣਗੇ। ਸਾਡੇ ਸੁਹਾਗ ਗੀਤਾਂ ਵਿਚ ਇਨ੍ਹਾਂ ਰਿਸ਼ਤਿਆਂ ਦੇ ਮਹੱਤਵ ਦੀ ਗਵਾਹੀ ਇਨ੍ਹਾਂ ਦੇ ਬੋਲਾਂ ਵਿੱਚੋਂ ਆਮ ਹੀ ਮਿਲ ਜਾਂਦੀ ਹੈ ਜੋ ਕਿ ਪੰਜਾਬੀ ਲੋਕਧਾਰਾ ਵਿਚ ਰਿਸ਼ਤਿਆਂ ਦੇ ਮਹੱਤਵ ਦਾ ਪ੍ਰਤੀਕ ਹੈ :-

ਚੰਨ ਚੜ੍ਹਿਆ ਮਾਏ ਨੀ ,ਚੜ੍ਹਿਆ ਨਿੰਬੂਆਂ ਦੇ ਸਿਖਰੀਂ
ਬਾਬਲ ਫਿਰਦਾ ਮਾਏ, ਨੀ ਫਿਰਦਾ ਧੀਆਂ ਦੀ ਫਿਕਰੀਂ
ਨੀ ਫਿਰਦਾ ਧੀਆਂ ਦੇ ਫ਼ਿਕਰੀ
ਚੰਨ ਚੜ੍ਹਿਆ ਮਾਏਂ, ਨੀ ਚੜ੍ਹਿਆ ਨਿੰਬੂਆਂ ਦੇ ਕੋਲ
ਮਾਮਾ ਫਿਰਦਾ ਮਾਏਂ, ਨੀ ਵਰ ਜਚਦੇ ਨੂੰ ਟੋਲ
ਚੰਨ ਛਿਪਿਆ ਮਾਏਂ, ਨੀ ਛਿਪਿਆ ਅੰਬਾਂ ਦੇ ਕੋਲ
ਦਾਦਾ ਰੋਂਦਾ ਮਾਏਂ, ਨੀਂ ਰੋਂਦਾ ਪੋਤੀ ਨੂੰ ਤੋਰ
ਨੀ ਰੋਂਦਾ ਪੋਤੀ ਨੂੰ ਤੋਰ
ਚੰਨ ਛਿਪਿਆ ਮਾਏਂ, ਨੀ ਛਿਪਿਆ ਅੰਬਾਂ ਦੇ ਕੋਲ
ਬੀਰਾ ਰੋਂਦਾ ਮਾਏਂ, ਨੀ ਲੱਗ ਕੰਧਾਂ ਦੇ ਕੋਲ ।

ਪੰਜਾਬੀ ਲੋਕ ਜੀਵਨ ਵਿੱਚ ਲੋਕ ਕਲਾਵਾਂ ਦੀ ਵੀ ਖ਼ਾਸ ਭੂਮਿਕਾ ਰਹੀ ਹੈ। ਆਮ ਜਨ ਜੀਵਨ ਵਿਚ ਔਰਤਾਂ ਕਸੀਦਾਕਾਰੀ ਦੇ ਕੰਮਾਂ ਦੌਰਾਨ ਅਤੇ ਘਰ ਦੇ ਵਿਹੜੇ ਅਤੇ ਕੰਧਾਂ ਦੀ ਲਿੱਪਾਪੋਚੀ ਦੌਰਾਨ ਆਪਣੇ ਮਨ ਦੀ ਮਨੋ -ਅਵਸਥਾ ਨੂੰ ਆਪਣੀ ਕਲਾਕਾਰੀ ਵਿਚ ਸੁਭਾਵਿਕ ਹੀ ਪੇਸ਼ ਕਰ ਦਿੰਦੀਆਂ ਸਨ। ਕਈ ਵਾਰ ਉਹ ਫੁਲਕਾਰੀ ਜਾਂ ਕੰਧਾਂ ਤੇ ਮਿੱਟੀ ਫੇਰਨ ਦੌਰਾਨ ਪੰਛੀਆਂ, ਪਸ਼ੂਆਂ, ਫੁੱਲਾਂ ਅਤੇ ਬੂਟਿਆਂ ਦੀ ਕਲਾਕਾਰੀ ਨੂੰ ਪੇਸ਼ ਕਰਦੀਆਂ ਸਨ। ਜਿਸ ਤੋਂ ਅੰਦਾਜ਼ਾ ਲਗਾਇਆ ਜਾ ਸਕਦੈ ਕਿ ਪੰਜਾਬੀ ਲੋਕਧਾਰਾ 'ਚ ਇਨ੍ਹਾ ਦਾ ਕਿੰਨਾ ਮਹੱਤਵ ਸੀ:

ਚਿੱਟੀ ਚਾਦਰ ਤੇ ਘੁੱਗੀਆਂ ਦਾ ਜੋੜਾ
ਮਾਵਾਂ ਧੀਆਂ ਦਾ ਡਾਹਢਾ ਵਿਛੋੜਾ
ਰੱਬਾ ਕਿਤੇ ਮਿਲੀਏ

ਕਿੰਜ  ਮਿਲੀਏ, ਨੀ ਮੇਰੀਏ ਜਾਨੇ
ਹੁਣ ਪੈ ਗਈ ਏ ਵੱਸ ਬਿਗਾਨੇ
ਮਿਲੀਏ ਰੱਬਾ ਕਿਤੇ ਮਿਲੀਏ

ਕਈ ਲੋਕ ਗੀਤਾਂ ਵਿੱਚ ਪ੍ਰਕਿਰਤੀ ਦਾ ਵੀ ਚਿਤਰਣ ਹੋਇਆ ਮਿਲਦਾ ਹੈ। ਇਨ੍ਹਾਂ ਲੋਕ ਗੀਤਾਂ ਵਿੱਚ ਕਿਤੇ ਜੰਗਲ, ਬੇਲ, ਬੂਟੇ, ਪੌਦਿਆਂ ਦਾ ਜ਼ਿਕਰ ਆਉਂਦਾ ਹੈ। ਕਈ ਦਰੱਖਤਾਂ ਦੇ ਨਾਂ ਤਾਂ ਅਜਿਹੇ ਵੀ ਹਨ ਜਿਨ੍ਹਾਂ ਨੂੰ ਨੌਜਵਾਨ ਪੀੜ੍ਹੀ ਵਿਸਰ ਚੁੱਕੀ ਹੈ ਅਤੇ ਕਈ ਹੌਲੀ ਹੌਲੀ ਲੋਕ ਚੇਤਿਆਂ ਵਿੱਚੋਂ ਖ਼ਾਰਜ ਹੋ ਰਹੀ  ਹੈ। ਪੰਜਾਬੀ ਜਨਜੀਵਨ ਵਿੱਚ ਸੁਹਾਗ ਲੋਕ ਗੀਤਾਂ  ਦੇ ਮਾਧਿਅਮ ਨਾਲ ਇਨ੍ਹਾਂ ਨੂੰ ਸੁਰਜੀਤ ਰੱਖਿਆ ਗਿਆ ਹੈ ਅਤੇ ਆਉਣ ਵਾਲੀਆਂ ਨਸਲਾਂ ਨੂੰ ਇਨ੍ਹਾਂ ਨਾਲ ਜੋੜਿਆ ਜਾ ਸਕਦਾ ਹੈ ।

ਸਾਡੇ ਵਿਹੜੇ ਦਿਆ ਬੋਹੜਾਂ
ਗੋਲਾ ਸੁੱਟ ਵਿਹੜੇ ਵਿੱਚ ਵੇ
ਸਾਡੇ ਵਿਹੜੇ ਦਿਆ ਬੋਹੜਾ
ਗੋਲਾ ਸੁੱਟ ਵਿਹੜੇ ਵਿੱਚ ਵੇ
ਬਾਬਲ ਕਾਜ ਰਚਾਇਆ
ਚਾਚੇ ਆਉਂਦੇ ਨਾ ਵਿੱਚ ਵੇ
ਤੁਸੀਂ ਆਵੋ ਜੀ  ਚਾਚਿਓ
ਇਹ ਦਿਨ ਆਉਂਦੇ ਨਾ ਨਿੱਤ ਵੇ।

ਕਈ ਸੁਹਾਗ ਲੋਕ  ਗੀਤ ਤਾਂ ਪੰਜਾਬੀ ਲੋਕਧਾਰਾ ਅਨੁਸਰਣ ਰੂਪ ਵਿੱਚ ਪੇਸ਼ ਕਰਦੇ ਹਨ। ਇਨ੍ਹਾਂ ਲੋਕ ਗੀਤਾਂ ਵਿੱਚ ਕੀਤੀ ਪੇਸ਼ਕਾਰੀ ਕਰਨ ਵਾਲੀਆਂ ਔਰਤਾਂ ਲੰਮੀ ਹੇਕ, ਸ਼ਬਦਾਂ ਦੇ ਲਟਕਾ, ਦੁਹਰਾਅ  ਵੱਲ ਤਾਂ ਧਿਆਨ ਦਿੰਦੀਆਂ ਹੀ ਹਨ, ਨਾਲ ਹੀ ਮਾਹੌਲ ਵੀ ਅਜਿਹਾ ਸਿਰਜਦੀਆਂ ਹਨ ਕਿ ਦਰਸ਼ਕ ਦੇ ਸਾਹਮਣੇ ਸਮੁੱਚਾ ਦ੍ਰਿਸ਼ ਸਾਕਾਰ ਹੋ ਜਾਂਦਾ ਹੈ ।ਪਰ ਕਈ ਥਾਵਾਂ ਤੇ ਮਾਡਰਨ ਸਾਜ਼ਾਂ ਦੀ ਵਰਤੋਂ ਕਰਕੇ ਅਤੇ ਨਵੀਨ ਪਹਿਰਾਵੇ ਨਾਲ ਸੱਜ ਧੱਜ ਕੇ ਲੋਕਧਾਰਾ ਨੂੰ ਰੂਪਾਂਤਰਿਤ ਰੂਪ ਵਿੱਚ ਵੀ ਪੇਸ਼ ਕੀਤਾ ਜਾ ਰਿਹਾ ਹੈ।

ਸੋ ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ  ਸੁਹਾਗ ਲੋਕ ਗੀਤਾਂ ਰਾਹੀਂ ਲੋਕਧਾਰਾ ਦੀ ਪੇਸ਼ਕਾਰੀ ਹੋ ਰਹੀ ਹੈ। ਇਨ੍ਹਾਂ ਸੁਹਾਗ  ਲੋਕ ਗੀਤਾਂ ਦੇ ਮਾਧਿਅਮ ਨਾਲ ਵਿਸਰ ਰਹੀ ਲੋਕਧਾਰਾ ਸਦਾ ਲਈ  ਲੋਕ ਚੇਤਿਆਂ ਵਿੱਚ ਸੁਰੱਖਿਅਤ ਰਹੇਗੀ ਅਤੇ  ਸੰਚਾਰ ਸਾਧਨਾਂ ਰਾਹੀਂ ਸਿਰਜੀ ਜਾ ਰਹੀ ਈ ਲੋਕਧਾਰਾ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ।

**ਹਵਾਲੇ ਤੇ ਟਿੱਪਣੀਆਂ**


1. ਪ੍ਰੋ ਜੀਤ ਸਿੰਘ ਜੋਸ਼ੀ, ਲੋਕਧਾਰਾ ਸਿਧਾਂਤ ਤੇ ਵਿਸ਼ਲੇਸ਼ਣ, ਪੰਨਾ-9
2. ਡਾ. ਗੁਰਮੀਤ ਸਿੰਘ, ਲੋਕਧਾਰਾ ਪਰੰਪਰਾ ਤੇ ਆਧੁਨਿਕਤਾ, ਪੰਨਾ -40
3. ਲੋਕਧਾਰਾ ਸਿਧਾਂਤ ਤੇ ਵਿਸ਼ਲੇਸ਼ਣ, ਪੰਨਾ -78
4. ਲੋਕਧਾਰਾ ਅਤੇ ਸਾਹਿਤ, ਪੰਨਾ -83
5. ਲੋਕਧਾਰਾ ਪਰੰਪਰਾ ਤੇ ਆਧੁਨਿਕਤਾ , ਪੰਨਾ -41

ਮੇਰੇ ਪੁਸਤਕ ਰਖਨੇ ਤੋਂ

# ਮਹਾਰਾਜੇ ਦਾ ਜਾਣਕਾਰੀ ਗੜੁੱਚ ਸਫਰਨਾਮਾ

*ਜਸ ਮੰਡ*

ਮਹਾਰਾਜਾ ਜਗਤਜੀਤ ਸਿੰਘ (1872-1949) ਕਪੂਰਥਲਾ ਰਿਆਸਤ ਦਾ ਆਖਰੀ ਮਹਾਰਾਜਾ ਸੀ। ਪੰਜਾਂ ਵਰ੍ਹਿਆਂ ਦੀ ਉਮਰ ਵਿਚ ਉਹ ਰਾਜਾ ਬਣਿਆ ਅਤੇ 18 ਵਰ੍ਹਿਆਂ ਦੀ ਉਮਰ ਵਿਚ ਰਾਜੇ ਦੀਆਂ ਸਾਰੀਆਂ ਸ਼ਕਤੀਆਂ ਅਖਤਿਆਰ ਕੀਤੀਆਂ। ਮਹਾਰਾਜਾ ਦਾ ਖਿਤਾਬ ਉਸਨੂੰ 1911 ਵਿੱਚ ਮਿਲਿਆ। ਉਸਨੇ 1926, 1927 ਅਤੇ 1929 ਜਨੇਵਾ ਵਿੱਚ ਲੀਗ ਆਫ ਨੇਸ਼ਨਜ਼ ਦੀ ਜਨਰਲ ਸਭਾ ਦੇ ਭਾਰਤੀ ਪ੍ਰਤੀਨਿਧ ਦੇ ਤੌਰ 'ਤੇ ਸੇਵਾ ਕੀਤੀ ਅਤੇ 1931 ਵਾਲੀ ਗੋਲਮੇਜ਼ ਕਾਨਫ਼ਰੰਸ ਵਿੱਚ ਭਾਗ ਲਿਆ।

ਮਹਾਰਾਜਾ ਜਗਤਜੀਤ ਸਿੰਘ (ਜਿਸਦੀ ਉਪਾਧੀ ਉਦੋਂ 'ਰਾਜਾ-ਈ-ਰਾਜਗਨ' ਦੀ ਸੀ, ਪਰੰਤੂ ਪਾਠਕਾਂ ਦੀ ਸਹੂਲਤ ਲਈ ਹਥਲੇ ਲੇਖ ਵਿਚ ਅਸੀਂ ਉਸ ਲਈ 'ਮਹਾਰਾਜਾ' ਹੀ ਵਰਤ ਰਹੇ ਹਾਂ।) ਸੰਨ 1903 ਵਿਚ ਚੀਨ, ਜਾਪਾਨ ਅਤੇ ਜਾਵਾ ਦੀ ਸੈਰ ਕਰ ਕੇ ਆਇਆ। ਏਸ ਸਫਰ ਦੇ ਤਜਰਬਿਆਂ ਨੂੰ ਉਸਨੇ ਅੰਗਰੇਜ਼ੀ ਵਿਚ ਅੰਕਿਤ ਕੀਤਾ, ਜਿਨ੍ਹਾਂ ਦਾ ਪੁਸਤਕ ਰੂਪ "ਚੀਨ, ਜਪਾਨ ਅਤੇ ਜਾਵਾ ਵਿਚ ਮੇਰੀਆਂ ਯਾਤਰਾਵਾਂ" ਦੇ ਨਾਂਅ ਹੇਠ 1905 ਵਿਚ ਪਾਠਕਾਂ ਸਾਹਮਣੇ ਪੇਸ਼ ਹੋਇਆ। ਮੇਰਾ ਅੰਦਾਜ਼ਾ ਹੈ ਕਿ ਕਿਸੇ ਪੰਜਾਬੀ ਵਲੋਂ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਹੋਇਆ ਸ਼ਾਇਦ ਇਹ ਪਹਿਲਾ ਸਫਰਨਾਮਾ ਹੋਵੇ! (ਇਟਰਨੈਟ ਦੀ ਘੋਖ ਤੋਂ ਪਤਾ ਲਗਦਾ ਹੈ ਕਿ 1932 ਵਿਚ ਮਹਾਰਾਜਾ ਜਗਤਜੀਤ ਸਿੰਘ ਨੇ "ਦੁਨੀਆ ਦੀ ਮੇਰੀ ਸੈਰ, ਅਕਤੂਬਰ-ਦਸੰਬਰ 1929" ਨਾਂਅ ਦੀ ਪੁਸਤਕ ਵੀ ਕਲਮਬਧ ਕੀਤੀ ਸੀ, ਪਰੰਤੂ ਇਸਦੀ ਕਾਪੀ ਮੈਨੂੰ ਉਪਲਭਧ ਨਹੀਂ ਹੋ ਸਕੀ।)

ਇਕੱਤੀ ਵਰ੍ਹਿਆਂ ਦਾ ਮਹਾਰਾਜਾ ਜਦੋਂ ਪੂਰਬ ਦੇ ਦੇਸਾਂ ਦੀ ਸੈਰ ਨੂੰ ਨਿਕਲਿਆ, ਉਸ ਤੋਂ ਪਹਿਲਾਂ ਉਹ ਯੋਰਪ ਦੇ ਕੁਝ ਦੇਸਾਂ ਦੀ ਸੈਰ ਕਰ ਚੁੱਕਿਆ ਸੀ। ਇਸ ਲਈ ਸੈਰ ਦੌਰਾਨ ਵੇਖੀਆਂ ਥਾਂਵਾਂ ਨੂੰ ਉਹ ਭਾਰਤ ਅਤੇ ਵਿਦੇਸ਼ ਵਿਚਲੀਆਂ ਥਾਂਵਾਂ ਨਾਲ ਤੁਲਨਾ ਕਰ ਕੇ ਵੇਖਦਾ-ਚਾਖਦਾ ਹੈ। ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਤੋਂ ਇਲਾਵਾ ਫਰਾਂਸੀਸੀ ਭਾਸ਼ਾ ਉੱਤੇ ਉਸਦੀ ਚੰਗੀ ਪਕੜ ਹੈ, ਅਤੇ ਗੁਜ਼ਾਰੇ ਜੋਗੀ ਜਰਮਨ ਵੀ ਆਉਂਦੀ ਹੈ। ਇਤਿਹਾਸ, ਰਾਜਨੀਤੀ, ਸਭਿਆਚਾਰ, ਇਮਾਰਤਸਾਜ਼ੀ ਆਦਿ ਬਾਰੇ ਉਸਦਾ ਗਿਆਨ ਵੀ ਸਾਫ ਝਲਕਦਾ ਹੈ। ਰਿਆਸਤ ਦੇ ਰਾਜੇ ਵਜੋਂ ਅੰਗਰੇਜ਼ੀ ਹਕੂਮਤ ਨਾਲ ਉਸਦੇ ਚੰਗੇ ਸੰਬੰਧ ਸਨ, ਜਿਸਦੇ ਨਤੀਜੇ ਵਜੋਂ ਜਿਥੇ ਕਿਤੇ ਵੀ ਉਹ ਜਾਂਦਾ, ਉਥੋਂ ਦੇ ਆਹਲਾ ਵਜ਼ੀਰ ਅਤੇ ਅਫਸਰ ਉਸਦੀ ਆਓ ਭਗਤ ਕਰਦੇ। ਇਨ੍ਹਾਂ ਹਾਲਾਤ ਦੇ ਮੱਦੇਨਜ਼ਰ ਉਨ੍ਹਾਂ ਦੇਸਾਂ-ਥਾਂਵਾਂ ਬਾਰੇ ਉਸਨੂੰ ਉਹ ਸਾਰੀ ਜਾਣਕਾਰੀ ਵੀ ਮਿਲਦੀ, ਜਿਸ ਤੋਂ ਸਧਾਰਨ ਸੈਲਾਨੀ ਅਕਸਰ ਵਿਰਵਾ ਰਹਿੰਦਾ ਹੈ। ਪੁਸਤਕ ਦੇ ਮੁਖਬੰਦ ਵਿਚ ਲੇਖਕ ਆਪਣੀ ਪੁਸਤਕ ਦਾ ਮਕਸਦ ਸਾਫ ਕਰਦਾ ਹੈ: "ਧੁਰ ਪੂਰਬ ਦੀ ਆਪਣੀ ਸੰਖੇਪ ਯਾਤਰਾ ਨੂੰ ਦੋਸਤਾਂ ਨਾਲ ਸਾਂਝਾ ਕਰਨਾ"। ਉਹ ਕਹਿੰਦਾ ਹੈ ਕਿ ਉਹਦਾ ਮਨਸ਼ਾ ਆਪਣੇ ਆਪ ਨੂੰ ਲੇਖਕ ਸਾਬਤ ਕਰਨਾ ਕਤਈ ਨਹੀਂ! ਇਹ ਠੀਕ ਹੈ ਕਿ ਇਹ ਪੁਸਤਕ ਸੈਰ ਦੀ ਡਾਇਰੀ ਦਾ ਵਿਸਤਾਰ ਹੈ, ਪਰੰਤੂ ਇਕ ਪਾਠਕ ਦੇ ਤੌਰ ਮੈਨੂੰ ਇਸ ਵਿਚ

ਰੌਚਕਤਾ ਦੀ ਘਾਟ ਜ਼ਰਾ ਜਿੰਨੀ ਵੀ ਮਹਿਸੂਸ ਨਹੀਂ ਹੋਈ। ਇਹ ਗੱਲ ਵੱਖਰੀ ਹੈ ਕਿ ਸੁਹਜ ਸ਼ਾਸਤਰ ਦੇ ਪੱਖੋਂ ਇਹ ਸਫਰਨਾਮਾ ਹੋਰ ਬਿਹਤਰੀ ਦੀ ਗੁੰਜਾਇਸ਼ ਰਖਦਾ ਹੋਵੇ! ਧੁਰ ਪੂਰਬ ਦੇ ਦੇਸ਼ ਵੇਖਣ ਤੋਂ ਪਹਿਲਾਂ ਯੂਰਪ ਦੇ ਕਈ ਦੇਸ ਉਸਨੇ ਗਾਹੇ ਹੋਏ ਸਨ। ਇਨ੍ਹਾਂ ਵਿਚੋਂ ਫਰਾਂਸ ਉਸਨੂੰ ਸਭ ਤੋਂ ਵੱਧ ਪਸੰਦ ਸੀ। ਏਨਾ ਪਸੰਦ ਕਿ ਕਪੂਰਥਲੇ ਵਿਚ ਆਪਣਾ ਮਹਿਲ ਉਸਨੇ ਫਰਾਂਸ ਦੇ ਵਰਸੇਲਜ਼ ਮਹਿਲ ਦੀ ਤਰਜ਼ ਉੱਤੇ ਬਣਵਾਇਆ ਸੀ ਅਤੇ ਸ਼ਹਿਰ ਦੀ ਮਸਜਿਦ ਫਰਾਂਸ ਦੀ ਕਲੋਨੀ ਮਰਾਕੋ ਵਿਚ ਸਥਿਤ ਕੂਟੂਬੀਆ ਮਸਜਿਦ ਦੀ ਤਰਜ਼ ਉੱਤੇ ਉਸਾਰੀ ਸੀ। ਜਪਾਨ ਵੇਖਣ ਤੋਂ ਬਾਅਦ ਉਹ ਇਸ ਦੇਸ ਨੂੰ ਕਈ ਪੱਖਾਂ ਤੋਂ ਫਰਾਂਸ ਤੋਂ ਉੱਪਰ ਮੰਨਣ ਲੱਗਾ ਸੀ। ਜਗਤਜੀਤ ਸਿੰਘ ਆਪਣੀ ਟੋਲੀ ਸਮੇਤ 18 ਅਕਤੂਬਰ 1903 ਨੂੰ ਬੰਬੇ ਤੋਂ ਸਮੁੰਦਰੀ ਜਹਾਜ਼ ਫੜ ਕੇ ਚੰਹੁ ਦਿਨਾਂ ਵਿਚ ਕੋਲੰਬੋ ਪਹੁੰਚਦਾ ਹੈ। ਉਸਦੀ ਟੋਲੀ ਵਿਚ ਕੌਣ-ਕੌਣ ਸਨ, ਇਸਦਾ ਜ਼ਿਕਰ ਉਹ ਸਾਰੀ ਪੁਸਤਕ ਦੌਰਾਨ ਨਹੀਂ ਕਰਦਾ, ਹਾਲਾਂਕਿ ਟੈਕਸਟ ਅਤੇ ਫੋਟੋਆਂ ਤੋਂ ਜਾਪਦਾ ਹੈ ਕਿ ਟੋਲੀ ਵਿਚ ਉਸਦੀ ਬੀਵੀ, ਇਕ ਡਾਕਟਰ ਅਤੇ ਇਕ ਬੰਦਾ ਹੋਰ, ਯਾਨੀ ਘੱਟੋ-ਘੱਟ ਚਾਰ ਜਣੇ ਤਾਂ ਜ਼ਰੂਰ ਸਨ, ਹੋ ਸਕਦਾ ਹੈ ਹੋਰ ਅਮਲਾ ਫੈਲਾ ਵੀ ਨਾਲ ਹੋਵੇ! ਕੋਲੰਬੋ ਵਿਚ ਉਹ ਕੇਵਲ ਇਕ ਦਿਨ ਹੀ ਠਹਿਰਦੇ ਹਨ। ਲੇਖਕ ਦੱਸਦਾ ਹੈ ਕਿ ਲੰਘੀ ਮਾਰਚ ਵਿਚ ਵੀ ਉਹ ਕੋਲੰਬੋ ਗਿਆ ਸੀ, ਪਰੰਤੂ ਇਹਦੇ ਬਾਰੇ ਉਹ ਜ਼ਿਆਦਾ ਲਿਖਦਾ ਨਹੀਂ। ਅਗਲੇ ਹੀ ਦਿਨ ਉਥੋਂ ਫੇਰ ਸਮੁੰਦਰੀ ਜਹਾਜ਼ ਫੜ ਕੇ ਉਹ ਸਿੰਘਾਪੁਰ ਪਹੁੰਚਦੇ ਹਨ। ਇਕ ਲੱਖ ਤੋਂ ਉੱਪਰ ਅਬਾਦੀ ਵਾਲੇ ਇਸ ਸ਼ਹਿਰ ਵਿਚ ਉਹ ਨੋਟ ਕਰਦਾ ਹੈ ਕਿ ਕਿਵੇਂ ਯੋਰਪੀਨਾਂ ਅਤੇ ਅਮਰੀਕੀਆਂ ਤੋਂ ਇਲਾਵਾ ਮਾਲਾਇਆ, ਜਾਵਾ, ਤਾਮਿਲ ਅਤੇ ਸਿੱਖ ਵੀ ਭਾਰੀ ਗਿਣਤੀ ਵਿਚ ਮੌਜੂਦ ਨੇ, ਹਾਲਾਂਕਿ ਸਭ ਤੋਂ ਵੱਧ ਜੰਨਸੰਖਿਆ ਚੀਨਿਆਂ ਦੀ ਹੈ। ਸ਼ਹਿਰ ਦੀਆਂ ਸੁਹਣੀਆਂ ਇਮਾਰਤਾਂ ਵੱਲ ਵੀ ਲੇਖਕ ਦਾ ਧਿਆਨ ਜਾਂਦਾ ਹੈ। ਸਿੰਘਾਪੁਰ ਦਾ ਟੂਅਰ ਬੱਸ ਸਾ-ਦਿਹਾੜੀ ਦਾ ਸੀ। ਉਨ੍ਹਾਂ ਦਾ ਅਗਲਾ ਪੜਾਅ ਸੀ ਵੀਅਤਨਾਮ ਦਾ ਸ਼ਹਿਰ ਸਾਏਗਾਨ। ਇਹ ਉਦੋਂ ਫਰਾਂਸ ਦੀ ਕਲੋਨੀ ਸੀ, ਅਤੇ ਫਰਾਂਸ ਦਾ ਉਪਾਸ਼ਕ ਰਾਜਾ ਇਹ ਵੇਖਣਾ ਚਾਹੁੰਦਾ ਸੀ ਕਿ ਫਰਾਂਸੀਸੀ ਆਪਣੀਆਂ ਕਲੋਨੀਆਂ ਦਾ ਰਾਜ ਪ੍ਰਬੰਧ ਕਿਵੇਂ ਚਲਾਉਂਦੇ ਹਨ। ਸਾਏਗਾਨ ਦੀ ਸੁੰਦਰਤਾ ਉਸਨੂੰ ਪ੍ਰਭਾਵਤ ਕਰਦੀ ਹੈ। ਸਾਏਗਾਨ ਦੀ ਮੁੱਖ ਸੜਕ ਉਸਨੂੰ ਫਰਾਂਸ ਦੇ ਕਿਸੇ ਨਿੱਕੇ ਸ਼ਹਿਰ ਵਰਗੀ ਲਗਦੀ ਹੈ। ਸੜਕ ਦੇ ਦੋਵੀਂ ਪਾਸੀਂ ਰੁੱਖ ਲੱਗੇ ਹੋਏ ਹਨ, ਅਤੇ ਸ਼ਾਨਦਾਰ ਦੁਕਾਨਾਂ ਹਨ, ਜਿਹੜੀਆਂ ਫਰਾਂਸੀਸੀ ਵਸਤਾਂ ਨਾਲ ਭਰੀਆਂ ਪਈਆਂ ਹਨ। ਸਰਕਾਰੀ ਨਿਵਾਸ, ਡਾਕਖਾਨਾ ਅਤੇ ਚਰਚ ਫਰਾਂਸੀਸੀ ਇਮਾਰਤਸਾਜ਼ੀ ਦੀਆਂ ਮਿਸਾਲਾਂ ਹਨ। ਬੁੱਤਾਂ ਨਾਲ ਸਜੀਆਂ ਇਹ ਇਮਾਰਤਾਂ ਅਤੇ ਰਿਹਾਇਸ਼ੀ ਕੋਠੀਆਂ ਕਲਾਤਮਕ ਪੱਖੋਂ ਆਹਲਾ ਦਰਜੇ ਦੀਆਂ ਹਨ। ਸ਼ਹਿਰ ਵਿਚ ਬਹੁਤ ਸਾਰੇ ਕਾਫੇ ਅਤੇ ਰੈਸਤੋਰਾਂ ਮੌਜੂਦ ਹਨ। ਲੇਖਕ ਨੂੰ ਕੁਝ ਚੀਨੀ ਅਤੇ ਵੀਅਤਨਾਮੀ ਵਪਾਰੀਆਂ ਦੇ ਘਰਾਂ ਵਿਚ ਜਾਣ ਦਾ ਮੌਕਾ ਵੀ ਮਿਲਦਾ ਹੈ, ਜਿਨ੍ਹਾਂ ਦੇ ਰੱਖ-ਰਖਾਅ ਤੋਂ ਉਹ ਬਹੁਤ ਪ੍ਰਭਾਵਤ ਹੁੰਦਾ ਹੈ।

ਅਗਲਾ ਪੜਾਅ ਉਸਦਾ ਹੈ ਹਾਂਗਕਾਂਗ। ਇਥੇ ਪਹੁੰਚਦਿਆਂ ਸਾਰ ਪਹਾੜੀਆਂ ਨਾਲ ਘਿਰੀ ਬੰਦਰਗਾਹ ਤੱਕ ਕੇ ਉਸਦਾ ਦਿਲ ਬਾਗੋ-ਬਾਗ ਹੁੰਦਾ ਹੈ। ਸ਼ਾਮ ਢਲਣ ਵੇਲੇ ਪਹਾੜੀ ਦੀ ਇਕ ਚੋਟੀ ਤੋਂ ਬੰਦਰਗਾਹ ਵਿਚ ਖੜੋਤੇ ਜਹਾਜ਼ਾਂ ਦੀਆਂ ਟਿਮਟਿਮਾਂਦੀਆਂ ਰੋਸ਼ਨੀਆਂ ਉਸਨੂੰ ਅਲੌਕਿਕ ਜਾਪਦੀਆਂ ਨੇ। ਉਹ ਦਸਦਾ ਹੈ ਕਿ ਹਾਂਗਕਾਂਗ ਵਿਚ ਬਹੁਤੇ ਪੁਲਿਸ ਵਾਲੇ

ਸਿੱਖ ਸਨ, ਜਿਨ੍ਹਾਂ ਦਾ, ਜਿਵੇਂ ਉਸਨੂੰ ਦੱਸਿਆ ਗਿਆ, "ਸਥਾਨਕ ਬਦਮਾਸ਼ਾਂ ਵਿਚ ਬੜਾ ਦਹਿਲ ਹੈ। ਇਕ ਸਿੱਖ ਸਿਪਾਹੀ 10 ਚੀਨੀ ਲੋਫਰਾਂ 'ਤੇ ਭਾਰੀ ਮੰਨਿਆ ਜਾਂਦਾ ਹੈ।" ਇਥੋਂ ਦੇ ਚੀਨੀਆਂ ਬਾਰੇ ਲੇਖਕ ਦੀ ਰਾਏ ਵਧੀਆ ਨਹੀਂ, "ਹੱਦ ਦਰਜੇ ਦੇ ਮੂਰਖ ਨੇ ਉਹ"।

ਇਥੋਂ ਟੁਰ ਕੇ ਉਹ ਚੀਨ ਪਹੁੰਚਦਾ ਹੈ। ਉਹ ਨੋਟ ਕਰਦਾ ਹੈ ਕਿ ਕੁਝ ਸਾਲ ਪਹਿਲਾਂ ਭਾਈਵਾਲ ਤਾਕਤਾਂ (ਬਰਤਾਨੀਆ, ਰੂਸ, ਫਰਾਂਸ, ਜਰਮਨੀ, ਜਪਾਨ ਅਤੇ ਅਮਰੀਕਾ) ਵਲੋਂ 'ਬਾਕਸਰ ਵਿਦਰੋਹ' ਨੂੰ ਕੁਚਲਣ ਤੋਂ ਬਾਅਦ ਇਨ੍ਹਾਂ ਦੇਸਾਂ ਦਾ ਚੀਨ ਵਿਚ ਦਬਦਬਾ ਸੀ, ਹਾਲਾਂਕਿ 7 ਲੱਖ ਦੀ ਅਬਾਦੀ ਵਾਲੇ ਸ਼ੰਘਾਈ ਵਿਚ ਯੋਰਪੀਨਾਂ ਅਤੇ ਅਮਰੀਕੀਆਂ ਦੀ ਗਿਣਤੀ ਮਸਾਂ 8 ਕੁ ਹਜ਼ਾਰ ਸੀ। ਕਹਿਣ ਨੂੰ ਚੀਨ ਵਿਚ ਰਾਜ ਚਿੰਗ ਘਰਾਣੇ ਦੀ ਰਾਣੀ ਸੀਚੀਅ ਦੇ ਹੱਥਾਂ ਵਿਚ ਸੀ, ਪਰੰਤੂ ਰਾਜ ਪ੍ਰਬੰਧ ਉੱਤੇ ਉਸਦੀ ਪਕੜ ਕਾਫੀ ਕਮਜ਼ੋਰ ਸੀ। ਲੇਖਕ ਨੂੰ ਇਥੋਂ ਦਾ ਅਦਾਲਤੀ ਪ੍ਰਬੰਧ ਬਹੁਤ ਰੌਚਕ ਜਾਪਦਾ ਹੈ। ਚੀਨੀ ਅਤੇ ਵਿਦੇਸ਼ੀ ਜੱਜ ਮਿਲ ਕੇ ਮੁਕੱਦਮਾ ਸੁਣਦੇ ਹਨ, ਪਰ ਕਾਨੂੰਨ ਹਰ ਸਮਾਜ ਸਮੁਦਾਇ ਲਈ ਆਪੋ-ਆਪਣੇ ਹਨ। ਸ਼ੰਘਾਈ ਵਿਚ ਵੀ ਉਸਨੂੰ ਕਾਫੀ ਗਿਣਤੀ ਵਿਚ ਸਿੱਖ ਪੁਲਿਸ ਵਾਲੇ ਦਿਖਾਈ ਦੇਂਦੇ ਹਨ। ਚੀਨੀ ਵਸੋਂ ਵਾਲੇ ਇਲਾਕੇ ਬਹੁਤ ਗੰਦੇ ਹਨ। "ਇਸ ਇਲਾਕੇ ਦੀ ਬਦਬੂ ਨੂੰ ਮੈਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ, ਮੈਨੂੰ ਆਪਣਾ ਨੱਕ ਹਰ ਵੇਲੇ ਇਤਰ-ਭਿੱਜੇ ਰੁਮਾਲ ਨਾਲ ਢਕਣਾ ਪੈ ਰਿਹਾ ਸੀ।" ਅਫੀਮਚੀਆਂ ਦੇ ਇਲਾਕੇ ਦਾ ਚੱਕਰ ਮਾਰਨ ਤੋਂ ਬਾਅਦ ਉਹਦਾ ਪ੍ਰਭਾਵ ਹੈ ਕਿ ਇਸ ਕੌਮ ਦਾ ਬੇੜਾ ਗਰਕ ਹੋ ਚੁੱਕਾ ਹੈ। ਇਕ ਸ਼ਾਮ ਉਹ ਚੀਨੀ ਰੰਗਮੰਚ ਵੇਖਣ ਵੀ ਜਾਂਦਾ ਹੈ, ਜਿਹੜਾ ਉਸਨੂੰ ਸਾਡੀ ਰਾਮਲੀਲਾ ਦੀ ਯਾਦ ਦਿਲਾਂਦਾ ਹੈ। ਚੀਨੀ ਲੋਕਾਂ ਵਿਚ ਯੋਰਪੀਨ ਲਿਬਾਸ ਪ੍ਰਚੱਲਤ ਨਹੀਂ, ਅਤੇ ਲਗਭਗ ਹਰੇਕ ਆਦਮੀ ਦੇ ਸਿਰ ਉੱਤੇ ਬੋਦੀ ਹੈ। ਸ਼ੰਘਾਈ ਵਿਚ ਸੱਤਾਂ ਦੇਸ਼ਾਂ ਤੋਂ ਆ ਵਸੇ ਵਿਦੇਸ਼ੀਆਂ ਲਈ ਸੱਤ ਵੱਖੋ-ਵੱਖਰੇ ਡਾਕਘਰ ਹਨ।

ਪੀਕਿੰਗ ਨੂੰ ਉਹ ਇਕ ਪਾਸਿਉਂ ਤਾਂ "ਘੜਮੱਸ ਅਤੇ ਬਦਬੂਆਂ ਦਾ ਸ਼ਹਿਰ" ਦੱਸਦਾ ਹੈ, ਪਰ ਦੂਜੇ ਪਾਸਿਉਂ, ਉਹਦੇ ਮੁਤਾਬਕ "ਸ਼ਹਿਰ ਵਿਚ ਕੁਝ ਤਾਂ ਆਕਰਸ਼ਕ ਜਾਪਦਾ ਹੈ, ਉਸਦੀ ਪ੍ਰਾਚੀਨਤਾ ਦਾ ਰੋਹਬ ਹਰ ਪਾਸੇ ਪ੍ਰਤੱਖ ਹੈ"। ਇਕ ਦਿਨ ਉਸਨੂੰ ਇਕ ਬਾਰਾਤ ਜਾਂਦੀ ਦਿਸੀ, ਜਿਸ ਦੇ ਅੱਗੇ-ਅੱਗੇ ਬਾਰਾਤੀਆਂ ਦੇ ਹੱਥਾਂ ਵਿਚ ਦਹੇਜ ਵਿਚ ਮਿਲੇ ਤੋਹਫੇ ਪ੍ਰਦਰਸ਼ਿਤ ਕੀਤੇ ਹੋਏ ਸਨ। ਫੇਰ ਇਕ ਜਨਾਜ਼ੇ ਨੂੰ ਵੇਖ ਕੇ ਉਹ ਨੋਟ ਕਰਦਾ ਹੈ ਕਿ ਸਾਰੇ ਆਦਮੀ ਤਾਂ ਸੇਬ ਖਾਂਦੇ ਜਾ ਰਹੇ ਸਨ, ਜਦਕਿ ਔਰਤਾਂ ਉੱਚੀ-ਉੱਚੀ ਕੀਰਨੇ ਪਾ ਰਹੀਆਂ ਸਨ। ਉਹ ਚੀਨ ਦੀ 'ਮਹਾਨ ਦੀਵਾਰ' ਦੇ ਦੀਦਾਰ ਵੀ ਕਰਨ ਜਾਂਦਾ ਹੈ, ਅਤੇ ਚੀਨ ਦੇ ਬੋਧੀ ਮੰਦਰ ਅਤੇ ਮਸਜਿਦ ਵੀ ਵੇਖਦਾ ਹੈ। ਲਾਇਬਰੇਰੀ ਅਤੇ ਕਾਲਜ ਵੀ ਵੇਖਦਾ ਹੈ ਅਤੇ ਕ੍ਰਿਕਟ, ਕੁਸ਼ਤੀਆਂ ਅਤੇ ਮੁੱਕੇਬਾਜ਼ੀ ਦੇ ਮੁਕਾਬਲੇ ਵੀ। ਲੱਕੜੀ ਤੋਂ ਬਣੇ ਮਹਾਤਮਾ ਬੁੱਧ ਦੇ 60 ਫੁੱਟ ਉੱਚੇ ਬੁੱਤ ਬਾਰੇ ਉਸਨੂੰ ਜਾਣਕਾਰੀ ਮਿਲਦੀ ਹੈ ਕਿ ਇਸ ਵਿਚ ਕੋਈ ਜੋੜ ਨਹੀਂ ਲੱਗਾ ਹੋਇਆ, ਇੱਕੋ ਸ਼ਤੀਰੀ ਤੋਂ ਬਣਿਆ ਹੋਇਆ ਹੈ। ਉਸਦੀ ਮੁਲਾਕਾਤ ਚਿਆਂਗ ਕਾਈ ਸ਼ੇਕ ਨਾਲ ਵੀ ਹੁੰਦੀ ਹੈ, ਜਿਹੜਾ ਉਦੋਂ ਭਾਵੇਂ ਇਕ ਰਾਜ ਦਾ ਵਾਇਸਰਾਏ ਸੀ, ਪਰੰਤੂ ਲੇਖਕ ਨੂੰ ਉਸਦੀ ਕਾਬਲੀਅਤ ਨੇ ਬੜਾ ਪ੍ਰਭਾਵਤ ਕੀਤਾ ਸੀ। ਰੂਸ ਦੇ ਕਬਜੇ ਹੇਠਲੇ ਇਲਾਕੇ "ਦਾਲਨੀਅ" ਵਿਚ ਹੋ ਰਹੇ ਵਿਕਾਸ ਕਾਰਜਾਂ ਨੂੰ ਉਹ ਸ਼ਲਾਘਾ ਦੀਆਂ ਨਜ਼ਰਾਂ ਨਾਲ ਵੇਖਦਾ ਹੈ।

ਜਪਾਨ ਵਿਚ ਪੈਰ ਰਖਦਿਆਂ ਹੀ ਜਗਤਜੀਤ ਸਿੰਘ ਤਿੰਨਾਂ ਪਾਸਿਆਂ ਤੋਂ ਹਰੇ ਕਚੂਚ

ਪਹਾੜਾਂ ਨਾਲ ਘਿਰੀ ਬੰਦਰਗਾਹ ਨੂੰ ਸਲਾਹੇ ਬਗੈਰ ਨਹੀਂ ਰਹਿ ਸਕਦਾ। ਜਪਾਨ ਦਾ ਇਹ ਉਹ ਵੇਲਾ ਸੀ, ਜਦੋਂ ਉਹ ਦੇਸ਼ ਉਦਯੋਗਕ ਤਰੱਕੀ ਅਤੇ ਅਧੁਨਿਕਤਾ ਵੱਲ ਮੋੜ ਕੱਟ ਰਿਹਾ ਸੀ। ਪਿਛਲੇ ਤੀਹਾਂ ਵਰ੍ਹਿਆਂ ਵਿਚ ਕਲਾ ਅਤੇ ਵਿਗਿਆਨ ਵਿਚ ਕੀਤੀ ਤਰੱਕੀ ਅਣਕਿਆਸੀ ਹੈ। ਰੇਲ ਗੱਡੀ ਵਿਚ ਸਫਰ ਕਰਦਿਆਂ ਉਹ ਕੁਦਰਤ ਦੇ ਸੁਹੱਪਣ ਨੂੰ ਮਹਿਸੂਸ ਕਰਦਾ ਹੈ, ਅਤੇ ਥੋੜ੍ਹੀ-ਥੋੜ੍ਹੀ ਦੂਰੀ 'ਤੇ ਵਸੇ ਪਿੰਡਾਂ ਤੋਂ ਅੰਦਾਜ਼ਾ ਲਾਉਂਦਾ ਹੈ ਕਿ ਦੇਸ਼ ਦੀ ਵਸੋਂ ਸੰਘਣੀ ਹੈ। ਸੇਟੋ ਸਮੁੰਦਰ ਬਾਰੇ ਉਹ ਦਸਦਾ ਹੈ ਕਿ ਜੋ ਕ੍ਰਿਸ਼ਮਾ ਕੁਦਰਤ ਨੇ ਜਪਾਨ ਦੀ ਰਚਨਾ ਕਰਦੇ ਹੋਏ ਵਿਖਾਇਆ ਹੈ, ਉਹੋ ਜਿਹਾ ਹੋਰ ਕਿਤੇ ਨਹੀਂ ਵਿਖਾਇਆ। ਪਹਿਲਾਂ ਕੁਦਰਤ ਨੇ ਟਾਪੂਆਂ ਦੀ ਸ਼ਕਲ ਵਿਚ ਜਪਾਨ ਬਣਾਇਆ, ਤੇ ਫੇਰ ਉਹਦੇ ਅੰਦਰ ਨੂੰ ਇਕ ਸਮੁੰਦਰ ਲਿਆ ਕੇ ਏਥੇ-ਓਥੇ ਹਜ਼ਾਰਾਂ ਹੋਰ ਟਾਪੂ ਛਿੜਕ ਦਿੱਤੇ!

ਜਪਾਨ ਅਤੇ ਰੂਸ ਵਿਚਕਾਰ ਖਿੱਚੋਤਾਣ ਨੂੰ ਉਹ ਆਪਣੀ ਫੇਰੀ ਦੌਰਾਨ ਭਾਂਪ ਰਿਹਾ ਹੈ, ਅਤੇ ਦੋ ਸਾਲ ਮਗਰੋਂ ਜਦੋਂ ਪੁਸਤਕ ਦੀ ਭੂਮਿਕਾ ਲਿਖ ਰਿਹਾ ਹੈ, ਉਦੋਂ ਇਨ੍ਹਾਂ ਦੇਸ਼ਾਂ ਵਿਚਕਾਰ ਯੁੱਧ ਸ਼ੁਰੂ ਹੋ ਚੁੱਕਾ ਸੀ। ਨਿਮਰਤਾ ਪੱਖੋਂ ਜਪਾਨੀ ਲੋਕ ਫਰਾਂਸੀਸੀਆਂ ਤੋਂ ਵੀ ਵਧ ਕੇ ਹਨ। ਭਾਰਤ ਦੇ ਰੇਲਵੇ ਸਟੇਸ਼ਨਾਂ ਤੋਂ ਉਲਟ ਜਪਾਨ ਦੇ ਰੇਲਵੇ ਸਟੇਸ਼ਨਾਂ ਉੱਤੇ ਨਾ ਸ਼ੋਰ-ਸ਼ਰਾਬਾ ਹੈ, ਤੇ ਨਾ ਕੋਈ ਹਫੜਾ-ਦਫੜੀ। ਜਪਾਨ ਦੀ ਰਾਣੀ ਵਲੋਂ ਆਯੋਜਤ ਕੀਤੀ ਗਈ ਸਾਲਾਨਾ ਕ੍ਰਿਸੈਂਥੀਮਮ ਫੁੱਲਾਂ ਦੀ ਪਾਰਟੀ ਉੱਤੇ ਵੀ ਉਸਨੂੰ ਸੱਦਿਆ ਜਾਂਦਾ ਹੈ, ਅਤੇ ਇਕ ਸ਼ਾਹੀ ਵਿਆਹ ਉੱਤੇ ਵੀ। ਦੋਵਾਂ ਥਾਂਵਾਂ ਉੱਤੇ ਉਹ ਵਿਸ਼ੇਸ਼ ਤੌਰ 'ਤੇ ਨੋਟ ਕਰਦਾ ਹੈ ਕਿ ਜਪਾਨੀ ਔਰਤਾਂ ਬੜੀਆਂ ਸੰਗਾਊ ਹਨ, ਇਥੋਂ ਤੱਕ ਕਿ ਆਪਸ ਵਿਚ ਵੀ ਘੱਟ ਹੀ ਘੁਲਦੀਆਂ-ਮਿਲਦੀਆਂ ਹਨ। ਜਦੋਂ ਕਿਸੇ ਪਾਰਟੀ ਵਿਚ ਉਹ ਆਪਣੇ ਜਪਾਨੀ ਲਿਬਾਸ ਅਤੇ ਜੁੱਤੀਆਂ ਦੀ ਬਜਾਏ ਯੋਰਪੀਨ ਲਿਬਾਸ ਅਤੇ ਜੁੱਤੀਆਂ ਪਹਿਨ ਕੇ ਆਉਂਦੀਆਂ ਹਨ, ਤਾਂ ਉਹ ਸਹਿਜ ਵੀ ਨਹੀਂ ਰਹਿੰਦੀਆਂ ਅਤੇ ਓਨੀਆਂ ਆਕਰਸ਼ਕ ਵੀ ਨਹੀਂ! ਜਪਾਨ ਵਿਚ ਉਹ ਘੋੜਿਆਂ ਦੀ ਦੌੜ ਵੀ ਵੇਖਣ ਜਾਂਦਾ ਹੈ, ਅਤੇ ਬੱਤਖਾਂ ਦੇ ਸ਼ਿਕਾਰ ਵਿਚ ਵੀ ਸ਼ਾਮਲ ਹੁੰਦਾ ਹੈ। ਜਪਾਨ ਫੇਰੀ ਦੌਰਾਨ ਉਸਦੀ ਮੁਲਾਕਾਤ ਦੇਸ਼ ਦੇ ਪ੍ਰਧਾਨ ਮੰਤਰੀ ਨਾਲ ਵੀ ਹੁੰਦੀ ਹੈ, ਅਤੇ ਜਨਰਲ ਤੋਗੋ ਨਾਲ ਵੀ, ਜਿਸ ਦਾ ਵੱਡਾ ਰੁਤਬਾ ਜਪਾਨ ਨੇ ਕੁਝ ਦਹਾਕਿਆਂ ਬਾਅਦ ਵੇਖਿਆ।

ਜਪਾਨ ਤੋਂ ਬਾਅਦ ਮਹਾਰਾਜਾ ਜਗਤਜੀਤ ਸਿੰਘ ਜਾਵਾ ਪਹੁੰਚਦਾ ਹੈ, ਜਿਹੜਾ ਉਦੋਂ ਹਾਲੈਂਡ ਦੀ ਕਲੋਨੀ ਹੁੰਦਾ ਸੀ। ਇਥੋਂ ਦੇ ਸ਼ਹਿਰ ਅਤੇ ਪ੍ਰਾਚੀਨ ਮੰਦਰ ਤਾਂ ਉਸਨੂੰ ਬਹੁਤ ਪ੍ਰਭਾਵਸ਼ਾਲੀ ਜਾਪੇ, ਪਰੰਤੂ ਲੋਕਾਂ ਤੋਂ ਉਹਦੇ ਹੱਥ ਨਿਰਾਸਤਾ ਹੀ ਲੱਗੀ। ਜਾਵਾ ਦੇ ਸੁਲਤਾਨਾਂ ਦੀ ਆਪਸ ਵਿਚ ਖਹਿਬਾਜੀ ਚਲਦੀ ਰਹਿੰਦੀ ਹੈ, ਜਿਹੜੀ ਡੱਚ ਹਾਕਮਾਂ ਨੂੰ ਮਾਫ਼ਕ ਬਹਿੰਦੀ ਹੈ। ਲੇਖਕ ਨੋਟ ਕਰਦਾ ਹੈ ਕਿ ਭਾਰਤ ਦੇ ਰਾਜਿਆਂ ਦੇ ਮੁਕਾਬਲੇ ਜਾਵਾ ਦੇ ਸੁਲਤਾਨਾਂ ਕੋਲ ਬਹੁਤ ਘੱਟ ਸ਼ਕਤੀਆਂ ਨੇ। ਇਕ ਕਿਸਮ ਨਾਲ "ਉਹ ਸਿਆਸੀ ਕੈਦੀਆਂ ਦੀ ਜ਼ਿੰਦਗੀ ਜੀਅ ਰਹੇ ਹਨ"। ਇਕ ਦਿਨ ਲੇਖਕ ਉਥੋਂ ਦਾ ਪਾਗਲਖਾਨਾ ਵੇਖਣ ਜਾਂਦਾ ਹੈ, ਅਤੇ ਉਸਦੇ ਵਧੀਆ ਪ੍ਰਬੰਧ ਤੋਂ ਬੜਾ ਪ੍ਰਭਾਵਤ ਹੋ ਕੇ ਮੁੜਦਾ ਹੈ। ਹੋਰ ਇਕ ਦਿਨ ਉਸਨੂੰ ਮਹਿਲ ਵਿਚ ਰੰਗਾਰੰਗ ਪ੍ਰੋਗਰਾਮ ਲਈ ਬੁਲਾਇਆ ਜਾਂਦਾ ਹੈ, ਜਿਹਦੇ ਬਾਰੇ ਚਾਰ ਪੰਜ ਸਫੇ ਲਿਖ ਕੇ ਵੀ ਉਹ ਆਖਦਾ ਹੈ ਕਿ ਇਸਨੂੰ ਲਫਜ਼ਾਂ ਵਿਚ ਬਿਆਨ ਕਰਨ ਲਈ "ਪੀਏਰ ਲੋਟੀ ਵਰਗੇ ਲੇਖਕ ਦਾ ਪੈੱਨ ਲੋੜੀਂਦਾ ਹੈ"।

25000 ਮੀਲ ਦੀ ਯਾਤਰਾ ਕਰਨ ਤੋਂ ਬਾਅਦ 26 ਜਨਵਰੀ 1904 ਨੂੰ ਜਗਤਜੀਤ ਸਿੰਘ ਦੀ ਟੋਲੀ ਬੰਬਈ ਪਰਤ ਆਈ। ਲੇਖਕ ਮੁਤਾਬਕ "ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਧ ਮਜ਼ੇਦਾਰ ਸਫਰ ਸੀ"। ਇਸ ਸਫਰ ਤੋਂ ਬਾਅਦ ਦੇ ਸਾਢੇ ਚਾਰ ਦਹਾਕਿਆਂ ਦੇ ਜੀਵਨ ਕਾਲ ਵਿਚ ਸਫਰਨਾਮਾਕਾਰ ਨੇ ਚੀਨ ਵਿਚ ਰਾਜਸ਼ਾਹੀ ਦਾ ਪਤਨ ਅਤੇ ਕਰਾਂਸਕੀ ਦੀ ਚੜ੍ਹਤ ਵੀ ਵੇਖੀ। ਚੀਨ ਅਤੇ ਜਪਾਨ ਦਾ ਯੁੱਧ ਵੀ ਵੇਖਿਆ ਅਤੇ ਚੀਨ ਵਿਚ ਕਮਿਊਨਿਸਟ ਪਾਰਟੀ ਦਾ ਉਭਾਰ ਵੀ। ਜਪਾਨੀ ਸਾਮਰਾਜ ਨੂੰ ਫੈਲਦੇ ਹੋਏ ਅਤੇ ਦੂਜੇ ਵਿਸ਼ਵ ਯੁੱਧ ਵਿਚ ਬਰਬਾਦ ਹੁੰਦੇ ਹੋਏ ਵੀ ਵੇਖਿਆ। ਉਹਦੇ ਵਲੋਂ ਵੇਖਿਆ-ਚਾਖਿਆ ਧੁਰ ਪੂਰਬ ਬੇਪਛਾਣ ਹੁੰਦਾ ਵੇਖਿਆ। ਮੇਰੀ ਜਾਚੇ ਇਨ੍ਹਾਂ ਹਾਲਾਤ ਦੇ ਸਨਮੁਖ ਉਹਦੇ ਵਲੋਂ ਲਿਖੇ ਹਥਲੇ ਸਫਰਨਾਮੇ ਵਿਚ ਦੀ ਮਹੱਤਤਾ ਹੋਰ ਵੀ ਵੱਡੀ ਹੋ ਜਾਂਦੀ ਹੈ। ਧੁਰ ਪੂਰਬ ਦੇ ਦੇਸਾਂ ਵਿਚਲੇ ਹਾਲਾਤ ਨੂੰ ਸਮਝਣ ਲਈ ਇਹਦੀ ਸਾਰਥਕਤਾ ਅੱਜ ਵੀ ਓਨੀ ਹੀ ਹੈ, ਜਿੰਨੀ ਇਸਦੇ ਪਹਿਲੀ ਵਾਰ ਛਪਣ ਵੇਲੇ ਸੀ।

✶✶✶


## ਬਲਬੀਰ ਪਰਵਾਨਾ ਦਾ ਨਾਵਲੀ ਸੰਸਾਰ




ਬਲਬੀਰ ਪਰਵਾਨਾ ਪੰਜਾਬੀ ਨਾਵਲ ਸਿਰਜਣਕਾਰੀ ਦੇ ਖੇਤਰ ਵਿਚ ਇਕ ਅਜਿਹਾ ਨਾਵਲਕਾਰ ਹੈ ਜਿਹੜਾ ਵਿਧਾਗਤ ਪਰਿਵਰਤਨ ਦਾ ਵਾਹਕ ਰਿਹਾ ਹੈ। ਗਲਪਕਾਰੀ ਦੇ ਖੇਤਰ ਵਿਚ ਉਹ ਮਿੰਨੀ ਕਹਾਣੀ ਤੋਂ ਸ਼ੁਰੂ ਕਰਕੇ ਕਹਾਣੀ ਅਤੇ ਨਾਵਲਿਟ ਰਾਹੀਂ ਨਾਵਲ ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਉਹ ਪੰਜਾਬੀ ਸਮਾਜ ਦੀ ਹਰੇ ਇਨਕਲਾਬ ਤੋਂ ਬਾਅਦ ਦੀ ਵਾਸਤਵਿਕਤਾ ਨੂੰ ਨਾਵਲਕਾਰੀ ਦਾ ਅਧਾਰ ਬਣਾਉਂਦਾ ਹੈ। ਅਜਿਹਾ ਕਰਦੇ ਹੋਏ ਉਸ ਦੀ ਸਿਰਜਣਕਾਰੀ ਦਾ ਕੇਂਦਰ ਮਨੁੱਖੀ ਵਿਹਾਰ ਬਣਦਾ ਹੈ। ਇਸ ਵਿਹਾਰ ਵਿਚੋਂ ਅਜੋਕੇ ਸਮਾਜ ਦੀ ਜੀਵਨ-ਜਾਚ ਦਾ ਵਿਹਾਰਕ ਮਾਡਲ ਸਾਹਮਣੇ ਆਉਂਦਾ ਹੈ। ਇਸ ਮਾਡਲ ਵਿਚੋਂ ਜਿਹੜਾ ਪੰਜਾਬੀ ਮਨੁੱਖ ਸਾਹਮਣੇ ਆਉਂਦਾ ਹੈ ਉਹ ਰਿਸ਼ਤਿਆਂ ਵਿਚਲੇ ਹਰ ਆਦਰਸ਼ ਤੋਂ ਮੁਕਤ ਹੈ। ਉਹ ਜਿਸ ਇਲਾਕਾਈ ਪਰਿਵੇਸ਼ ਨੂੰ ਚੁਣਦਾ ਹੈ ਉਸ ਰਾਹੀਂ ਸਮੁੱਚੇ ਪੰਜਾਬੀ ਸਭਿਆਚਾਰਕ ਵਿਹਾਰ ਨੂੰ ਸੰਬੋਧਿਤ ਹੁੰਦਾ ਹੈ। ਉਸ ਦੇ ਸਿਰਜਣੀ ਵਰਤਾਰੇ ਨੂੰ 'ਬਹੁਤ ਸਾਰੇ ਚੁਰਸਤੇ' ਤੋਂ ਲੈ ਕੇ 'ਸ਼ੋਅ-ਰੂਮ' ਤਕ ਦੇ ਸਫ਼ਰ ਰਾਹੀਂ ਸਮਝਿਆ ਜਾ ਸਕਦਾ ਹੈ। –ਰਜਨੀਸ਼ ਬਹਾਦਰ ਸਿੰਘ

# ਸਮਕਾਲੀ ਸਾਹਿਤ ਨੂੰ ਵਾਚਦਿਆਂ

**ਕੁਲਵੰਤ ਸਿੰਘ ਸੰਧੂ**

ਸਮਕਾਲੀ ਸਾਹਿਤ ਬਾਰੇ ਗੱਲ ਕਰ ਸਕਣਾ ਆਸਾਨ ਨਹੀਂ ਹੁੰਦਾ। ਕਿਉਂਕਿ ਇਸਦਾ ਸੰਬੰਧ ਇਕ ਪਾਸੇ ਸਮਕਾਲੀ ਪ੍ਰਸਥਿਤੀਆਂ ਨਾਲ ਵੀ ਹੁੰਦਾ ਹੈ, ਜੋ ਹਮੇਸ਼ਾ ਬਹੁ-ਅੱਯਾਮੀ ਹੁੰਦੀਆਂ ਹਨ ਤੇ ਹਰ ਇਕ ਪੱਖ ਨੂੰ ਸਮਝ ਕੇ ਆਪਣੇ ਵਿਵੇਕ ਦਾ ਹਿੱਸਾ ਬਣਾ ਸਕਣਾ ਮੁਸ਼ਕਿਲ ਹੁੰਦਾ ਹੈ। ਦੂਸਰੇ ਸਮਕਾਲੀ ਸਾਹਿਤ ਦੇ ਛਪਣ ਦੀ ਮਾਤਰਾ ਕਿਸੇ ਵੀ ਪਾਠਕ ਦੀ ਪੜ੍ਹਨ ਸਮਰੱਥ ਤੋਂ ਵਡੇਰੀ ਹੈ। ਫਿਰ ਵੀ ਜੋ ਰਚਨਾਵਾਂ ਪੜ੍ਹ ਸਕਣੀਆਂ ਸੰਭਵ ਹੋ ਸਕਦੀਆਂ ਉਨ੍ਹਾਂ ਵਿਚੋਂ ਵੀ ਬਹੁਤੀਆਂ ਸਾਧਾਰਣ ਜਾਂ ਇਸ ਤੋਂ ਵੀ ਹੇਠਲੇ ਪੱਧਰ ਦੀਆਂ ਹੀ ਹੁੰਦੀਆਂ। ਬਹੁਤ ਘੱਟ ਰਚਨਾਵਾਂ ਅਜੇਹੀਆਂ ਨਜ਼ਰ ਆਉਂਦੀਆਂ ਹਨ ਜੋ ਆਪਣੀ ਵੱਖਰੀ ਪਛਾਣ ਬਣਾਉਣ ਵਿਚ ਸਫਲ ਹੁੰਦੀਆਂ ਹਨ। ਸਾਧਾਰਣ ਤੋਂ ਸਾਡਾ ਭਾਵ ਕਿਸੇ ਲੇਖਕ ਜਾਂ ਰਚਨਾ ਨੂੰ ਨੀਵਾਂ ਵਿਖਾਉਣਾ ਨਹੀਂ ਸਗੋਂ ਇਹ ਕਹਿਣਾ ਹੈ ਕਿ ਬਹੁਤੀਆਂ ਰਚਨਾਵਾਂ ਸਮਕਾਲੀ ਸਾਹਿਤਕ ਦ੍ਰਿਸ਼ ਜਾਂ ਪਰੰਪਰਾ ਵਿਚ ਕੁਝ ਨਵਾਂ ਨਹੀਂ ਜੋੜਦੀਆਂ ਸਿਰਫ਼ ਗਿਣਤੀ ਵਿਚ ਵਾਧਾ ਕਰਦੀਆਂ ਹਨ। ਇਸ ਕਰਕੇ ਸਮਕਾਲੀ ਸਾਹਿਤਕ ਦ੍ਰਿਸ਼ ਨੂੰ ਸਮਝ ਸਕਣਾ ਤੇ ਬਿਆਨ ਕਰ ਸਕਣਾ ਆਸਾਨ ਨਹੀਂ ਹੁੰਦਾ।

ਇਸ ਵਾਰ ਦੇ ਇਸ ਕਾਲਮ ਵਿਚ ਹੇਠ ਲਿਖੀਆਂ ਪੁਸਤਕਾਂ ਸ਼ਾਮਲ ਹਨ:

1. ਬਲਵੰਤ ਸਿੰਘ ਸੰਧੂ, ਗੋਲਡਨ ਪੰਚ (ਨਾਵਲ) ਚੇਤਨਾ ਪ੍ਰਕਾਸ਼ਨ, ਲੁਧਿਆਣਾ, 2022
2. ਹਰਨਾਮ ਸਿੰਘ ਹਰਲਾਜ, ਰਿਸ਼ਮਾਂ ਦੀ ਰਿਮ-ਝਿਮ (ਨਾਵਲ) ਚੇਤਨਾ ਪ੍ਰਕਾਸ਼ਨ, ਲੁਧਿਆਣਾ, 2022
3. ਪ੍ਰੇਮ ਮਾਨ, ਅੰਦਰੇਟੇ ਦਾ ਜੋਗੀ (ਵਾਰਤਕ), ਗਰੇਸ਼ੀਅਸ ਬੁਕਸ਼ਾਪ ਪਟਿਆਲਾ, 2020
4. ਅਵਤਾਰ ਸਿੰਘ ਓਠੀ, ਖ਼ਾਲਸ (ਕਹਾਣੀ-ਸੰਗ੍ਰਹਿ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2022
5. ਨਿਰੰਜਣ ਬੋਹਾ, ਤੀਸਰੀ ਖਿੜਕੀ (ਕਹਾਣੀ-ਸੰਗ੍ਰਹਿ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2022
6. ਅਮਰਜੀਤ ਪੰਨੂ, ਸੁੱਚਾ ਗੁਲਾਬ (ਕਹਾਣੀ-ਸੰਗ੍ਰਹਿ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2022
7. ਵਿਸ਼ਵ ਜੋਤੀ ਧੀਰ, ਮੈਂ ਇਕ ਕਥਾ (ਕਹਾਣੀ-ਸੰਗ੍ਰਹਿ), ਸਪਰੈੱਡ ਪਬਲੀਕੇਸ਼ਨ, ਪਟਿਆਲਾ, 2022

'ਗੋਲਡਨ ਪੰਚ' ਪ੍ਰਸਿੱਧ ਮੁੱਕੇਬਾਜ਼ ਕੌਰ ਸਿੰਘ ਦੇ ਜੀਵਨ ਤੇ ਆਧਾਰਿਤ ਨਾਵਲ ਹੈ। ਲੇਖਕ ਦਾ ਮਕਸਦ ਸਾਫ ਹੈ ਕਿ ਉਸ ਨੇ ਕੌਰ ਸਿੰਘ ਦੇ ਸਾਧਾਰਣ ਕਿਸਾਨੀ ਦੇ ਘਰ ਜਨਮ ਤੋਂ ਲੈ ਕੇ ਪ੍ਰਸਿੱਧੀ ਦੇ ਸਿਖਰ ਤੱਕ ਪਹੁੰਚਣ ਦੇ ਸਫਰ ਦੌਰਾਨ ਆਈਆਂ ਮੁਸ਼ਕਲਾਂ ਤੇ ਉਸਦੀ ਘਾਲਣਾ ਨੂੰ ਪਾਠਕਾਂ ਸਾਹਮਣੇ ਪੇਸ਼ ਕਰਨਾ ਹੈ। ਆਪਣੀ ਇਸ ਪੇਸ਼ਕਾਰੀ ਲਈ ਉਸਨੇ ਨਾਵਲ ਦੀ ਵਿਧਾ ਨੂੰ ਮਾਧਿਅਮ ਬਣਾਇਆ ਹੈ। ਇਸ ਲਈ ਨਾਵਲ ਲਿਖਣਾ ਉਸਦੀ ਦੂਜੈਲੀ ਪਹਿਲ ਹੈ। ਅਸਲ ਮਕਸਦ ਕੌਰ ਸਿੰਘ ਦੇ ਜੀਵਨ ਸਮਾਚਾਰਾਂ ਨੂੰ ਪੇਸ਼ ਕਰਨਾ ਹੈ। ਇਸ ਲਈ ਇਸ ਲਿਖਤ ਨੂੰ ਨਾਵਲੀ ਵਿਧਾ ਦੇ ਮਿਆਰਾਂ ਅਨੁਸਾਰ ਪਰਖਣਾ ਤਰਕ-ਸੰਗਤ ਨਹੀਂ ਹੋਵੇਗਾ। ਇਸਦੇ ਬਾਵਜੂਦ ਇਹ ਰਚਨਾ ਆਪਣੀ ਪੜ੍ਹਨ-ਯੋਗਤਾ ਕਰਕੇ ਪਾਠਕ ਦਾ ਧਿਆਨ ਖਿੱਚ

ਸਕਣ ਦੇ ਸਮਰੱਥ ਹੈ। ਕੌਰ ਸਿੰਘ ਦੇ ਜੀਵਨ ਵੇਰਵਿਆਂ ਦੇ ਨਾਲ-ਨਾਲ ਇਹ ਰਚਨਾ ਮੁੱਕੇਬਾਜ਼ੀ ਤੇ ਖੇਡਾਂ ਦੇ ਇਤਿਹਾਸ ਦੇ ਨਾਲ-ਨਾਲ ਹਿੰਦੁਸਤਾਨ ਦੇ ਉਸ ਆਰਥਿਕ-ਸਮਾਜਕ, ਰਾਜਨੀਤਿਕ ਤੇ ਪ੍ਰਸ਼ਾਸਨਿਕ ਪ੍ਰਬੰਧ ਦੀਆਂ ਅਹੁਰਾਂ ਵੱਲ ਵੀ ਧਿਆਨ ਦਿਵਾਉਂਦੀ ਹੈ ਜਿਨ੍ਹਾਂ ਕਰਕੇ ਕੌਰ ਸਿੰਘ ਜਾਂ ਉਸ ਵਰਗੇ ਯੋਗ ਖਿਡਾਰੀ ਯੋਗਤਾ ਦੇ ਬਾਵਜੂਦ ਸਿਖਰਲੀਆਂ ਪ੍ਰਾਪਤੀਆਂ ਕਰਨ ਤੋਂ ਖੁੰਝ ਜਾਂਦੇ ਹਨ। ਅਸਲ ਵਿਚ ਇਹ ਰਚਨਾ ਨਾ ਤਾਂ ਨਾਵਲ ਹੈ ਤੇ ਨਾ ਹੀ ਕੌਰ ਸਿੰਘ ਦੀ ਜੀਵਨੀ, ਸਗੋਂ ਉਸਦੀ ਜੀਵਨੀ ਦਾ ਗਾਲਪਨਿਕ ਰੂਪ ਜ਼ਰੂਰ ਕਿਹਾ ਜਾ ਸਕਦਾ ਹੈ ਤੇ ਨਵੀਂ ਪੀੜ੍ਹੀ ਲਈ 'ਇਕ' ਪੜ੍ਹਨਯੋਗ ਰਚਨਾ ਹੈ।

'ਰਿਸ਼ਮਾਂ ਦੀ ਰਿਮ ਝਿਮ' ਹਰਨਾਮ ਸਿੰਘ ਹਰਲਾਜ ਦੀ ਪਲੇਠੀ ਰਚਨਾ ਹੈ। ਆਮ ਤੌਰ 'ਤੇ ਕੋਈ ਵੀ ਲੇਖਕ ਉਮਰ ਦੇ ਜਵਾਨੀ ਵਾਲੇ ਪੜਾਅ ਵਿਚ ਸਿਰਜਣਾ ਵਾਲੇ ਪਾਸੇ ਆਉਂਦਾ ਹੈ। ਪਰ ਇਸ ਸਥਾਪਤ ਧਾਰਨਾ ਦੇ ਉਲਟ ਇਸ ਪੁਸਤਕ ਦਾ ਲੇਖਕ ਉਮਰ ਦੇ ਅੱਠਵੇਂ ਦਹਾਕੇ ਵਿਚ ਸਾਹਿਤ ਸਿਰਜਣਾ ਵੱਲ ਰੁਚਿਤ ਹੋਇਆ ਹੈ ਅਤੇ ਉਹ ਇਹ ਵੱਡ-ਅਕਾਰੀ ਨਾਵਲ ਲੈ ਕੇ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਹਾਜ਼ਰੀ ਲਵਾਉਂਦਾ ਹੈ। ਨਾਵਲ 1947 ਤੋਂ ਲੈ ਕੇ ਅਜੋਕੇ ਸਮੇਂ ਤੱਕ ਦੇ ਸਮਾਜ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ। ਪਿਛਲੇ ਸੱਤ ਦਹਾਕਿਆਂ ਦਾ ਸਮਾਂ ਆਰਥਿਕ-ਸਮਾਜਕ ਤੇ ਰਾਜਨੀਤਿਕ ਤੌਰ 'ਤੇ ਬਹੁਤ ਹੀ ਤਬਦੀਲੀਆਂ ਭਰਪੂਰ ਰਿਹਾ ਹੈ ਤੇ ਪਿਛਲੇ ਦੋ-ਤਿੰਨ ਦਹਾਕਿਆਂ ਵਿਚ ਤਬਦੀਲੀਆਂ ਦੀ ਰਫ਼ਤਾਰ ਇਤਨੀ ਤੇਜ਼ ਹੈ ਕਿ ਉਹ ਮਨੁੱਖੀ ਸਮਝ ਦਾ ਹਿੱਸਾ ਬਣਨ ਤੋਂ ਪਹਿਲਾਂ ਹੀ ਸਮਾਜਕ ਦ੍ਰਿਸ਼ ਤੋਂ ਲਾਂਭੇ ਹੋ ਕੇ ਗ਼ੈਰ-ਪ੍ਰਸੰਗਿਕ ਵੀ ਹੋ ਚੁੱਕੀਆਂ ਹੁੰਦੀਆਂ ਹਨ। ਇਹ ਨਾਵਲ ਇਨ੍ਹਾਂ ਸਾਰੀਆਂ ਤਬਦੀਲੀਆਂ ਨੂੰ ਤਾਂ ਪੇਸ਼ ਨਹੀਂ ਕਰਦਾ ਪਰ ਫਿਰ ਵੀ ਕੁਝ ਇਕ ਤਬਦੀਲੀਆਂ ਇਸ ਪਾਠ ਦਾ ਹਿੱਸਾ ਜ਼ਰੂਰ ਬਣਦੀਆਂ ਹਨ। ਦੇਸ਼ ਵੰਡ ਤੋਂ ਬਾਅਦ ਉਜੜ ਕੇ ਆਏ ਲੋਕਾਂ ਨੂੰ ਆਪਣੇ ਪੈਰ ਜਮਾਉਣ ਲਈ ਬਹੁਤ ਕਰੜਾ ਸੰਘਰਸ਼ ਕਰਨਾ ਪੈਂਦਾ ਹੈ। ਫਿਰ ਨਵੇਂ ਭਾਰਤ ਦੀ ਉਸਾਰੀ, ਵਿਦਿਅਕ ਸੰਸਥਾਵਾਂ, ਨਵੇਂ ਧੰਦੇ, ਰਾਜਨੀਤਿਕ ਲਹਿਰਾਂ ਦਾ ਜ਼ਿਕਰ ਵੀ ਨਾਵਲ ਵਿਚ ਮਿਲਦਾ ਹੈ। ਜਾਤ-ਪਾਤ ਦੀ ਵਿਵਸਥਾ ਨੂੰ ਧੀਰਜ ਤੇ ਸੁਰਸੱਤੀ ਦੇ ਆਪਸੀ ਸੰਬੰਧਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਪਰ ਇਹ ਮਸਲਾ ਨਾਵਲ ਵਿਚ ਜਿਸ ਸਹਿਜਤਾ ਨਾਲ ਹੱਲ ਕੀਤਾ ਗਿਆ ਹੈ, ਉਸ ਕਾਰਣ ਸਮੁੱਚੀ ਜਾਤ-ਪਾਤ ਦੀ ਵਿਵਸਥਾ ਨਾਵਲੀ ਪਾਠ ਤੇ ਪਾਠਕ ਦੀ ਸੂਝ ਦਾ ਹਿੱਸਾ ਨਹੀਂ ਬਣਦੀ। ਇਥੇ ਇਹ ਵੀ ਮਸਲਾ ਉਭਰਦਾ ਹੈ ਕਿ ਕਿਸ ਤਰ੍ਹਾਂ ਲੇਖਕ ਸਮਾਜਕ-ਆਰਥਿਕ ਮਸਲਿਆਂ ਨੂੰ ਆਪਣੀ ਰਚਨਾ ਦਾ ਵਿਸ਼ਾ ਬਣਾ ਕੇ ਵੀ ਕਿਸੇ ਰਚਨਾ-ਦ੍ਰਿਸ਼ਟੀ ਦੀ ਅਣਹੋਂਦ ਕਾਰਣ ਵਧੀਆ ਕਿਰਤ ਸਿਰਜ ਸਕਣ ਤੋਂ ਅਸਮਰਥ ਕਹਿੰਦਾ ਹੈ। ਇਹ ਰਚਨਾ ਅਜੇਹੀ ਹੀ ਰਚਨਾ ਦੀ ਮਿਸਾਲ ਹੈ।

ਪ੍ਰੇਮ ਮਾਨ ਦੀ ਪੁਸਤਕ 'ਅੰਦਰੇਟੇ ਦਾ ਜੋਗੀ' ਵਾਰਤਕ ਪੁਸਤਕ ਹੈ। ਜਿਸ ਵਿਚ ਵੱਖ-ਵੱਖ ਵਿਅਕਤੀਆਂ ਦੇ ਸ਼ਬਦ-ਚਿਤਰ ਦਰਜ ਹਨ, ਸ਼ਬਦ ਚਿਤਰ ਜੋ ਪੰਜਾਬੀ ਵਿਚ ਵਧੇਰੇ ਕਰਕੇ ਰੇਖਾ-ਚਿਤਰ ਦੇ ਨਾਂ ਨਾਲ ਜਾਣੇ ਜਾਂਦੇ ਹਨ, ਦੀ ਪੰਜਾਬੀ ਸਾਹਿਤ ਵਿਚ ਇਕ ਭਰਪੂਰ ਤੇ ਲੰਮੀ ਪਰੰਪਰਾ ਹੈ, ਜਿਸਦਾ ਪ੍ਰਮਾਣਿਕ ਸਿਖਰ ਅੱਜ ਵੀ ਬਲਵੰਤ ਗਾਰਗੀ ਦੀਆਂ ਲਿਖਤਾਂ ਹਨ। 'ਅੰਦਰੇਟੇ ਦਾ ਜੋਗੀ' ਪੁਸਤਕ ਵਿਚ ਲੇਖਕ ਨੇ ਉਨ੍ਹਾਂ ਵਿਅਕਤੀਆਂ ਦੇ ਸ਼ਬਦ-ਚਿੱਤਰ ਉਲੀਕੇ ਹਨ ਜੋ ਉਸਦੀ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਵਿਚ ਉਸਨੂੰ ਮਿਲੇ। ਪ੍ਰੇਮ ਮਾਨ ਮੂਲ ਰੂਪ ਵਿਚ ਕਹਾਣੀਕਾਰ ਹੈ, ਇਸ ਕਰਕੇ ਇਸ ਪੁਸਤਕ ਵਿਚ ਵੀ ਕਹਾਣੀ-ਰਸ ਵਾਂਗ ਪੜ੍ਹਨ ਯੋਗਤਾ ਪਹਿਲੇ ਸ਼ਬਦ-ਚਿਤਰ ਤੋਂ ਲੈ ਕੇ ਅੰਤਲੇ ਸ਼ਬਦ-ਚਿਤਰ ਤੱਕ ਕਾਇਮ ਰਹਿੰਦੀ ਹੈ। ਹੱਥਲੀ ਪੁਸਤਕ ਵਿਚ ਜਿਨ੍ਹਾਂ ਸ਼ਖ਼ਸੀਅਤਾ ਦੇ ਬਾਰੇ ਲਿਖਿਆ ਗਿਆ ਹੈ। ਉਹ ਆਪਣੇ

ਆਪਣੇ ਖੇਤਰ ਦੇ ਸਥਾਪਿਤ ਵਿਅਕਤੀ ਹਨ। ਪਹਿਲਾਂ ਸ਼ਬਦ-ਚਿਤਰ ਪ੍ਰਸਿੱਧ ਚਿਤਰਕਾਰ ਸੋਭਾ ਸਿੰਘ ਦਾ ਹੈ, ਜਿਸ ਦੇ ਨਾਮ ’ਤੇ ਪੁਸਤਕ ਦਾ ਨਾਮਕਰਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅਮਰੀਕ ਗਿੱਲ, ਬਲਬੀਰ ਮੋਮੀ, ਹਰਕੀਰਤ ਕੌਰ ਚਾਹਲ, ਗੁਰਬਖਸ਼ ਭੰਡਾਲ, ਡਾ. ਜਗਤਾਰ, ਪ੍ਰੇਮ ਪ੍ਰਕਾਸ਼, ਚਰਨ ਸਿੰਘ ਸਫਰੀ, ਅਜੈ ਤਨਵੀਰ ਤੇ ਕੁਝ ਇਕ ਹੋਰ ਵਿਅਕਤੀ ਦੇ ਸ਼ਬਦ ਚਿਤਰ ਵੀ ਇਸ ਪੁਸਤਕ ਵਿਚ ਸ਼ਾਮਲ ਤੇ ਅੰਤ ਵਿਚ ਪੰਜਾਬੀ ਸਾਹਿਤ ਜਗਤ ਨਾਲ ਜੁੜੀਆਂ ਕੁਝ ਯਾਦਾਂ ਵੀ ਹਨ। ਸਮੁੱਚੀ ਕਿਤਾਬ ਵਿਚ ਰੌਚਿਕਤਾ ਤੇ ਪੜ੍ਹਨ ਯੋਗਤਾ ਹੈ। ਇਸ ਪੁਸਤਕ ਵਿਚ ਕੁਝ ਇਕ ਐਸੇ ਵੀ ਸ਼ਬਦ-ਚਿਤਰ ਹਨ ਜੋ ਸ਼ਬਦ ਚਿਤਰ ਘੱਟ ਤੇ ਉਸ ਵਿਅਕਤੀ ਬਾਰੇ ਜਾਣ-ਪਛਾਣ ਤੱਕ ਸੀਮਤ ਹਨ। ਲੇਖਕ ਨੇ ਖੁਦ ਵੀ ਪੁਸਤਕ ਦੀ ਭੂਮਿਕਾ ਵਿਚ ਇਸ ਨੂੰ ਦਰਜ ਵੀ ਕੀਤਾ ਹੈ। ਸਮੁੱਚੇ ਰੂਪ ਵਿਚ ਇਹ ਇਕ ਪੜ੍ਹਨਯੋਗ ਪੁਸਤਕ ਹੈ।

ਅਵਤਾਰ ਸਿੰਘ ਓਠੀ ਦੀ ਕਹਾਣੀਆਂ ਦੀ ਪੁਸਤਕ ‘ਖ਼ਾਲਸ’ ਉਸਦੀ ਦੂਸਰੀ ਪੁਸਤਕ ਹੈ ਜੋ ਤਕਰੀਬਨ ਦੋ ਦਹਾਕਿਆਂ ਦੇ ਵਕਫ਼ੇ ਬਾਅਦ ਛਪੀ ਹੈ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਲੇਖਕ ਬਹੁਤ ਹੀ ਸਹਿਜ ਨਾਲ ਲਿਖਣ ਵਾਲਾ ਕਹਾਣੀਕਾਰ ਹੈ। ਇਸ ਪੁਸਤਕ ਵਿਚ ਕੁੱਲ ਅੱਠ ਕਹਾਣੀਆਂ ਹਨ। ਪੁਸਤਕ ਪੜ੍ਹਕੇ ਜੋ ਪਹਿਲਾ ਪ੍ਰਭਾਵ ਪਾਠਕ ਦੇ ਮਨ-ਮਸਤਕ ’ਤੇ ਪੈਂਦਾ ਹੈ ਕਿ ਉਸਦੀਆਂ ਕਹਾਣੀਆਂ ਦੇ ਵਿਸ਼ਿਆਂ ਵਿਚ ਦੁਹਰਾਓ ਨਹੀਂ ਤੇ ਉਸ ਕੋਲ ਗੁੰਝਲਦਾਰ ਤੇ ਵਿਵਾਦ ਵਾਲੇ ਵਿਸ਼ਿਆਂ ਨੂੰ ਵੀ ਬਹੁਤ ਹੀ ਸਹਿਜਤਾ ਨਾਲ ਗ਼ਲਪ ਵਿਚ ਢਾਲ ਸਕਣ ਦਾ ਹੁਨਰ ਮੌਜੂਦ ਹੈ। ਇਸ ਪੁਸਤਕ ਦੀ ਪਹਿਲੀ ਕਹਾਣੀ ‘ਆਪਣਾ ਹਿੱਸਾ’ ਇਸ ਦੀ ਉਘੜਵੀਂ ਮਿਸਾਲ ਹੈ। ਇਹ ਕਹਾਣੀ, ਧਰਮ, ਜਾਤ ਤੇ ਆਰਥਿਕਤਾ ਨਾਲ ਜੁੜੇ ਮਸਲਿਆਂ ਬਹੁਤ ਹੀ ਸੰਤੁਲਿਤ ਢੰਗ ਨਾਲ ਪੇਸ਼ ਕਰਕੇ ਲੇਖਕ ਦੀ ਰਚਨਾ-ਦ੍ਰਿਸ਼ਟੀ ਨੂੰ ਪੇਸ਼ ਕਰਦੀ ਹੈ। ‘ਇਹ ਤਾਂ ਉਹੀ ਸੀ’ ਖੱਬੇ ਪੱਖੀ ਲਹਿਰ ਦੀ ਚੜ੍ਹਤ ਤੋਂ ਲੈ ਕੇ ਨਿਘਾਰ ਤੱਕ ਦੇ ਸਮੇਂ ਨੂੰ ਪਾਤਰ ਵਿਚਲੀਆਂ ਤਬਦੀਲੀਆਂ ਰਾਹੀਂ ਪੇਸ਼ ਕਰਦੀ ਹੈ ਕਿ ਕਿਸ ਤਰ੍ਹਾਂ ਆਦਰਸ਼ਾਂ ਦੇ ਮਰ-ਮੁੱਕ ਜਾਣ ਨਾਲ ਆਦਰਸ਼ਕ ਵਿਅਕਤੀ ਵੀ ਆਪਣੇ ਆਦਰਸ਼ਾਂ ਤੋਂ ਮੂਧੇ ਮੂੰਹ ਡਿੱਗ ਪੈਂਦੇ ਹਨ। ‘ਖ਼ਾਲਸ’ ਜਾਤ-ਪਾਤ ਦੇ ਅਭਿਮਾਨ ਵਿਚ ਫਸੀਆ ਹੇਠਲੀਆਂ ਜਾਤਾਂ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ। ‘ਖੇਤਰਪਾਲ’ ਡੇਰਾ ਸਭਿਆਚਾਰ, ‘ਮੋਹ’ ਕਿਸਾਨੀ ਦੇ ਵਿਦੇਸ਼ ਜਾਣ ਦੀ ਲਾਲਸਾ ਦੇ ਦੁਖਾਂਤ ਨੂੰ ਪੇਸ਼ ਕਰਦੀ ਹੈ। ‘ਨਿਉਦਾ’, ‘ਪੱਲਾ’, ‘ਸੱਤ ਪਹਿਰ’ ਕਹਾਣੀਆਂ ਵੀ ਮਾਨਵੀ ਰਿਸ਼ਤਿਆਂ ਦੇ ਵੱਖ-ਵੱਖ ਪੱਖ ਨੂੰ ਪੇਸ਼ ਕਰਦੀਆਂ ਹਨ। ਇਹ ਪੁਸਤਕ ਪੰਜਾਬੀ ਕਹਾਣੀ ਦੇ ਚੰਗੇਰੇ ਭਵਿੱਖ ਦੀ ਜ਼ਾਮਨੀ ਭਰਦੀ ਪੁਸਤਕ ਹੈ।

ਨਿਰੰਜਨ ਬੋਹਾ ਤਕਰੀਬਨ ਦੋ ਦਹਾਕਿਆਂ ਤੋਂ ਕਹਾਣੀ ਅਤੇ ਆਲੋਚਨਾ ਦੇ ਖੇਤਰ ਵਿਚ ਸਰਗਰਮੀ ਨਾਲ ਕੰਮ ਕਰ ਰਿਹਾ ਹੈ। ਪਰ ਪੰਜਾਬੀ ਕਹਾਣੀ ਵਿਚ ਉਸਦਾ ਜ਼ਿਕਰ ਉਸਦੀਆਂ ਪ੍ਰਾਪਤੀਆਂ ਦੇ ਹਾਣ ਦਾ ਨਹੀਂ। ਮੈਂ ਵੀ ਉਸਦੀਆਂ ਕਹਾਣੀਆਂ ਪਹਿਲੀ ਵਾਰ ਪੜ੍ਹੀਆਂ ਹਨ। ‘ਤੀਸਰੀ ਖਿੜਕੀ’ ਦੀਆਂ ਕਹਾਣੀਆਂ ਪੜ੍ਹਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਇਹ ਪੁਸਤਕ ਅਜੋਕੀ ਪੰਜਾਬੀ ਕਹਾਣੀ ਦੀ ਪ੍ਰਤਿਨਿਧਤਾ ਕਰ ਸਕਣ ਦੇ ਯੋਗ ਹੈ। ਇਸ ਪੁਸਤਕ ਵਿਚ ਬਾਰਾਂ ਕਹਾਣੀਆਂ ਸ਼ਾਮਲ ਹਨ। ਇਸ ਪੁਸਤਕ ਦੀਆਂ ਮੁੱਢਲੀਆਂ ਕਹਾਣੀਆਂ ਦੂਸਰੇ ਵਿਆਹ ਤੇ ਪਰਿਵਾਰਕ ਕਲੇਸ਼ ਨਾਲ ਸੰਬੰਧਿਤ ਹਨ। ‘ਇਸ ਤਰ੍ਹਾਂ ਹੀ ਹੋਵੇਗਾ’ ਹੁਣ ਖੱਬੇ ਪੱਖੀ ਲਹਿਰ ਨਾਲ ਜੁੜੇ ਇਕ ਸਾਧਰਣ ਵਰਕਰ ਦੀ ਕਹਾਣੀ ਹੈ ਕਿ ਕਿਸ ਤਰ੍ਹਾਂ ਲਹਿਰ ਦੇ ਪਤਨ ਨਾਲ ਉਹ ਨਾਇਕਤਵ ਦੇ ਦਰਜੇ ਤੋਂ ਖਿਸਕ ਕੇ ਘਰਦਿਆਂ ਲਈ ਵੀ ਬੋਝ ਬਣ ਜਾਂਦਾ ਹੈ। ‘ਇਕ ਦਾਅ ਹੋਰ’, ‘ਹੋਰ ਵੰਡ ਨਹੀਂ’ ਸਮਾਜਕ ਜੀਵਨ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ ਨੂੰ

ਪੇਸ਼ ਕਰਦੀਆਂ ਹਨ। ਕੁਝ ਕਹਾਣੀਆਂ ਵਿਚ ਵਿਅੰਗ ਦੀ ਸੁਰ-ਪ੍ਰਧਾਨ ਹੈ। 'ਤੀਸਰੀ ਖਿੜਕੀ', 'ਤੂੰ ਇੰਜ ਨਾ ਕਰੀਂ' ਔਰਤ ਕੇਂਦ੍ਰਿਤ ਕਹਾਣੀਆਂ ਹਨ। ਸਮੁੱਚੇ ਰੂਪ ਵਿਚ ਇਹ ਪੁਸਤਕ ਵਿਭਿੰਨ ਵਿਸ਼ਿਆਂ ਨੂੰ ਪੇਸ਼ ਕਰਦੀ ਹੋਈ ਪੰਜਾਬੀ ਕਹਾਣੀ ਨੂੰ ਸਮਰਿਧ ਬਣਾਉਂਦੀ ਹੈ।

ਵਿਸ਼ਵਜੋਤੀ ਧੀਰ ਦੀ ਕਹਾਣੀਆਂ ਦੀ ਪੁਸਤਕ 'ਮੈਂ ਇਕ ਕਥਾ' ਵਿਚ ਉਸਦੀਆਂ ਚਾਰ ਕਹਾਣੀਆਂ ਸ਼ਾਮਲ ਹਨ, ਜਿਵੇਂ ਕਿ ਕਿਤਾਬ ਦੇ ਨਾਂ ਤੋਂ ਹੀ ਸਪੱਸ਼ਟ ਹੈ ਕਿ ਇਨ੍ਹਾਂ ਕਹਾਣੀਆਂ ਦੇ ਕੇਂਦਰ ਵਿਚ ਔਰਤ ਹੈ, ਉਹ ਔਰਤ ਜੋ ਆਪਣੀ ਆਜ਼ਾਦ ਹਸਤੀ ਰੱਖਦੀ ਹੋਈ ਵੀ ਆਜ਼ਾਦ ਨਹੀਂ ਤੇ ਆਪਣੀ ਹੋਂਦ ਸਿੱਧ ਕਰਨ ਲਈ ਉਸਨੂੰ ਲਗਾਤਾਰ ਸੰਘਰਸ਼ ਕਰਨਾ ਪੈ ਰਿਹਾ ਹੈ। ਪਰ ਮਰਦ ਪ੍ਰਧਾਨ ਸਮਾਜ ਉਸ ਨੂੰ ਉਸਦੀ ਬਣਦੀ ਸਪੇਸ ਦੇਣ ਲਈ ਤਿਆਰ ਨਹੀਂ ਕਦੀ ਧੌਂਸ ਨਾਲ, ਕਦੀ ਖ਼ਾਨਦਾਨ ਦੀ ਇੱਜ਼ਤ ਦੇ ਵਾਸਤੇ ਨਾਲ ਉਸ ਨੂੰ ਚੁੱਪ ਕਰਾ ਦਿੱਤਾ ਜਾਂਦਾ ਹੈ। ਪਰ ਅਜੋਕੀ ਔਰਤ ਚਾਹੇ 'ਰਿਲੇਅ ਰੇਸ' ਦੀ ਕੇਂਦਰੀ ਪਾਤਰ ਕੋਮਲ ਹੋਵੇ ਜਾਂ 'ਮੈਨਗਰੂਵ' ਦੀ ਸੰਧਿਆ ਉਨ੍ਹਾਂ ਨੂੰ ਅਜੇਹੀ ਘੁੱਟ ਘੁੱਟ ਕੇ ਜੀਣ ਵਾਲੀ ਜ਼ਿੰਦਗੀ ਮਨਜ਼ੂਰ ਨਹੀਂ ਤੇ ਉਹ ਆਪਣੀ ਮਰਜ਼ੀ ਦੀ ਜ਼ਿੰਦਗੀ ਜੀਣ ਲਈ ਘਰ ਦੀ ਦਹਿਲੀਜ਼ ਨੂੰ ਪਾਰ ਕਰਦੀਆਂ ਹਨ। 'ਮੈਨਗਰੂਵ' ਵਿਚ ਮਰਦ ਦੀ ਮਾਨਸਿਕਤਾ ਵੀ ਵਿਅੰਗ ਦਾ ਨਿਸ਼ਾਨਾ ਬਣਦੀ ਹੈ। ਸਾਹਿਤ ਵਿਚ ਵਿਅੰਗ ਐਸਾ ਹਥਿਆਰ ਹੈ ਜੋ ਰਚਨਾ ਦੇ ਅਰਥਾਂ ਨੂੰ ਨਵੇਂ ਵਿਸਥਾਰ ਦੇਂਦਾ ਹੈ। ਸੰਗ੍ਰਹਿ ਦੀਆਂ ਬਾਕੀ ਕਹਾਣੀਆਂ 'ਦਾਮਨ-ਏ-ਕੋਹ' ਤੈ 'ਅਨੰਤ ਕਥਾ' ਵੀ ਔਰਤ ਦੇ ਵਿਭਿੰਨ ਸਰੋਕਾਰਾਂ ਨਾਲ ਸੰਬੰਧਿਤ ਕਹਾਣੀਆਂ ਹਨ। ਸਮੁੱਚੇ ਰੂਪ ਵਿਚ ਇਹ ਪੁਸਤਕ ਔਰਤ ਨੂੰ ਕੇਂਦਰ ਵਿਚ ਰੱਖ ਕੇ ਲਿਖੀ ਗਈ ਹੈ ਤੇ ਇਹੀ ਇਸ ਪੁਸਤਕ ਦੀ ਜ਼ਿਕਰਯੋਗ ਪ੍ਰਾਪਤੀ ਹੈ।

ਅਮਰਜੀਤ ਪੰਨੂ ਪਰਵਾਸੀ ਲੇਖਿਕਾ ਹੈ। 'ਸੁੱਚਾ ਗੁਲਾਬ' ਉਸਦੀ ਦੂਸਰੀ ਪੁਸਤਕ ਹੈ ਉਹ ਪੰਜਾਬੀ ਤੇ ਅੰਗਰੇਜ਼ੀ ਦੋਹਾਂ ਜ਼ਬਾਨਾਂ ਵਿਚ ਲਿਖਦੀ ਹੈ। ਪੰਨੂ ਦੀਆਂ ਕਹਾਣੀਆਂ ਦੇ ਅਧਿਐਨ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਉਹ ਚਾਹੇ ਕਿਸੇ ਵੀ ਵਿਸ਼ੇ ਬਾਰੇ ਕਹਾਣੀ ਲਿਖੇ, ਮਾਨਵੀ ਸਰੋਕਾਰ ਹਮੇਸ਼ਾ ਕਹਾਣੀ ਦੀ ਕੇਂਦਰੀ ਧੁਨੀ ਦੇ ਰੂਪ ਵਿਚ ਨਜ਼ਰ ਆਉਂਦੇ ਹਨ, ਉਸਦਾ ਮਨੁੱਖਤਾ ਵਿਚ ਵਿਸ਼ਵਾਸ ਅਡਿੱਗ ਹੈ। ਮੂਲ ਰੂਪ ਵਿਚ ਇਕ ਵਿਗਿਆਨਕ ਹੋਣ ਕਰਕੇ ਉਸਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਵਿਗਿਆਨ ਨਾਲ ਜੁੜੇ ਵਿਸ਼ੇ ਪੇਸ਼ ਹੋਏ ਹਨ। ਵਿਗਿਆਨਕ ਗਲਪ ਦੀ ਪੰਜਾਬੀ ਵਿਚ ਹੋਂਦ ਨਾਂ ਦੇ ਬਰਾਬਰ ਹੈ ਤੇ ਅਮਰਜੀਤ ਪੰਨੂ ਦੀ ਪੰਜਾਬੀ ਕਹਾਣੀ ਵਿਚ ਆਮਦ ਨਾਲ ਵਿਗਿਆਨਕ ਗਲਪ ਬਾਰੇ ਉਸ ਤੋਂ ਚੰਗੀਆਂ ਕਹਾਣੀਆਂ ਦੀ ਆਸ ਕੀਤੀ ਜਾ ਸਕਦੀ ਹੈ। ਭਾਵੇਂ ਉਸ ਦੀਆਂ ਕਹਾਣੀਆਂ ਵਿਗਿਆਨ ਵਿਸ਼ਿਆਂ ਨਾਲ ਸੰਬੰਧਿਤ ਹੋਣ, ਪਰ ਇਨ੍ਹਾਂ ਵਿਚੋਂ ਵੀ ਮਨੁੱਖੀ ਸੰਵੇਦਨਾ ਗਾਇਬ ਨਹੀਂ ਹੁੰਦੀ। 'ਸੁੱਚਾ ਗੁਲਾਬ', 'ਤੇਰ੍ਹਵੀ ਸੰਤਾਨ' ਉਸਦੀਆਂ ਵਿਗਿਆਨਕ ਵਿਸ਼ਿਆਂ ਨਾਲ ਸੰਬੰਧਿਤ ਕਹਾਣੀਆਂ ਹਨ। 'ਵੰਡਰ ਵੁਮੈਨ ਮਾਂ ਧੀ ਦੇ ਆਪਸੀ ਰਿਸ਼ਤਿਆਂ ਨੂੰ ਪੇਸ਼ ਕਰਦੀ ਹੈ। 'ਲੰਗੜੇ ਕਤੂਰੇ' ਧਰਮ ਦੇ ਕਰੂਪ ਚਿਹਰੇ ਨੂੰ ਨੰਗਿਆ ਕਰਦੀ ਹੈ, ਉਸ ਦੀਆਂ ਕਹਾਣੀਆਂ ਦੀ ਪੜ੍ਹਤ ਤੋਂ ਬਾਅਦ ਇਹ ਗੱਲ ਨਿਸਚੇ ਹੀ ਕਹੀ ਜਾ ਸਕਦੀ ਹੈ ਕਿ ਉਸ ਦੇ ਪਾਤਰ ਜ਼ਿੰਦਗੀ ਦੇ ਸੰਘਰਸ਼ ਵਿਚ ਪਿੱਠ ਦਿਖਾਉਣ ਵਾਲੇ ਨਹੀਂ, ਸਗੋਂ ਹਰ ਹਾਲਤ ਵਿਚ ਸੰਘਰਸ਼ ਕਰਨ ਵਾਲੇ ਹਨ ਅਤੇ ਬਹੁਤੀਆਂ ਕਹਾਣੀਆਂ ਦੇ ਕੇਂਦਰ ਵਿਚ ਔਰਤ ਹੈ ਜੋ ਮੁਸ਼ਕਿਲ ਹਾਲਾਤ ਵਿਚ ਵੀ ਆਪਣਾ ਮਮਤਾਮਈ ਸਰੂਪ ਬਰਕਰਾਰ ਰੱਖਦੀ ਹੈ।

✶✶✶

## ਪਾਠਕ ਪ੍ਰਕਿਰਿਆ

ਸਤਿਕਾਰਤ ਡਾ. ਰਮਿੰਦਰ ਕੌਰ ਜੀ,

'ਪ੍ਰਵਚਨ' (ਅਪ੍ਰੈਲ-ਸਤੰਬਰ) ਮਿਲਿਆ। ਧੰਨਵਾਦ! 'ਪ੍ਰਵਚਨ' ਨੂੰ ਰਜਨੀਸ਼ ਬਹਾਦਰ ਦੇ ਸਵਰਗਵਾਸ ਹੋ ਜਾਣ ਤੋਂ ਬਾਅਦ ਵੀ ਜਾਰੀ ਰੱਖਣ ਦਾ ਤੁਹਾਡਾ ਫ਼ੈਸਲਾ ਸ਼ਲਾਘਾਯੋਗ ਹੈ। ਰਜਨੀਸ਼ ਨਾਲ ਮੇਰੀ ਕਦੇ ਨਹੀਂ ਬਣੀ। ਦੋਹਾਂ ਪਾਸੇ ਦੀ ਈਗੋ ਪਰ ਫਿਰ ਵੀ ਉਹ ਪ੍ਰਤਿਬੱਧ ਬੁੱਧੀਮਾਨ ਆਲੋਚਕ ਸੀ।

ਖ਼ੈਰ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਇਕ ਖੱਪਾ ਤਾਂ ਪਿਆ ਹੀ ਹੈ। ਇਸ ਖੱਪੇ ਨੂੰ 'ਪ੍ਰਵਚਨ' ਜਾਰੀ ਰੱਖਣ ਨਾਲ ਹੀ ਪੂਰਾ ਕੀਤਾ ਜਾ ਸਕਦਾ ਹੈ। ਮੈਂ ਇਸ ਪਰਚੇ ਦਾ ਅੱਖਰ, ਅੱਖਰ ਪੜ੍ਹਦਾ ਆ ਰਿਹਾ ਹਾਂ।

**ਤੁਹਾਡਾ ਹਿੱਤੂ**
**-ਤੇਜਵੰਤ ਮਾਨ**

'ਪ੍ਰਵਚਨ' ਮਿਲਿਆ। ਸ਼ੁਕਰੀਆ! ਪੜ੍ਹ ਕੇ ਵੀ ਦੁਬਾਰਾ ਪੜ੍ਹਨ ਨੂੰ ਮਨ ਕਰਦਾ ਹੈ। ਪੰਜਾਬੀ ਵਿਚ ਕਿਸੇ ਸੰਪਾਦਕ ਦਾ ਯਾਦਗਾਰੀ ਅੰਕ। ਕੁਲਵੰਤ ਸਿੰਘ ਸੰਧੂ ਨੇ ਪਹਿਲੇ ਹੀ ਅੰਕ ਵਿਚ ਕਮਾਲ ਦਾ ਕੰਮ ਕੀਤਾ ਹੈ। ਸਲਾਮ ਕਰਨੀ ਬਣਦੀ ਹੈ। ਰਸਾਲੇ ਦਾ ਭਵਿੱਖ ਸੁਰੱਖਿਅਤ ਹੱਥਾਂ ਵਿਚ ਹੈ। ਮੁਬਾਰਕਾਂ!

**ਡਾ. ਸੁਰਜੀਤ ਸਿੰਘ ਸੰਧੂ,**
**ਮੋਗਾ।**

'ਪ੍ਰਵਚਨ' ਦਾ ਨਵਾਂ ਅੰਕ ਮਿਲਿਆ। ਰਜਨੀਸ਼ ਬਹਾਦਰ ਦੇ ਤੁਰ ਜਾਣ ਦਾ ਅਸਹਿ ਦੁੱਖ ਹੈ। ਤੁਸੀਂ ਸਾਰੇ ਮਿੱਤਰਾਂ ਨੇ ਰਲਕੇ 'ਪ੍ਰਵਚਨ' ਨੂੰ ਜਾਰੀ ਰੱਖਣ ਦਾ ਸ਼ਲਾਘਾਯੋਗ ਫ਼ੈਸਲਾ ਲਿਆ ਹੈ। ਇਹ ਕੇਵਲ ਰਜਨੀਸ਼ ਬਹਾਦਰ ਦੀ ਯਾਦ ਨਾਲ ਜੁੜਿਆ ਮਸਲਾ ਨਹੀਂ, ਸਗੋਂ ਪਰਚੇ ਨੂੰ ਜਾਰੀ ਰੱਖਣਾ ਅਜੋਕੇ ਸਮਿਆਂ ਦੀ ਵਿਚਾਰਧਾਰਕ, ਅਕਾਦਮਿਕਤਾ ਵਿਚ ਵੀ ਬਹੁਤ ਜ਼ਰੂਰਤ ਹੈ। ਤੁਹਾਡੇ ਫ਼ੈਸਲੇ ਅਤੇ ਉੱਦਮ ਨੂੰ ਸਲਾਮ। ਆਸ ਕਰਦਾ ਹਾਂ ਮੈਟਰ ਅਤੇ ਦਿੱਖ ਦੀ ਪੱਧਰ 'ਤੇ ਇਹ ਸਾਹਿਤਕ ਪਰਚਿਆਂ ਲਈ ਉੱਚ-ਪੱਧਰੀ ਮਿਆਰਾਂ ਦੀ ਮਿਸਾਲ ਬਣਿਆ ਰਹੇਗਾ।

ਅਦਬ ਨਾਲ
**ਕਸ਼ਮੀਰ ਸਿੰਘ**
**ਕੈਲੇਫੋਰਨੀਆ।**